
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 22 | Issue 158| 15 Jan. to 21 Jan., 2025 | Ph.: (510) 240-5949 | Email: asrtimes@gmail.com

## ਬੰਦੀ ਸਿੰਘਾਂ ਦੀ ਰਿਹਾਈ ਲਈ ਲੰਬਾ ਸੰਘਰਸ਼ ਕਰਨ ਵਾਲੇ

# ਬਾਪੂ ਸੂਰਤ ਸਿੰਘ ਖ਼ਾਲਸਾ ਨਹੀਂ ਰਹੇ

ਬੰਦੀ ਸਿੱਖਾਂ ਲਈ ਸੰਘਰਸ਼ ਲੜਨ ਵਾਲੇ ਬਾਪੂ ਸੂਰਤ ਸਿੰਘ ਖ਼ਾਲਸਾ ਦਾ ਬੀਤੇ ਬੁੱਧਵਾਰ ਨੂੰ 91 ਸਾਲ ਦੀ ਉਮਰ ਵਿੱਚ ਅਮਰੀਕਾ 'ਚ ਦੇਹਾਂਤ ਹੋ ਗਿਆ ਹੈ। ਬਾਪੂ ਸੂਰਤ ਸਿੰਘ ਖ਼ਾਲਸਾ ਨੇ 16 ਜਨਵਰੀ, 2015 ਨੂੰ 82 ਸਾਲ ਦੀ ਉਮਰ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਆਪਣੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ।ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਦੀ ਭੁੱਖ ਹੜਤਾਲ 14 ਜਨਵਰੀ, 2023 ਤੱਕ ਚੱਲੀ।

ਇਸ ਤਰ੍ਹਾਂ ਉਨ੍ਹਾਂ ਦੇ ਅੰਦੋਲਨ ਨੂੰ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਅਤੇ ਸਭ ਤੋਂ ਮਹੱਤਵਪੂਰਨ ਅਹਿੰਸਕ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਉਹ ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ ਪਿੰਡ ਹਸਨਪੁਰ ਦੇ ਵਸਨੀਕ ਸਨ। ਬਾਪੂ ਸੂਰਤ ਸਿੰਘ ਖ਼ਾਲਸਾ ਦਾ ਜਨਮ 7 ਮਾਰਚ 1933 ਨੂੰ ਹੋਇਆ ਸੀ। ਉਹ ਇਕ ਨਾਗਰਿਕ ਅਧਿਕਾਰ ਕਾਰਕੁਨ ਸਨ, ਜਿਨ੍ਹਾਂ ਨੂੰ ਬਾਪੂ ਸੂਰਤ ਸਿੰਘ ਖ਼ਾਲਸਾ ਵਜੋਂ ਜਾਣਿਆ ਜਾਂਦਾ ਹੈ।ਉਹ ਲੁਧਿਆਣਾ ਦੇ ਹਸਨਪੁਰ ਪਿੰਡ ਦਾ ਰਹਿਣ ਵਾਲੇ ਸਨ। ਉਨ੍ਹਾਂ ਦੇ ਪੰਜ ਪੁੱਤਰ




ਅਤੇ ਇੱਕ ਧੀ ਹਨ ਤੇ ਸਾਰੇ ਅਮਰੀਕਾ ਦੇ ਨਾਗਰਿਕ ਹਨ।ਖ਼ਾਲਸਾ ਖ਼ੁਦ ਵੀ ਇੱਕ ਅਮਰੀਕੀ ਨਾਗਰਿਕ ਸਨ। ਬਾਪੂ ਸੂਰਤ ਸਿੰਘ ਖ਼ਾਲਸਾ ਨੇ ਆਪਣੇ ਆਖਰੀ ਸਾਹ ਅਮਰੀਕਾ ਵਿਚ ਹੀ ਲਏ। ਉਨ੍ਹਾਂ ਨੇ ਬੰਦੀ ਸਿੰਘਾਂ ਲਈ ਲੰਮੀ ਲੜਾਈ ਲੜੀ ਸੀ। ਉਨ੍ਹਾਂ ਨੇ 91 ਸਾਲ ਦੀ ਉਮਰ 'ਚ ਆਖ਼ਰੀ ਸਾਹ ਲਏ। ਬਾਪੂ ਸੂਰਤ ਸਿੰਘ ਖ਼ਾਲਸਾ ਵਜੋਂ ਜਾਣੇ ਜਾਂਦੇ ਸਿੱਖ ਕਾਰਕੁੰਨ ਦਾ ਮਰਨ ਵਰਤ ਪੰਜਾਬ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਲੰਬਾ ਮਰਨ ਵਰਤ ਮੰਨਿਆ ਜਾਂਦਾ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਨੇ 16 ਜਨਵਰੀ, 2015 ਨੂੰ 82 ਸਾਲ ਦੀ ਉਮਰ ਵਿੱਚ ਆਪਣਾ ਸੰਘਰਸ਼ ਸ਼ੁਰੂ ਕੀਤਾ ਸੀ ਅਤੇ 14 ਜਨਵਰੀ, 2023 ਨੂੰ ਉਨ੍ਹਾਂ ਨੇ ਆਪਣਾ ਵਰਤ ਤੋੜਿਆ।

ਇਸ ਸਮੇਂ ਦੌਰਾਨ, ਉਨ੍ਹਾਂ ਨੂੰ ਇੱਕ ਨੱਕ ਰਾਹੀਂ ਹੀ ਭੋਜਨ ਦਿੱਤਾ ਗਿਆ ਜਿਵੇਂ ਮਣੀਪੁਰ ਦੀ ਇਰੋਮ ਸ਼ਰਮੀਲਾ ਨੂੰ ਦਿੱਤਾ ਜਾਂਦਾ ਸੀ। ਸੂਰਤ ਸਿੰਘ ਖ਼ਾਲਸਾ ਦੇ ਮਰਨ ਵਰਤ ਦਾ ਮਕਸਦ ਪੰਜਾਬ ਅਤੇ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ ਜੋ ਆਪਣੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਸਨ।

ਉਨ੍ਹਾਂ ਨੇ ਆਪਣਾ ਮਰਨ ਵਰਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਸਨਪੁਰ ਸਥਿਤ ਆਪਣੇ ਘਰ ਤੋਂ ਸ਼ੁਰੂ ਕੀਤਾ, ਪਰ ਵਰਤ ਦੌਰਾਨ ਜ਼ਿਆਦਾਤਰ ਸਮਾਂ ਉਨ੍ਹਾਂ ਨੇ ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਬਿਤਾਇਆ। ਬੰਦੀ ਸਿੰਘ ਜਗਤਾਰ ਸਿੰਘ ਹਵਾਰਾ ਵੱਲੋਂ ਕੀਤੀ ਗਈ ਭਾਵੁਕ ਅਪੀਲ ਤੋਂ ਬਾਅਦ ਸੂਰਤ ਸਿੰਘ ਖਾਲਸਾ ਨੇ ਆਪਣੇ 90ਵੇਂ ਜਨਮ ਦਿਨ ਤੋਂ ਠੀਕ ਪਹਿਲਾਂ ਆਪਣਾ ਮਰਨ ਵਰਤ ਖਤਮ ਕਰ ਦਿੱਤਾ ਸੀ।

### ਮੈਂ ਫਿਰ ਜਨਮ ਲੈ ਕੇ ਕੌਮ ਦੀ ਆਜ਼ਾਦੀ ਲਈ ਸੰਘਰਸ਼ ਕਰਾਂਗਾ....



ਜ਼ਰੂਰੀ ਨਹੀਂ ਕਿ ਕਿਸੇ ਕਾਰਜ ਨੂੰ ਨੇਪਰੇ ਲਾਉਣ ਲਈ ਅਰਦਾਸ ਕੀਤੀ ਜਾਵੇ। ਅਰਦਾਸ ਹਰ ਸਿੱਖ ਦੇ ਖ਼ੂਨ ਅੰਦਰ ਪਹਿਲਾਂ ਹੀ ਮੌਜੂਦ ਹੈ।ਆਪਣੀ ਜਾਨ ਦੇ ਕੇ ਜੇਕਰ ਸਿੰਘਾਂ ਦੀ ਰਿਹਾਈ ਦੀ ਗੱਲ ਅੱਗੇ ਤੁਰਦੀ ਹੈ ਅਤੇ ਸਿੱਖ ਲੋਕ ਸੰਘਰਸ਼ ਲਈ ਲਾਮਬੰਦ ਹੁੰਦੇ ਹਨ ਤਾਂ ਮੈਂ ਆਪਣਾ ਜੀਵਨ ਸਕਾਰਥ ਹੋਇਆ ਸਮਝਾਂਗਾ।

"ਮੈਨੂੰ ਆਪਣੀ ਮੌਤ ਦਾ ਦੁੱਖ ਨਹੀਂ ਬਲਕਿ ਸ਼ੁਦਾਅ ਦੀ ਹੱਦ ਤੱਕ ਉਸ ਨਾਲ ਮੋਹ ਹੈ। ਮਰਨ ਤੋਂ ਬਾਅਦ ਮੈਂ ਫਿਰ ਜਨਮ ਲੈ ਕੇ ਕੌਮ ਦੀ ਆਜ਼ਾਦੀ ਲਈ ਸੰਘਰਸ਼ ਕਰਾਂਗਾ।"

"ਮੈਨੂੰ ਆਪਣੇ ਲੰਮੇ ਸੰਘਰਸ਼ ਮਈ ਜੀਵਨ ਦਾ ਤਜਰਬਾ ਦੱਸਦਾ ਹੈ ਕਿ ਗੱਲ ਸੌਖਿਆਂ ਨਹੀਂ ਬਣਨੀ, ਇਸ ਲਈ ਬੇਅੰਤ ਤਸੀਹੇ ਝੱਲਣੇ ਪੈਣੇ ਹਨ। ਆਪਣੇ ਸਿਰ 'ਤੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਮੈਂ ਸਾਰਾ ਕੁਝ ਝੱਲਣ ਲਈ ਤਿਆਰ ਹਾਂ।"

ਬਾਪੂ ਦੀਆਂ ਕਹੀਆਂ ਗਈਆਂ ਇਨ੍ਹਾਂ ਕੁਝ ਗੱਲਾਂ ਦਾ ਤੱਥ ਸਾਰ ਕੀ ਨਿਕਲਦਾ ਹੈ। ਇਹ ਲਗਭਗ ਸਾਰਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ।

ਸਿਰ ਝੁਕਦਾ ਹੈ ਇੱਕ ਅਜਿਹੇ ਇਨਸਾਨ ਅੱਗੇ ਜਿਸ ਨੂੰ ਆਪਣਾ ਟੀਚਾ ਹੀ ਦਿਖਾਈ ਦੇ ਰਿਹਾ ਸੀ ਅਤੇ ਇਹ ਪਰਵਾਹ ਨਹੀਂ ਸੀ ਕਿ "ਉਸ ਦੇ ਪਿੱਛੇ ਕਾਫ਼ਲਾ ਬਣਿਆ ਹੈ ਜਾਂ ਨਹੀਂ ?" ਕਿਉਂਕਿ "ਸੰਘਰਸ਼ ਜਾਰੀ ਹੈ।"

### ਬਾਪੂ ਸੂਰਤ ਸਿੰਘ ਖ਼ਾਲਸਾ ਵਰਗਾ ਬੰਦਾ ਪੰਜਾਬ ਨੂੰ ਮਿਲਣਾ ਔਖਾ : ਪਰਿਵਾਰ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਾਪੂ ਸੂਰਤ ਸਿੰਘ ਖ਼ਾਲਸਾ ਦੇ ਜੱਦੀ ਪਿੰਡ ਉਨ੍ਹਾਂ ਦੇ ਪਰਿਵਾਰਕ ਮੈਂਬਰ ਦਲਜੀਤ ਕੌਰ ਨੇ ਦਸਿਆ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਦਾ ਪਰਿਵਾਰ ਅਮਰੀਕਾ ਰਹਿੰਦਾ ਹੈ ਅਸੀਂ ਇੱਥੇ ਪੰਜਾਬ 'ਚ ਉਨ੍ਹਾਂ ਦੇ ਘਰ ਰਹਿੰਦੇ ਹਨ ਤੇ ਇੱਥੇ ਉਨ੍ਹਾਂ ਦੀ ਦੇਖਭਾਲ ਵੀ ਅਸੀਂ ਹੀ ਕਰਦੇ ਸੀ। ਉਨ੍ਹਾਂ ਕਿਹਾ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਦਾ ਸੁਭਾਅ ਬਹੁਤ ਚੰਗਾ ਸੀ ਤੇ ਪਿੰਡ ਵਿਚ ਬਾਪੂ ਜੀ ਦਾ ਲੋਕ ਬਹੁਤ ਮਾਨ ਸਤਿਕਾਰ ਕਰਦੇ ਹਨ ਤੇ ਅਸੀਂ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪਿੰਡ ਲੋਕ ਸਾਡੇ ਘਰ ਅਫ਼ਸੋਸ ਕਰਨ ਆ ਰਹੇ ਹਨ।

ਪਿੰਡ ਦੇ ਇੱਕ ਹੋਰ ਵਿਅਕਤੀ ਨੇ ਕਿਹਾ ਕਿ ਉਨ੍ਹਾਂ ਦਾ ਸੁਭਾਅ ਬਹੁਤ ਚੰਗਾ ਸੀ ਜੋ ਗੱਲਬਾਤ ਕਰਦੇ ਹੋਏ ਭਾਵੁਕ ਹੋਏ। ਉਨ੍ਹਾਂ ਕਿਹਾ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਵਰਗਾ ਬੰਦਾ ਮਿਲਣਾ ਬਹੁਤ ਔਖਾ ਹੈ ਤੇ ਉਨ੍ਹਾਂ ਦਾ ਘਾਟਾ ਕਦੇ ਪੂਰਾ ਨਹੀਂ ਹੋਣ ਵਾਲਾ ਨਹੀਂ ਹੈ।

## ਆਖ਼ਰੀ ਵਖ਼ਤ ਤੱਕ ਵੀ ਉਹ ਸੰਘਰਸ਼ੀ ਯੋਧਾ ਚੜ੍ਹਦੀਕਲਾ 'ਚ ਰਿਹਾ

# ਅਲਵਿਦਾ ਬਾਪੂ !



### ਬਜ਼ੁਰਗ ਸੂਰਤ ਸਿੰਘ ਖ਼ਾਲਸਾ ਨੇ ਇਕੱਲਿਆਂ ਹੀ ਜ਼ਾਲਮ ਸਰਕਾਰਾਂ ਨਾਲ ਕਿਵੇਂ ਟੱਕਰ ਲਈ ?

ਬਾਬਾ ਸੂਰਤ ਸਿੰਘ ਖਾਲਸਾ ਨੇ ਜੂਨ 1984 ਤੋਂ ਬਾਅਦ ਆਪਣੀ ਸਾਰੀ ਜ਼ਿੰਦਗੀ ਕੌਮ ਨੂੰ ਸਮਰਪਿਤ ਹੋ ਕੇ ਭਾਰਤ ਸਰਕਾਰ ਨਾਲ ਇੱਕ ਅਜਿਹੀ ਲੜਾਈ ਲੜੀ ਜਿਹੜੀ ਵੱਡੀ ਉਮਰ 'ਚ ਕਿਸੇ ਖਾਸ ਬੰਦੇ ਦੇ ਹਿੱਸੇ ਹੀ ਆ ਸਕਦੀ ਹੈ। ਉਹਨਾਂ ਦਾ ਆਖ਼ਰੀ ਸੰਘਰਸ਼ ਦਹਾਕਿਆਂ ਤੋਂ ਜੇਲ੍ਹਾਂ 'ਚ ਉਮਰਾਂ ਕੱਟ ਰਹੇ ਸਿੱਖਾਂ ਦੀ ਰਿਹਾਈ ਨਾਲ ਜੁੜਿਆ ਰਿਹਾ। ਉਹਨਾਂ ਤੋਂ ਪਹਿਲਾਂ ਗੁਰਬਖਸ਼ ਸਿੰਘ ਖ਼ਾਲਸਾ ਵੀ ਆਪਣੀ ਜ਼ਿੰਦਗੀ ਕੌਮ ਦੇ ਲੇਖੇ ਲਾ ਗਏ ਸਨ ਪਰ ਇੰਡੀਅਨ ਹਕੂਮਤ ਨੇ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ।

ਬਾਬਾ ਸੂਰਤ ਸਿੰਘ ਨੇ ਜਨਵਰੀ 2015 ਵਿੱਚ ਭੁੱਖ ਹੜਤਾਲ ਨਾਲ 'ਬੰਦੀ ਸਿੰਘ ਰਿਹਾਅ ਕਰੋ ਮੋਰਚਾ' ਸ਼ੁਰੂ ਕੀਤਾ। ਦੋ ਮਹੀਨੇ ਦੇ ਸਮੇਂ ਵਿੱਚ ਮੋਰਚੇ ਨੂੰ ਸਿੱਖਾਂ ਦੀ ਹਮਾਇਤ ਮਿਲਣੀ ਸ਼ੁਰੂ ਹੋਈ ਤਾਂ ਬਿਲਕੁਲ ਉਸੇ ਵੇਲੇ ਇੰਡੀਅਨ ਸਟੇਟ ਨੇ ਬਾਬਾ ਸੂਰਤ ਸਿੰਘ ਨੂੰ ਗ਼ੈਰਕਾਨੂੰਨੀ ਹਿਰਾਸਤ ਵਿੱਚ ਲੈ ਕੇ ਲੁਧਿਆਣੇ ਦੇ ਦਿਆਨੰਦ ਹਸਪਤਾਲ ਵਿੱਚ ਜਬਰੀ ਭਰਤੀ ਕਰਾ ਦਿੱਤਾ ਜਿਥੇ ਉਹਨਾਂ ਨਾਲ ਅਣ-ਮਨੁੱਖੀ ਤਸ਼ੱਦਦ ਕਰਦੇ ਹੋਏ ਨੱਕ ਤੇ ਮੱਥੇ ਉੱਤੇ 'ਫ਼ੂਡ ਪਾਈਪਾਂ' ਟਾਂਕਿਆਂ ਨਾਲ਼ ਜੜ੍ਹ ਦਿੱਤੀਆਂ ਤੇ ਉਹਨਾਂ ਰਾਹੀਂ ਤਰਲ ਭੋਜਨ ਅਤੇ 'ਉੱਚ ਤਾਕਤ' ਦੀਆਂ ਸਟੀਰਾਇਡ ਦਵਾਈਆਂ ਦਿੱਤੀਆਂ। ਅਜਿਹਾ ਉਹਨਾਂ ਨੂੰ ਜਿਉਂਦਿਆਂ ਰੱਖਣ ਲਈ ਕੀਤਾ ਗਿਆ। ਉਹਨਾਂ ਨੂੰ ਕਰੀਬ 8 ਸਾਲ ਲਗਾਤਾਰ ਹਸਪਤਾਲ ਵਿੱਚ ਸਿਰਫ਼ ਇੱਕ ਕਮਰੇ 'ਚ ਬੰਦ ਕਰਕੇ ਬਿਸਤਰੇ 'ਤੇ ਲੇਟੇ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਇਸ ਦੌਰਾਨ ਉਹ ਸਾਰੇ ਸਮੇਂ ਲਈ ਇੰਡੀਅਨ ਪੁਲਿਸ ਦੇ ਸਖ਼ਤ ਪਹਿਰੇ ਹੇਠ ਰੱਖੇ ਗਏ। ਪੁਲਿਸ ਦੀ ਅਗਾਊਂ ਮਨਜ਼ੂਰੀ ਦੇ ਬਗੈਰ ਕੋਈ ਵੀ ਸਿੱਖ ਉਹਨਾਂ ਨੂੰ ਮਿਲ ਨਹੀਂ ਸਕਦਾ ਸੀ।

8 ਸਾਲ ਬਾਅਦ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਉਹਨਾਂ ਨੂੰ ਲਿਖਤੀ ਹੁਕਮ ਕੀਤੇ ਜਾਣ ਦੇ ਬਾਅਦ ਉਹਨਾਂ ਨੇ ਆਪਣੀ ਭੁੱਖ ਹੜਤਾਲ ਖਤਮ ਕੀਤੀ। ਇਸ ਦੇ ਬਾਵਜੂਦ ਵੀ ਜ਼ਾਲਮ ਸਰਕਾਰ ਨੇ ਉਹਨਾਂ ਨੂੰ ਹਸਪਤਾਲ ਤੋਂ ਰਿਹਾਅ ਨਹੀਂ ਕੀਤਾ ਅਤੇ ਪੁਲਿਸ ਦੇ ਪਹਿਰੇ ਹੱਥ ਹੀ ਕੈਦ ਰਖਿਆ ਗਿਆ। ਸਰਕਾਰ ਉਹਨਾਂ ਨੂੰ ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਕੀਤੇ ਜਾਣ ਦੀ ਸਖ਼ਤ ਸਜ਼ਾ ਦੇਣਾ ਚਾਹੁੰਦੀ ਸੀ ਅਤੇ ਇਸ ਕੰਮ ਨੂੰ ਸਰਕਾਰ ਨੇ ਕਾਮਯਾਬੀ ਨਾਲ ਕੀਤਾ। ਸਿੱਖ ਜਥੇਬੰਦੀਆਂ ਦੇ ਦਖਲ ਨਾਲ ਉਹਨਾਂ ਨੂੰ 2023 ਵਿੱਚ ਗ਼ੈਰਕਨੂੰਨੀ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਪਰ ਜ਼ੁਲਮ ਦੀ ਸਿਖਰ ਦੇਖੋ ਕਿ ਉਹਨਾਂ ਨੂੰ ਹਸਪਤਾਲ ਤੋਂ ਰਿਹਾਅ ਕਰਨ ਦੇ ਬਾਅਦ ਵੀ ਉਹਨਾਂ ਦੇ ਜੱਦੀ ਪਿੰਡ 'ਹਸਨਪੁਰ' ਵਿਖੇ ਉਹਨਾਂ ਦੇ ਘਰ ਵਿੱਚ ਨਜ਼ਰਬੰਦ ਰਖਿਆ ਗਿਆ। ਹਸਪਤਾਲ ਦੀ ਨਜ਼ਰਬੰਦੀ ਦੇ ਬਾਅਦ ਡੇਢ ਸਾਲ ਤੱਕ ਉਹ ਘਰ ਵਿੱਚ ਵੀ ਨਜ਼ਰਬੰਦ ਰਹੇ।

ਬਾਬਾ ਸੂਰਤ ਸਿੰਘ ਦਾ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਾਉਣ ਦਾ ਸੰਘਰਸ਼ ਲਗਾਤਾਰ ਜਾਰੀ ਰਿਹਾ। 2024 ਜੂਨ ਮਹੀਨੇ ਉਹ ਅਮਰੀਕਾ ਆਪਣੇ ਪਰਿਵਾਰ ਵਿੱਚ ਆ ਗਏ। ਪਰ ਹੁਣ ਤੱਕ ਬਹੁਤ ਦੇਰ ਹੋ ਚੁੱਕੀ ਸੀ। ਬਾਬਾ ਸੂਰਤ ਸਿੰਘ ਨੂੰ ਭੋਜਨ ਦਾ ਕੋਈ ਵੀ ਰੂਪ ਪਚ ਨਾ ਸਕਿਆ। ਜ਼ਾਲਮ ਸਰਕਾਰ ਨੇ ਡਾਕਟਰਾਂ ਰਾਹੀਂ ਉਹਨਾਂ ਨੂੰ ਜਿਉਂਦੇ ਰੱਖਣ ਲਈ ਕਈ ਤਰਾਂ ਦੀਆਂ ਸਟੀਰਾਇਡ ਦਵਾਈਆਂ ਦਿੱਤੀਆਂ ਹੋਈਆਂ ਸਨ ਜਿਨ੍ਹਾਂ ਦਾ ਹੁਣ ਮਾਰੂ ਅਸਰ ਸ਼ੁਰੂ ਹੋ ਚੁੱਕਾ ਸੀ। (ਬਾਕੀ ਸਫ਼ਾ 30 'ਤੇ)

### ਮਾਨਵ ਅਧਿਕਾਰਾਂ ਲਈ ਜੂਝਣ ਵਾਲੇ ਬਾਪੂ ਸੂਰਤ ਸਿੰਘ ਜੀ ਦੇ ਦੇਹਾਂਤ 'ਤੇ ਸ਼ੋਕ - ਸਿੱਖ ਪੰਚਾਇਤ

ਸਾਨੂੰ ਬੜੀ ਦੁੱਖ ਭਰੀ ਖ਼ਬਰ ਸਾਂਝੀ ਕਰਦਿਆਂ ਬੇਹਦ ਅਫਸੋਸ ਹੋ ਰਿਹਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਥਕ ਸੰਘਰਸ਼ ਲਈ ਆਪਣੀ ਸਾਰੀ ਜ਼ਿੰਦਗੀ ਸਮਰਪਿਤ ਕਰਨ ਵਾਲੇ ਬਾਪੂ ਸੂਰਤ ਸਿੰਘ ਜੀ ਹੁਣ ਸਾਡੇ ਵਿੱਚ ਨਹੀਂ ਰਹੇ। ਬਾਪੂ ਜੀ ਨੇ ਭੁੱਖ ਹੜਤਾਲ ਰਾਹੀਂ ਜ਼ੁਲਮ ਅਤੇ ਨਿਆਂਹੀਣਤਾ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਜਿਸ ਕਰਕੇ ਉਹ ਚਾਰ ਚਾਲ ਤੋਂ ਉੱਪਰ ਭਾਰਤੀ ਪੁਲਿਸ ਦੀ ਧੱਕੇਸ਼ਾਹੀ ਦਾ ਸ਼ਿਕਾਰ ਰਹੇ।

ਬਾਪੂ ਸੂਰਤ ਸਿੰਘ ਜੀ ਅਮਰੀਕਾ ਦੇ ਸਟਾਕਟਨ ਸ਼ਹਿਰ ਵਿੱਚ ਆਪਣੇ ਪੁੱਤਰ ਕੋਲ ਰਹਿ ਰਹੇ ਸਨ, ਜਿੱਥੇ 14 ਜਨਵਰੀ, 2025 ਨੂੰ ਉਹਨਾਂ ਨੇ ਅੰਤਿਮ ਸਾਹ ਲਿਆ। ਉਹਨਾਂ ਦੀਆਂ ਬੇਟੀਆਂ ਵੀ ਕੈਲੀਫ਼ੋਰਨੀਆ ਵਿੱਚ ਹੀ ਵਸੀਆਂ ਹੋਈਆਂ ਹਨ ਅਤੇ ਸਾਰਾ ਪਰਿਵਾਰ ਪੰਥਕ ਭਾਵਨਾ ਵਾਲਾ ਅਤੇ ਸੰਘਰਸ਼ਮਈ ਹੈ।

ਸਿੱਖ ਪੰਚਾਇਤ ਵੱਲੋਂ ਬਾਪੂ ਸੂਰਤ ਸਿੰਘ ਜੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਗੁਰੂ ਚਰਨਾਂ ਅੰਦਰ ਅਰਦਾਸ ਹੈ ਜੀ।



# ਕਹਿਰ ਬਣੀ ਕੈਲੀਫ਼ੋਰਨੀਆ ਦੇ ਜੰਗਲਾਂ ਦੀ ਅੱਗ

## ਮੀਂਹ ਦੀ ਘਾਟ, ਸੁੱਕੀ ਲੱਕੜ ਅਤੇ ਤੇਜ਼ ਹਵਾਵਾਂ ਨੂੰ ਮੰਨਿਆ ਜਾ ਰਿਹਾ ਹੈ ਅੱਗ ਲੱਗਣ ਦਾ ਕਾਰਨ



**ਇੱਕ ਪਾਸੇ ਮਨੁੱਖ ਵੱਲੋਂ ਚੰਨ ਅਤੇ ਹੋਰ ਗ੍ਰਹਿਆਂ ’ਤੇ ਮਨੁੱਖੀ ਬਸਤੀਆਂ ਵਸਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਦੂਜੇ ਪਾਸੇ ਇਸ ਧਰਤੀ ’ਤੇ ਆ ਰਹੀਆਂ ਕੁਦਰਤੀ ਆਫ਼ਤਾਂ ਅੱਗੇ ਸੁਪਰ ਪਾਵਰ ਅਮਰੀਕਾ ਦੀ ਸਾਰੀ ਸ਼ਕਤੀ ਫੇਲ੍ਹ ਹੋ ਗਈ ਹੈ। ਅਮਰੀਕਾ ਦੇ ਸੂਬੇ ਕੈਲੀਫ਼ੋਰਨੀਆ ਦੇ ਜੰਗਲਾਂ ਨੂੰ ਸਰਦੀਆਂ ਦੇ ਇਸ ਮੌਸਮ ਵਿੱਚ ਅੱਗ ਲੱਗਣ ਦੇ ਪਿੱਛੇ ਮੀਂਹ ਦੀ ਘਾਟ, ਸੁੱਕੀ ਲੱਕੜ ਅਤੇ ਤੇਜ਼ ਹਵਾਵਾਂ ਨੂੰ ਕਾਰਨ ਮੰਨਿਆ ਜਾ ਰਿਹਾ ਹੈ, ਜਦੋਂਕਿ ਕੁਦਰਤ ਨਾਲ ਮਨੁੱਖ ਵੱਲੋਂ ਕੀਤੀ ਜਾ ਰਹੀ ਛੇੜ-ਛਾੜ ਦੇ ਵੀ ਖ਼ਤਰਨਾਕ ਨਤੀਜੇ ਨਿਕਲ ਰਹੇ ਹਨ। ਜਦੋਂ ਤੱਕ ਮਨੁੱਖ ਕੁਦਰਤ ਦੇ ਅਸੂਲਾਂ ਦੇ ਵਿਰੁੱਧ ਕੰਮ ਕਰਦਾ ਰਹੇਗਾ, ਉਦੋਂ ਤਕ ਕੁਦਰਤ ਵੀ ਗੁੱਸੇ ਵਿੱਚ ਆ ਕੇ ਆਪਣਾ ਕਹਿਰ ਵਰਤਾਉਂਦੀ ਰਹੇਗੀ।**

### ਜਲਵਾਯੂ ਤਬਦੀਲੀ ਕਾਰਨ ਸਰਦੀਆਂ ’ਚ ਵੀ ਜੰਗਲਾਂ ਨੂੰ ਲੱਗ ਰਹੀ ਹੈ ਅੱਗ

ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਕੁਦਰਤੀ ਆਫ਼ਤਾਂ ਦੇ ਸਾਹਮਣੇ ਬੇਵੱਸ ਹੋ ਗਿਆ ਹੈ।ਅਮਰੀਕਾ ਦੇ ਸੂਬੇ ਕੈਲੀਫ਼ੋਰਨੀਆ ਦੇ ਜੰਗਲਾਂ ਵਿੱਚ ਕੁਝ ਦਿਨ ਪਹਿਲਾਂ ਲੱਗੀ ਅੱਗ ਨੇ ਭਿਆਨਕ ਰੂਪ ਦਿਖਾਇਆ। ਇੱਥੋਂ ਦਾ ਲਾਸ ਏਂਜਲਸ ਸ਼ਹਿਰ ਅੱਗ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਇਹ ਅੱਗ ਕੈਲੀਫ਼ੋਰਨੀਆ ਦੇ ਹਾਲੀਵੁੱਡ ਹਿਲਜ਼ ਤੱਕ ਫ਼ੈਲ ਗਈ। ਲਾਸ ਏਂਜਲਸ ਵਿੱਚ ਜੰਗਲ ਦੀ ਅੱਗ ਨੇ ਕਈ ਰਿਹਾਇਸ਼ੀ ਇਲਾਕਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ।ਲਾਸ ਏਂਜਲਸ ਦੇ ਹਾਲੀਵੁੱਡ ਹਿਲਜ਼ ਇਲਾਕੇ ਵਿੱਚ ਹਜ਼ਾਰਾਂ ਇਮਾਰਤਾਂ ਤਬਾਹ ਹੋ ਗਈਆਂ ਹਨ। ਇਨ੍ਹਾਂ ਵਿੱਚ ਘਰ, ਸਕੂਲ ਅਤੇ ਵੱਕਾਰੀ ਸਨਸੈੱਟ ਬੁਲੇਵਾਰਡ ’ਤੇ ਸਥਿਤ ਵਪਾਰਕ ਇਮਾਰਤਾਂ ਸ਼ਾਮਲ ਹਨ। ਇਸ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 24 ਹੋ ਗਈ ਹੈ।ਇਸ ਅੱਗ ਕਾਰਨ ਹੁਣ ਤੱਕ ਅਰਬਾਂ ਡਾਲਰ ਦੀ ਜਾਇਦਾਦ ਦਾ ਨੁਕਸਾਨ ਹੋ ਗਿਆ ਹੈ। ਬੀਤੇ ਦਿਨੀਂ ਮੌਸਮ ’ਤੇ ਨਜ਼ਰ ਰੱਖਣ ਵਾਲੀ ਇੱਕ ਨਿੱਜੀ ਕੰਪਨੀ ਨੇ ਅੱਗ ਦੇ ਕਾਰਨ ਕਰੀਬ 250 ਅਰਬ ਅਮਰੀਕੀ ਡਾਲਰ ਦੇ ਆਰਥਿਕ ਨੁਕਸਾਨ ਦਾ ਅੰਦਾਜ਼ਾ ਲਗਾਇਆ ਹੈ। ਇਸ ਅੱਗ ਕਾਰਨ ਹੁਣ ਤੱਕ 12,000 ਤੋਂ ਵੱਧ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲਗਭਗ 150,000 ਲੋਕ ਬੇਘਰ ਹੋਏ ਹਨ। ਅੱਗ ਲੱਗਣ ਕਾਰਨ ਇੱਥੇ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਕਈ ਮਸ਼ਹੂਰ ਹਸਤੀਆਂ ਦੇ ਕਰੋੜਾਂ ਰੁਪਏ ਦੇ ਘਰ ਸੜ ਕੇ ਸੁਆਹ ਹੋ ਗਏ ਹਨ।ਇਸ ਅੱਗ ਵਿੱਚ ਕਈ ਫ਼ਿਲਮੀ ਸਿਤਾਰਿਆਂ ਦੇ ਘਰ ਵੀ ਤਬਾਹ ਹੋ ਗਏ ਹਨ। ਜਦ ਕਿ 56 ਵਰਗ ਮੀਲ ਵਿੱਚ ਫੈਲਿਆ 36000 ਏਕੜ ਜੰਗਲੀ ਰਕਬਾ ਸੜ ਕੇ ਸਵਾਹ ਹੋ ਗਿਆ ਹੈ। ਪਾਲੀਸਾਡੇਸ ਦੀ ਅੱਗ, ਜੋ ਲਾਸ ਏਂਜਲਸ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਅੱਗ ਹੈ, ਵਿੱਚ 20000 ਏਕੜ ਜੰਗਲ ਸੜ ਗਏ ਹਨ।

ਕੈਲੀਫ਼ੋਰਨੀਆ ਦੇ ਜੰਗਲਾਂ ਵਿੱਚ ਤਿੰਨ ਥਾਂਵਾਂ ’ਤੇ ਅੱਗ ਲੱਗੀ। ਇਹਨਾਂ ਨੂੰ ਪੈਲੀਸੇਡਸ, ਹਰਸਟ ਅਤੇ ਈਟਨ ਅੱਗਾਂ ਕਿਹਾ ਜਾ ਰਿਹਾ ਹੈ। ਪੈਲੀਸੇਡਸ ਅੱਗ ਪੈਲੀਸੇਡਸ ਡਰਾਈਵ ਦੇ ਦੱਖਣ-ਪੂਰਬ ਵਿੱਚ ਸ਼ੁਰੂ ਹੋਈ। ਇਹ 15,000 ਏਕੜ ਵਿੱਚ ਫ਼ੈਲਿਆ ਹੋਇਆ ਹੈ। ਈਟਨ ਅੱਗ ਲਾਸ ਏਂਜਲਸ ਦੇ ਉੱਤਰ ਵਿੱਚ ਜੰਗਲਾਂ ਵਿੱਚ ਇੱਕ ਘਾਟੀ ਵਿੱਚ ਲੱਗੀ। ਇਹ 10,000 ਏਕੜ ਦੇ ਖੇਤਰ ਵਿੱਚ ਫ਼ੈਲਿਆ ਹੋਇਆ ਹੈ। ਹਰਸਟ ਅੱਗ ਸੈਨ ਫ਼ਰਨਾਂਡੋ ਦੇ ਉੱਤਰ ਵਿੱਚ ਇੱਕ ਉਪਨਗਰੀਏ ਖੇਤਰ ਵਿੱਚ ਲੱਗੀ ਸੀ ਅਤੇ ਬਾਅਦ ਵਿੱਚ ਇਹ 500 ਏਕੜ ਤੱਕ ਵੱਧ ਗਈ।

ਲਾਸ ਏਂਜਲਸ ਸ਼ਹਿਰ ਪਹਾੜਾਂ ਦੇ ਵਿਚਕਾਰ ਸਥਿਤ ਹੈ। ਇੱਥੇ ਪਾਈਨ ਦੇ ਜੰਗਲ ਹਨ। ਇਹ ਅੱਗ 6 ਜਨਵਰੀ ਨੂੰ ਜੰਗਲੀ ਖੇਤਰਾਂ ਵਿੱਚ ਦਰਖ਼ਤਾਂ ਨੂੰ ਸਾੜਨ ਨਾਲ ਸ਼ੁਰੂ ਹੋਈ ਸੀ ਅਤੇ ਕੁਝ ਘੰਟਿਆਂ ਵਿੱਚ ਹੀ ਇਸ ਨੇ ਹਜ਼ਾਰਾਂ ਏਕੜ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਹਰ ਮਿੰਟ 5 ਫ਼ੁੱਟਬਾਲ ਮੈਦਾਨਾਂ ਦੇ ਬਰਾਬਰ ਖੇਤਰ ਵਿੱਚ ਫ਼ੈਲ ਰਹੀ ਸੀ।

ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਵਿੱਚ ਅੱਗ ਲੱਗਣ ਦਾ ਮੌਸਮ ਆਮ ਤੌਰ ’ਤੇ ਮਈ ਤੋਂ ਅਕਤੂਬਰ ਤੱਕ ਮੰਨਿਆ ਜਾਂਦਾ ਹੈ ਪਰ ਰਾਜ ਦੇ ਗਵਰਨਰ ਗੈਵਿਨ ਨਿਊਸਮ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅੱਗ ਪੂਰੇ ਸਾਲ ਦੀ ਸਮੱਸਿਆ ਬਣ ਗਈ ਹੈ।

ਆਮ ਤੌਰ ’ਤੇ ਅੱਗ ਲਗਾਉਣ ਲਈ ਬਾਲਣ, ਆਕਸੀਜਨ ਅਤੇ ਗਰਮੀ ਦੀ ਲੋੜ ਹੁੰਦੀ ਹੈ। ਜਦੋਂ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਤਾਂ ਇੱਕ ਛੋਟੀ ਜਿਹੀ ਚੰਗਿਆੜੀ ਜੰਗਲ ਨੂੰ ਅੱਗ ਲਗਾਉਣ ਲਈ ਕਾਫ਼ੀ ਹੁੰਦੀ ਹੈ।

(ਬਾਕੀ ਸਫ਼ਾ 30 ’ਤੇ)

### ਜੰਗਲ ਦੀ ਮਨਮਰਜ਼ੀ



ਕਿਹਾ ਜਾਂਦਾ ਹੈ ਕਿ ਜੰਗਲ ਦੀ ਅੱਗ ਲੱਗਦੀ ਵੀ ਜੰਗਲ ਦੀ ਮਰਜੀ ਨਾਲ ਹੁੰਦੀ ਹੈ ਤੇ ਬੁੱਝਦੀ ਵੀ ਜੰਗਲ ਦੀ ਮਰਜੀ ਨਾਲ ਹੀ ਹੈ। ਇਸੇ ਕਾਰਨ ਅਮਰੀਕਾ ਵਰਗੀ ਸੁਪਰ ਸ਼ਕਤੀ ਕੈਲੀਫ਼ੋਰਨੀਆਂ ਦੇ ਜੰਗਲਾਂ ਨੂੰ ਲੱਗੀ ਅੱਗ ਕਾਰਨ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰਨ ਲਈ ਮਜਬੂਰ ਹੋ ਗਈ। ਇਹਨਾਂ ਜੰਗਲਾਂ ਨੂੰ ਲੱਗੀ ਅੱਗ ਨੂੰ ਬੁਝਾਉਣ ਦੇ ਮਨੁੱਖੀ ਤਰੀਕੇ ਬੁਰੀ ਤਰ੍ਹਾਂ ਫੇਲ੍ਹ ਹੋ ਗਏ। ਅੱਗ ਲੱਗਣ ਦੀਆਂ ਘਟਨਾਵਾਂ ਦੀ ਤੇਜ਼ੀ ਪਿੱਛੇ ਜਲਵਾਯੂ ਪਰਿਵਰਤਨ ਵੀ ਇੱਕ ਕਾਰਨ ਹੈ। ਪਿਛਲੇ 22 ਸਾਲ ਦੱਖਣ-ਪੱਛਮੀ ਸੰਯੁਕਤ ਰਾਜ ਅਮਰੀਕਾ ਵਿੱਚ 1,200 ਸਾਲਾਂ ਵਿੱਚ ਸਭ ਤੋਂ ਸੁੱਕੇ ਰਹੇ ਹਨ।

## ਅੱਗ ਬੁਝਾਉਣ ਲਈ ‘ਪਿੰਕ ਲਿਕੁਇਡ’ ਦੀ ਵਰਤੋਂ



ਅਮਰੀਕਾ ਦੇ ਲਾਸ ਏਂਜਲਸ ਵਿੱਚ ਲੱਗੀ ਅੱਗ ’ਤੇ ਕਾਬੂ ਪਾਉਣ ਲਈ ਕਈ ਜਹਾਜ਼ਾਂ ਨੂੰ ਲਗਾਤਾਰ ਗੁਲਾਬੀ ਰੰਗ ਦਾ ਇੱਕ ਤਰਲ ਪਦਾਰਥ ਅੱਗ ’ਤੇ ਸੁਟਦੇ ਦੇਖਿਆ ਜਾ ਰਿਹਾ ਹੈ। ਦਰਅਸਲ, ਇਹ ਇੱਕ ਫਾਇਰ ਰਿਟਾਰਡੈਂਟ ਹਨ, ਯਾਨਿ ਅਜਿਹਾ ਪਦਾਰਥ ਜੋ ਅੱਗ ਲੱਗਣ ਜਾਂ ਸੜਨ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ। ਇਹ ਗੁਲਾਬੀ ਪਦਾਰਥ ਪਾਣੀ, ਲੂਣ (ਰਸਾਇਣਾਂ) ਅਤੇ ਖਾਦਾਂ ਦਾ ਮਿਸ਼ਰਣ ਹੈ। ਇਸ ਵਿੱਚ ਮੂਲ ਰੂਪ ਵਿੱਚ ਅਮੋਨੀਅਮ ਫਾਸਫੇਟ ਵਾਲਾ ਘੋਲ ਹੁੰਦਾ ਹੈ। ਅੱਗ ਨੂੰ ਬਲਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ ਅਤੇ ਇਹ ਰਸਾਇਣਕ ਮਿਸ਼ਰਣ ਅੱਗ ਨੂੰ ਆਕਸੀਜਨ ਦੀ ਸਪਲਾਈ ਰੋਕਦਾ ਹੈ ਤਾਂ ਜੋ ਇਹ ਬਹੁਤ ਤੇਜ਼ੀ ਨਾਲ ਨਾ ਫੈਲ ਸਕੇ। ਅੰਗਰੇਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਦੀ ਇੱਕ ਰਿਪੋਰਟ ਦੇ ਅਨੁਸਾਰ, ਇਹ ਅਮੋਨੀਅਮ ਪੌਲੀਫਾਸਫੇਟ ਵਰਗੇ ਲੂਣ (ਰਸਾਇਣਾਂ) ਤੋਂ ਬਣਿਆ ਹੁੰਦਾ ਹੈ, ਜੋ ਪਾਣੀ ਵਾਂਗ ਆਸਾਨੀ ਨਾਲ ਭਾਫ਼ ਬਣ ਕੇ ਨਹੀਂ ਉੱਡਦਾ ਹੈ, ਬਲਕਿ ਲੰਬੇ ਸਮੇਂ ਤੱਕ ਤਲ ’ਤੇ ਮੌਜੂਦ ਰਹਿੰਦਾ ਹੈ। ਇਸ ਨਾਲ ਤਲ (ਜਿੱਥੇ ਅੱਗ ਲੱਗੀ ਹੋਵੇ) ਨੂੰ ਆਕਸੀਜਨ ਦੀ ਸਪਲਾਈ ਨਹੀਂ ਹੁੰਦੀ ਹੈ ਅਤੇ ਅੱਗ ਦੀਆਂ ਲਪਟਾਂ ਹੌਲੀ ਹੋ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਇਹ ਤਰਲ ਪਦਾਰਥ ਅੱਗ ਨੂੰ ਫੈਲਣ ਤੋਂ ਰੋਕਣ ਦਾ ਕੰਮ ਕਰਦਾ ਹੈ। ਅੱਗ ਬੁਝਾਉਣ ਲਈ ਇਸਤੇਮਾਲ ਇਸ ਰਸਾਇਣ ਨੂੰ ਗੁਲਾਬੀ ਰੰਗ ਇਸ ਲਈ ਦਿੱਤਾ ਜਾਂਦਾ ਹੈ ਤਾਂ ਜੋ ਅੱਗ ਬੁਝਾਊ ਦਸਤੇ ਦੇ ਕਰਮੀਆਂ ਨੂੰ ਇਹ ਪਤਾ ਲੱਗ ਜਾਵੇ ਕਿ ਕਿੱਥੇ ਇਸ ਦਾ ਇਸਤੇਮਾਲ ਹੋ ਗਿਆ ਹੈ। ਇਸ ਤੋਂ ਇਲਾਵਾ ਇਹ ਰੰਗ ਅੱਗ ਦੀ ਲਪੇਟ ਵਿੱਚ ਆਏ ਖੇਤਰ ਨੂੰ ਵੀ ਸਾਫ਼ ਦਿਖਾਉਂਦਾ ਹੈ। ਇਸ ਨਾਲ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਕਿਹੜੇ ਇਲਾਕੇ ਅੱਗ ਨਾਲ ਪ੍ਰਭਾਵਿਤ ਹਨ।

## ਅੱਗ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਈਆਂ ਸਿੱਖ ਸੰਸਥਾਵਾਂ

### ਲੋੜਵੰਦਾਂ ਲਈ ਖਾਣ ਪੀਣ ਦੀਆਂ ਵਸਤਾਂ ਪਹੁੰਚਾਉਣ ਦੀ ਸੇਵਾ ਸ਼ੁਰੂ

ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਕੈਲੀਫ਼ੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਵੱਲੋਂ ਮਚਾਈ ਭਾਰੀ ਤਬਾਹੀ ਦੇ ਦਰਮਿਆਨ ਸਿੱਖ ਸੰਸਥਾਵਾਂ ਮੱਦਦ ਲਈ ਅੱਗੇ ਆਈਆਂ ਹਨ। ਗੁਰੂ ਘਰਾਂ ਦੇ ਪ੍ਰਬੰਧਕ ਤੇ ਹੋਰ ਸਿੱਖ ਸੰਸਥਾਵਾਂ ਅੱਗ ਨਾਲ ਪ੍ਰਭਾਵਿਤ ਲੋਕਾਂ ਨੂੰ ਖਾਣ ਪੀਣ ਦੀਆਂ ਵਸਤਾਂ ਤੋਂ ਇਲਾਵਾ ਹੋਰ ਲੜੀਂਦਾ ਸਮਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਤੇ ਗੁਰੂ ਘਰਾਂ ਵਿੱਚ ਪ੍ਰਮੁੱਖ ਤੌਰ ’ਤੇ ਖ਼ਾਲਸਾ ਏਡ, ਗੁਰਦੁਆਰਾ ਫਰੀਮਾਂਟ, ਗੁਰਦੁਆਰਾ ਯੂਬਾ ਸਿਟੀ, ਗੁਰਦੁਆਰਾ ਵੈਸਟ ਸੈਕਰਾਮੈਂਟੋ, ਗੁਰਦੁਆਰਾ ਬਰਾਡਸ਼ਾਅ ਸੈਕਰਾਮੈਂਟੋ, ਲਾਸ ਏਂਜਲਸ ਖੇਤਰ ਵਿਚਲੇ ਸਾਰੇ ਗੁਰੂ ਘਰ ਸ਼ਾਮਿਲ ਹਨ।



ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES LIKE & SHARE www.amritsartimes.live Please like and share

# ਮੇਲਾ ਮਾਘੀ ਦੀਆਂ ਸਿਆਸੀ ਕਾਨਫ਼ਰੰਸਾਂ 'ਚ ਛਾਏ ਰਹੇ ਪੰਥਕ ਮੁੱਦੇ

## ਭਾਈ ਅੰਮ੍ਰਿਤਪਾਲ ਸਿੰਘ ਦੇ ਧੜੇ ਵੱਲੋਂ ਨਵੀਂ ਸਿਆਸੀ ਪਾਰਟੀ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਦਾ ਐਲਾਨ

### ਪਾਰਟੀ ਦਾ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਬਣਾਇਆ



ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼:ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਮੇਲਾ ਮਾਘੀ ਮੌਕੇ ਕੀਤੀ ਗਈ ਕਾਨਫਰੰਸ ਦੌਰਾਨ ਸਟੇਜ ਤੋਂ 15 ਨੁਕਾਤੀ ਮਤਾ ਪਾਸ ਕਰਦਿਆਂ ਨਵੀਂ ਸੂਬਾਈ ਪਾਰਟੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਬਣਾਉਣ ਦਾ ਐਲਾਨ ਕੀਤਾ ਗਿਆ। ਇਹ ਕਾਨਫਰੰਸ ਬਠਿੰਡਾ ਰੋਡ ਉਪਰ ਰਿਜ਼ੋਰਟਸ 'ਚ ਹੋਈ ਜਿਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲਿਆ। ਸਟੇਜ ਤੋਂ ਫਰੀਦਕੋਟ ਤੋਂ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ, ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਸੰਬੋਧਨ ਕੀਤਾ। ਇਸ ਦੌਰਾਨ ਡਿਬਰੂਗੜ੍ਹ ਜੇਲ੍ਹ 'ਚ ਬੰਦ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਸੰਗਤ ਲਈ ਭੇਜਿਆ ਗਿਆ ਸੁਨੇਹਾ ਵੀ ਸਟੇਜ ਤੋਂ ਪੜ੍ਹਿਆ ਗਿਆ।

ਇਸ ਮੌਕੇ ਪਾਸ ਮਤੇ ਅਨੁਸਾਰ ਡਿਬਰੂਗੜ੍ਹ ਜੇਲ੍ਹ 'ਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਪਾਰਟੀ ਦਾ ਮੁੱਖ ਸੇਵਾਦਾਰ ਬਣਾਇਆ ਗਿਆ। ਪਾਰਟੀ ਦੇ ਸੂਬਾਈ ਪ੍ਰਧਾਨ ਦੀ ਚੋਣ ਤੱਕ ਪੰਜ ਮੈਂਬਰ ਕਾਰਜਕਾਰੀ ਕਮੇਟੀ ਬਣਾਈ ਗਈ, ਜਿਸ ਵਿੱਚ ਤਰਸੇਮ ਸਿੰਘ (ਅੰਮ੍ਰਿਤਪਾਲ ਸਿੰਘ ਦੇ ਪਿਤਾ), ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਅਮਰਜੀਤ ਸਿੰਘ, ਹਰਭਜਨ ਸਿੰਘ ਤੁੜ ਅਤੇ ਸੁਰਜੀਤ ਸਿੰਘ ਸ਼ਾਮਲ ਕੀਤੇ ਗਏ ਹਨ। ਇਸੇ ਤਰ੍ਹਾਂ ਨਵੀਂ ਭਰਤੀ ਲਈ ਸੱਤ ਮੈਂਬਰ ਕਮੇਟੀ ਬਣਾਈ ਗਈ। ਪਾਰਟੀ ਦਾ ਸੰਵਿਧਾਨ ਤੇ ਏਜੰਡਾ ਬਣਾਉਣ ਲਈ ਪੰਜ ਮੈਂਬਰੀ ਕਮੇਟੀ ਬਣਾਈ ਜੋ ਵਿਸਾਖੀ ਤੱਕ ਮਾਹਿਰਾਂ ਦੀ ਸਲਾਹ ਨਾਲ ਸੰਵਿਧਾਨ ਬਣਾਵੇਗੀ। ਹੋਰ ਨੁਕਤਿਆਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਰੀ-ਪੀਰੀ ਸਿਧਾਂਤ ਦੀ ਰਾਖੀ ਕਰਨੀ, ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ, ਨਸਲਾਂ ਤੇ ਫਸਲਾਂ ਬਚਾਉਣ ਲਈ ਕਿਸਾਨੀ ਸੰਘਰਸ਼ ਦੀ ਹਮਾਇਤ, ਆਨੰਦਪੁਰ ਸਾਹਿਬ ਮਤੇ ਦੀ ਵਾਪਸੀ, ਵਿਦਿਅਕ ਢਾਂਚੇ ਵਿੱਚ ਗੈਰ ਪੰਜਾਬੀ ਲੋਕਾਂ ਦੇ ਦਖਲ ਨੂੰ ਰੋਕਣ ਅਤੇ ਪੰਜਾਬ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ, ਪੰਜਾਬ ਵਿੱਚ ਯੋਜਨਾਬੱਧ ਤਰੀਕੇ ਨਾਲ ਹੋ ਰਹੇ ਪਰਵਾਸ ਤੇ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਬਚਾਉਣ, ਬੇਅਦਬੀਆਂ ਕਰਕੇ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਵਿਗਾੜਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦੇ ਮਤੇ ਸ਼ਾਮਲ ਹਨ।

### ਸੁਖਬੀਰ ਅਕਾਲ ਤਖ਼ਤ ਸਾਹਿਬ ਦਾ ਭਗੌੜਾ ਕਰਾਰ

ਬੁਲਾਰਿਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਦਾ ਭਗੌੜਾ ਕਰਾਰ ਦਿੰਦਿਆਂ ਕਿਹਾ ਕਿ ਪਹਿਲਾਂ ਤਾਂ ਉਹ ਅਕਾਲ ਤਖ਼ਤ ਸਾਹਿਬ ਮੂਹਰੇ ਪੇਸ਼ ਹੋ ਕੇ ਸਾਰੇ ਦੋਸ਼ ਮੰਨਦੇ ਹਨ, ਫਿਰ ਕਹਿੰਦੇ ਹਨ ਕਿ ਉਨ੍ਹਾਂ ਤਾਂ ਬਿਨਾਂ ਦੋਸ਼ ਤੋਂ ਇਹ ਸਾਰੇ ਦੋਸ਼ ਆਪਣੀ ਝੋਲੀ ਪਵਾਏ ਹਨ। ਇਨ੍ਹਾਂ ਨੇ ਸਿੰਘ ਸਾਹਿਬ ਦੇ ਰੁਤਬੇ ਨੂੰ ਦਾਗਦਾਰ ਕਰ ਦਿੱਤਾ ਹੈ। ਜਦੋਂ ਭਾਈ ਹਰਪ੍ਰੀਤ ਸਿੰਘ ਨੂੰ ਅਹੁਦਾ ਦਿੱਤਾ ਸੀ ਉਸ ਵੇਲੇ ਉਸ ਵਿੱਚ ਕੋਈ ਦੋਸ਼ ਨਹੀਂ ਦਿਖਿਆ ਪਰ ਜਦੋਂ ਉਨ੍ਹਾਂ ਬਾਦਲ ਨੂੰ 'ਕਟਹਿਰੇ' ਵਿੱਚ ਖੜ੍ਹਾ ਕਰ ਦਿੱਤਾ ਤਾਂ ਦੋਸ਼ੀ ਹੋ ਗਏ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਸਿੱਧਾ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇ ਰਹੇ ਹਨ, ਜੋ ਬੱਜਰ ਗੁਨਾਹ ਹੈ। ਕਾਨਫਰੰਸ ਦੌਰਾਨ ਮੈਂਬਰਸ਼ਿਪ ਵੀ ਕੀਤੀ ਗਈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਵੀਂ ਪਾਰਟੀ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ।

## ਭਵਿੱਖ ਦੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਰੱਖਣ ਦੀ ਲੋੜ : ਸੁਖਬੀਰ ਸਿੰਘ ਬਾਦਲ

### ਸੁਖਬੀਰ ਨੇ ਲੋਕਾਂ ਨੂੰ ਪਾਰਟੀ ਨਾਲ ਜੁੜਨ ਦੀ ਕੀਤੀ ਭਾਵੁਕ ਅਪੀਲ



ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੇਲਾ ਮਾਘੀ ਮੌਕੇ ਸਿਆਸੀ ਕਾਨਫਰੰਸ ਦੌਰਾਨ ਲੋਕਾਂ ਨੂੰ ਪਾਰਟੀ ਨਾਲ ਜੁੜਨ ਦੀ ਭਾਵੁਕ ਅਪੀਲ ਕੀਤੀ ਤੇ ਕਿਹਾ ਕਿ ਉਹ ਲੋਕਾਂ ਖਾਤਰ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਪੰਥ ਰਤਨ ਫਖ਼ਰ-ਏ-ਕੌਮ' ਦਾ ਐਵਾਰਡ ਵਾਪਸ ਲੈਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਗਈ।

ਸਿਆਸੀ ਕਾਨਫਰੰਸ ਦੌਰਾਨ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਟੇਜ ਤੋਂ ਲੋਕਾਂ ਸਾਹਮਣੇ ਝੋਲੀ ਅੱਡ ਕੇ ਕਿਹਾ, "ਮੇਰੇ ਪਿਤਾ ਬਾਦਲ ਸਾਹਿਬ (ਪ੍ਰਕਾਸ਼ ਸਿੰਘ ਬਾਦਲ) ਜਾਂ ਮੇਰੇ ਤੋਂ ਕੋਈ ਗਲਤੀ ਹੋਈ ਹੈ ਤਾਂ ਉਹ ਵੀ ਮੇਰੀ ਝੋਲੀ ਪਾ ਦਿਓ। ਇਸ ਦਿਨ ਅਸੀਂ ਇਕੱਠੇ ਹੋਏ ਹਾਂ ਜਦੋਂ ਗੁਰੂ ਸਾਹਿਬ ਨੇ ਟੁੱਟੀ ਗੰਢੀ ਸੀ। ਤੁਹਾਡੀ (ਲੋਕਾਂ ਦੀ) ਪਾਰਟੀ ਨਾਲ ਕੋਈ ਵੀ ਨਾਰਾਜ਼ਗੀ ਹੈ ਤਾਂ ਅੱਜ ਗੰਢ ਲਓ। ਅਸੀਂ ਤੁਹਾਡੇ ਵਾਸਤੇ ਮਰ ਵੀ ਜਾਵਾਂਗੇ, ਸ਼ਹੀਦ ਵੀ ਹੋ ਜਾਵਾਂਗੇ। ਜਿਸ ਤਰ੍ਹਾਂ ਬਾਦਲ ਸਾਹਿਬ ਨੇ ਕੁਰਬਾਨੀ ਦਿੱਤੀ ਉਸੇ ਤਰ੍ਹਾਂ ਮੈਂ ਉਨ੍ਹਾਂ ਦਾ ਬੇਟਾ ਵੀ ਹਰ ਕੁਰਬਾਨੀ ਦੇਣ ਲਈ ਤਿਆਰ ਹਾਂ।' ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਹੁੰਦਿਆਂ ਕੀਤੇ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੇ ਭਲੇ ਲਈ ਕੀਤੇ ਇਹ ਕੰਮ ਕੋਈ ਗੁਨਾਹ ਨਹੀਂ ਸਨ ਜੋ ਲੋਕਾਂ ਨੇ ਉਨ੍ਹਾਂ ਨੂੰ ਤੇ ਬਾਦਲ ਪਰਿਵਾਰ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਦੀ ਧਾਰਮਿਕ ਸ਼ਖਸੀਅਤ ਬਾਰੇ ਕਿਹਾ ਕਿ ਉਨ੍ਹਾਂ 18 ਸਾਲ ਕੌਮ ਖਾਤਰ ਜੇਲ੍ਹਾਂ ਕੱਟੀਆਂ। ਐਮਰਜੈਂਸੀ ਤੇ ਗੁਰੂ ਘਰਾਂ 'ਤੇ ਹੋਏ ਹਮਲੇ ਦਾ ਵਿਰੋਧ ਕੀਤਾ। ਬੇਅਦਬੀ ਹੋਣ 'ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਜੋਂ ਉਹ ਅਕਾਲ ਤਖਤ 'ਤੇ ਪੇਸ਼ ਹੋਏ, ਚਿੱਠੀ ਲਿਖੀ ਅਤੇ ਗਲਤੀ ਮੰਨੀ। ਪ੍ਰਕਾਸ਼ ਸਿੰਘ ਬਾਦਲ ਦਾ ਸਿਰ ਪੰਥ ਤੇ ਅਕਾਲ ਤਖ਼ਤ ਸਾਹਿਬ ਸਾਹਮਣੇ ਝੁਕਦਾ ਸੀ ਪਰ ਇਨ੍ਹਾਂ ਪੰਥ ਵਿਰੋਧੀ ਤਾਕਤਾਂ ਦਾ ਸਿਰ ਦਿੱਲੀ ਦੀਆਂ ਕੇਂਦਰੀ ਏਜੰਸੀਆਂ ਸਾਹਮਣੇ ਝੁਕਦਾ ਹੈ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਵੱਲੋਂ ਬਾਦਲ ਪਰਿਵਾਰ ਦਾ ਨਾਂ ਖਤਮ ਕਰਨ ਦੀ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਉਨ੍ਹਾਂ ਪੰਥ ਵਿੱਚ ਚੱਲ ਰਹੇ ਵਿਵਾਦ ਨੂੰ ਖਤਮ ਕਰਨ ਲਈ ਸਭ ਕੁਝ ਆਪਣੀ ਝੋਲੀ ਪਵਾਇਆ। ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ 'ਉਹ' ਸਿੱਖ ਨਹੀਂ ਕੌਮ ਦੇ ਗੱਦਾਰ ਹਨ।

ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਅਕਾਲ ਤਖ਼ਤ ਵੱਲੋਂ ਕੀਤੇ ਫ਼ੈਸਲੇ ਉਪਰੰਤ ਹੋਏ ਘਟਨਾਕ੍ਰਮਾਂ ਬਾਰੇ ਕਿਹਾ ਕਿ ਹੁਣ ਵਿਰੋਧੀ ਧਿਰਾਂ ਅਕਾਲੀ ਦਲ ਦੀ ਮਾਨਤਾ ਰੱਦ ਕਰਾਉਣ ਲਈ ਚੋਣ ਕਮਿਸ਼ਨ ਤੱਕ ਪਹੁੰਚ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਸਾਬਕਾ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਇੱਕ ਮਤਾ ਪੇਸ਼ ਕਰਦਿਆਂ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ 'ਪੰਥ ਰਤਨ ਫਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਦੇ ਫੈਸਲੇ 'ਤੇ ਅਕਾਲ ਤਖਤ ਨੂੰ ਮੁੜ ਵਿਚਾਰ ਕਰਨ ਦੀ ਮੰਗ ਕੀਤੀ।

## ਸਿੱਖਾਂ ਕੋਲ ਨਾ ਸਟੇਟ, ਨਾ ਸਰਕਾਰ ਫਿਰ ਵੀ ਹਰ ਹਕੂਮਤ ਧੱਕਾ ਕਰ ਰਹੀ ਹੈ : ਸਿਮਰਨਜੀਤ ਸਿੰਘ ਮਾਨ



ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼: ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਦੇ ਤਾਜ਼ਾ ਹਾਲਾਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਦੇਸ਼ ਨੂੰ ਅੰਗਰੇਜ਼ ਹਕੂਮਤ ਕੋਲੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਪਰ ਸਮੇਂ ਦੀਆਂ ਹਕੂਮਤਾਂ ਵੱਲੋਂ ਹਮੇਸ਼ਾ ਸਿੱਖਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਇਹ ਸਿਲਸਿਲਾ ਅੱਜ ਤੱਕ ਚੱਲ ਰਿਹਾ ਹੈ। ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲ ਹਕੂਮਤ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਕੀ ਸਰਕਾਰਾਂ ਡੱਲੇਵਾਲ ਨੂੰ ਮਹੰਤ ਦਰਸ਼ਨ ਸਿੰਘ ਫੇਰੂਮਾਨ ਵਾਂਗ ਸ਼ਹੀਦ ਕਰਾਉਣਾ ਚਾਹੁੰਦੀਆਂ ਹਨ ? ਉਨ੍ਹਾਂ ਕਿਹਾ ਕਿ ਸਿੱਖਾਂ ਕੋਲ ਨਾ ਸਟੇਟ ਹੈ ਨਾ ਸਰਕਾਰ ਫਿਰ ਵੀ ਹਰ ਹਕੂਮਤ ਇਨ੍ਹਾਂ ਨਾਲ ਧੱਕਾ ਕਰ ਰਹੀ ਹੈ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਨਵੀਆਂ ਪਾਰਟੀਆਂ 'ਤੇ ਕੋਈ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਇੱਕ ਅਕਾਲੀ ਦਲ ਬਹੁਤ ਥੱਲੇ ਡਿੱਗ ਗਿਆ ਹੈ। ਇੱਕ ਹੋਰ ਅਕਾਲੀ ਦਲ ਭਾਜਪਾ ਨਾਲ ਦੋਸਤੀ ਗੰਢਣੀ ਚਾਹੁੰਦਾ ਹੈ। ਜਿੰਨਾ ਚਿਰ ਸਾਰੇ ਇੱਕ ਟੀਚੇ ਅਨੁਸਾਰ ਨਹੀਂ ਚੱਲਦੇ ਉਦੋਂ ਤੱਕ ਪੰਜਾਬ ਦਾ ਭਲਾ ਨਹੀਂ ਹੋਣਾ। ਉਨ੍ਹਾਂ ਆਪਣੀ ਪਾਰਟੀ ਦੇ ਇੱਕ ਆਗੂ 'ਤੇ ਕਿੰਤੂ ਕਰਦਿਆਂ ਕਿਹਾ ਕਿ ਉਹ ਸਹੁੰ ਖਾ ਕੇ ਵੀ ਹੁਣ ਹੋਰਾਂ ਨਾਲ ਤੁਰਿਆ ਫਿਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਵਾਂਗ ਕਥਿਤ ਤੌਰ 'ਤੇ ਜ਼ਾਲਮ ਹੋ ਗਏ ਹਨ ਜਿਨ੍ਹਾਂ ਨੇ ਗੁਰਦਾਸਪੁਰ ਦੇ ਤਿੰਨ ਪੰਜਾਬੀ ਮੁੰਡਿਆਂ 'ਤੇ ਪੀਲੀਭੀਤ ਵਿੱਚ ਕਹਿਰ ਢਾਹਿਆ ਹੈ।

ਸ੍ਰੀ ਮੁਕਤਸਰ ਸਾਹਿਬ ਵਿਖੇ ਸਿਆਸੀ ਕਾਨਫਰੰਸ ਵਿਖੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਦਿਨੋਂ ਦਿਨ ਬੁਲਬਲੇ ਬਣ ਜਾਂਦੇ ਹਨ, ਕਹਿੰਦੇ ਅਸੀਂ ਨਵੀਂ ਪਾਰਟੀ ਬਣਾਉਣੀ ਜਿਸ ਨੇ ਵੀ ਪਾਰਟੀ ਬਣਾਉਣੀ ਉਹ ਖਾਲਿਸਤਾਨ ਦੀ ਗੱਲ ਕਰੇ ਇਵੇਂ ਨਹੀਂ ਪਾਰਟੀਆਂ ਚੱਲਦੀਆਂ ਹੁੰਦੀਆਂ ਐ ਜਿਵੇਂ ਬਰਸਾਤ ਵਿੱਚ ਡੱਡੂ ਨਿਕਲਦੇ ਹੁੰਦੇ ਇਸ ਤਰ੍ਹਾਂ ਇਹ ਨਵੀਆਂ ਪਾਰਟੀਆਂ ਨਿਕਲਦੀਆਂ ਹੁੰਦੀਆਂ ਅਸੀਂ ਚਾਹੁੰਦੇ ਹਾਂ ਕਿ ਜਿਹੜੀ ਵੀ ਪਾਰਟੀ ਉੱਭਰੇ ਉਹ ਖਾਲਿਸਤਾਨ ਦੀ ਗੱਲ ਕਰੇ। ਸਰਬਜੀਤ ਖਾਲਸਾ ਦੀ ਪਾਰਟੀ ਨੂੰ ਲੈ ਕੇ ਮਾਨ ਨੇ ਕਿਹਾ ਹੈ ਕਿ ਪਾਰਟੀ ਵਿੱਚ ਬਾਰੂਦ ਹੋਣਾ ਚਾਹੀਦਾ ਸੰਤ ਜਰਨੈਲ ਸਿੰਘ ਦੀ ਕੁਰਬਾਨੀ ਦਾ ਜ਼ਿਕਰ ਹੋਣਾ ਚਾਹੀਦਾ...ਬਰਸਾਤ ਵਿੱਚ ਡੱਡੂ ਨਿਕਲ ਆਉਦੇ ਹਨ ਇਵੇ ਡੱਡੂ ਕੱਢਣ ਦਾ ਕੋਈ ਫਾਇਦਾ ਨਹੀਂ ਹੁੰਦਾ।

## ਮੇਲਾ ਮਾਘੀ ਸਿਆਸੀ ਕਾਨਫ਼ਰੰਸਾਂ ਦੀਆਂ ਝਲਕੀਆਂ

* ਇਸ ਵਾਰ ਮੇਲਾ ਮਾਘੀ ਮੌਕੇ ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ ਅੰਮ੍ਰਿਤਸਰ ਅਤੇ ਪੰਥਕ ਪਾਰਟੀ ਦੀਆਂ ਹੀ ਤਿੰਨ ਕਾਨਫਰੰਸਾਂ ਲੱਗੀਆਂ ਸਨ ਤੇ ਤਿੰਨਾਂ 'ਚ ਭਾਰੀ ਇਕੱਠ ਰਿਹਾ। ਪੰਡਾਲ 'ਚ ਲੋਕਾਂ ਲਈ ਕੁਰਸੀਆਂ ਤੇ ਸਟੇਜ ਉਪਰ ਆਗੂਆਂ ਲਈ ਸੋਫਿਆਂ ਦਾ ਪ੍ਰਬੰਧ ਕੀਤਾ ਗਿਆ ਸੀ।

* ਸਜਾਵਟ ਪੱਖੋਂ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਮੋਹਰੀ ਸੀ। ਨੀਲੇ, ਪੀਲੇ ਤੇ ਸਫੈਦ ਰੰਗ ਦੇ ਕੱਪੜਿਆਂ ਨਾਲ ਸ਼ਿੰਗਾਰੀ ਹੋਈ। ਸਿੱਧਾ ਪ੍ਰਸਾਰਣ ਹੋ ਰਿਹਾ ਸੀ।

* ਸੁਖਬੀਰ ਬਾਦਲ ਨੇ ਮੁਕਤਸਰ ਦੇ ਸੰਸਦ ਮੈਂਬਰ ਭਾਈ ਸ਼ਮਿੰਦਰ ਸਿੰਘ, ਜੋ ਬੰਬ ਧਮਾਕੇ 'ਚ ਮਾਰੇ ਗਏ ਸਨ, ਨੂੰ ਵੀ ਸਟੇਜ ਤੋਂ ਯਾਦ ਕੀਤਾ। ਭਾਈ ਸ਼ਮਿੰਦਰ ਸਿੰਘ ਦੇ ਭਰਾ ਭਾਈ ਹਰਨਿਪਾਲ ਸਿੰਘ ਕੁੱਕੂ ਹੁਣ ਅਕਾਲੀ ਦਲ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।

* ਸੁਖਬੀਰ ਸਿੰਘ ਬਾਦਲ, ਭਾਈ ਅੰਮ੍ਰਿਤਪਾਲ ਸਿੰਘ ਟੀਮ ਦੀ ਪਾਰਟੀ ਨੂੰ ਵਾਰ-ਵਾਰ ਦੁਕਾਨ ਕਹਿ ਕੇ ਸੰਬੋਧਨ ਕਰਦੇ ਰਹੇ।

* ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਦੀ ਕਾਨਫਰੰਸ ਦੀ ਸਟੇਜ ਦੀ ਮੁੱਖ ਫਲੈਕਸ ਉੱਪਰ ਭਾਈ ਅੰਮ੍ਰਿਤਪਾਲ ਸਿੰਘ, ਦੀਪ ਸਿੱਧੂ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਸਵੰਤ ਸਿੰਘ ਖਾਲੜਾ ਤੇ ਭਾਈ ਅਮਰੀਕ ਸਿੰਘ ਦੀਆਂ ਤਸਵੀਰਾਂ ਸਨ।

### ਸੁਖਬੀਰ ਬਾਦਲ ਆਮ ਵਰਕਰ ਵਾਂਗ ਭੁੰਜੇ ਬੈਠੇ

ਸੁਖਬੀਰ ਸਿੰਘ ਬਾਦਲ ਕਾਨਫਰੰਸ 'ਚ ਆ ਕੇ ਮੰਚ 'ਤੇ ਬੈਠਣ ਦੀ ਥਾਂ ਸਟੇਜ ਦੇ ਸਾਹਮਣੇ ਬਣੀ 'ਡੀ' ਵਿੱਚ ਲੋਕਾਂ ਨਾਲ ਆ ਬੈਠੇ ਤਾਂ ਮੰਚ 'ਤੇ ਬੈਠੇ ਆਗੂਆਂ ਤੇ ਪੰਡਾਲ 'ਚ ਬੈਠੇ ਲੋਕ ਹੈਰਾਨ ਹੋ ਗਏ।

### ਅਕਾਲੀ ਦਲ ਦੀ ਕਾਨਫਰੰਸ 'ਚ ਨਹੀਂ ਆਏ ਧਾਮੀ

ਮਾਘੀ ਮੇਲੇ 'ਤੇ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਹਰ ਕਾਨਫਰੰਸ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਕਸਰ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਅਕਾਲੀ ਦਲ ਦੀ ਕਾਨਫਰੰਸ ਦੀ ਸਟੇਜ 'ਤੇ ਪੁੱਜਦੇ ਸੀ ਅਤੇ ਸੰਬੋਧਨ ਕਰਦੇ ਸੀ। ਪਰ ਇਸ ਵਾਰ ਪਹਿਲੀ ਵਾਰ ਹੋਇਆ ਹੈ ਕਿ ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਗੁਰਦੁਆਰਾ ਸ੍ਰੀ ਸ਼ਹੀਦ ਗੰਜ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਪਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਅਰਦਾਸ ਵਿੱਚ ਸ਼ਾਮਲ ਹੋਏ ਪਰ ਅਕਾਲੀ ਦਲ ਦੀ ਕਾਨਫਰੰਸ 'ਚ ਨਹੀਂ ਗਏ ਤੇ ਇੱਥੋਂ ਹੀ ਵਾਪਸ ਚਲੇ ਗਏ।

# ਟਰੰਪ ਨੂੰ ਏਡਲਟ ਸਟਾਰ ਭੁਗਤਾਨ ਮਾਮਲੇ ’ਚ ਦੋਸ਼ੀ ਠਹਿਰਾਇਆ

ਡੋਨਾਲਡ ਟਰੰਪ ਪਹਿਲੇ ਰਾਸ਼ਟਰਪਤੀ ਹੋਣਗੇ ਜੋ ਵ੍ਹਾਈਟ ਹਾਊਸ ਵਿੱਚ ਅਪਰਾਧੀ ਹੋਣਗੇ। ਅਮਰੀਕਾ ਦੀ ਅਦਾਲਤ ਨੇ ਦੇਸ਼ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪੈਸੇ ਦੇ ਕੇ ਪੋਰਨ ਸਟਾਰ ਦਾ ਮੂੰਹ ਬੰਦ ਕਰਵਾਉਣ ਦੇ (ਹਸ਼ ਮਨੀ) ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਗਈ ਪਰ ਅਦਾਲਤ ਨੇ ਉਨ੍ਹਾਂ ਨਾ ਜੇਲ੍ਹ ਭੇਜਿਆ, ਨਾ ਜੁਰਮਾਨਾ ਕੀਤਾ ਤੇ ਨਾ ਕਿਸੇ ਤਰ੍ਹਾਂ ਦੀ ਪਾਬੰਦੀ ਲਗਾਈ। ਇਸ ਨਾਲ ਟਰੰਪ ਨੂੰ ਵੱਡੀ ਰਾਹਤ ਮੰਨਿਆ ਜਾ ਰਿਹਾ ਹੈ ਤੇ ਉਨ੍ਹਾਂ ਲਈ ਵ੍ਹਾਈਟ ਹਾਊਸ ਪੁੱਜਣ ਦਾ ਰਾਹ ਸਾਫ਼ ਹੋ ਗਿਆ ਹੈ। ਮੈਨਹੱਟਨ ਦੀ ਅਦਾਲਤ ਦੇ ਜੱਜ ਜੁਆਨ ਐੱਮ. ਮਰਚੇਨ 78 ਸਾਲਾ ਟਰੰਪ ਨੂੰ ਚਾਰ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਸੁਣਾ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਰਾਹ ਚੁਣਿਆ ਜਿਸ ਨਾਲ ਸੰਵਿਧਾਨਕ ਸੰਕਟ ਖੜਾ ਨਾ ਹੋਵੇ। ਟਰੰਪ ਦੇਸ਼ ਦੇ ਅਜਿਹੇ ਪਹਿਲੇ ਰਾਸ਼ਟਰਪਤੀ ਹੋਣਗੇ ਜਿਨ੍ਹਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਰਸਮੀ ਤੌਰ ’ਤੇ ਸਜ਼ਾ ਸੁਣਾਈ ਗਈ। ਟਰੰਪ 20 ਜਨਵਰੀ ਨੂੰ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਦੀ ਸਹੁੰ ਚੁੱਕਣਗੇ।

ਇਹ ਮਾਮਲਾ ਟਰੰਪ ਵੱਲੋਂ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਇਕ ਸਹਿਯੋਗੀ ਰਾਹੀਂ ਸਟਾਰ ਸਟੋਰਮੀ ਡੈਨੀਅਲਜ਼ ਨੂੰ 1,30,000 ਡਾਲਰ ਦੀ ਅਦਾਇਗੀ ਦੇ ਆਲੇ-ਦੁਆਲੇ ਘੁੰਮਦਾ ਹੈ ਤਾਂ ਜੋ ਉਹ ਉਸ ਨਾਲ ਸੈਕਸ ਕਰਨ ਬਾਰੇ ਜਨਤਕ ਤੌਰ ’ਤੇ ਬਿਆਨ ਨਾ ਦੇਵੇ।




## ਸਟੌਰਮੀ ਡੈਨੀਅਲਸ ਕੌਣ ਹਨ ?

ਸਟੌਰਮੀ ਡੈਨੀਅਲਸ ਦਾ ਅਸਲੀ ਨਾਮ ਸਟੈਫਨੀ ਕਲਿਫੋਰਡ ਹੈ ਤੇ ਉਨ੍ਹਾਂ ਦਾ ਜਨਮ ਲੁਈਸਿਆਨਾ ਵਿੱਚ 1979 ਵਿੱਚ ਹੋਇਆ ਸੀ। 2004 ਵਿੱਚ ਨਿਰਦੇਸ਼ਨ ਅਤੇ ਲੇਖਣੀ ਵਿੱਚ ਆਉਣ ਤੋਂ ਪਹਿਲਾਂ ਉਹ ਪਹਿਲੀ ਵਾਰ ਪੋਰਨ ਫਿਲਮ ਇੰਡਸਟਰੀ ਵਿੱਚ ਇੱਕ ਕਲਾਕਾਰ ਦੇ ਰੂਪ ਵਿੱਚ ਸ਼ਾਮਲ ਹੋਏ ਸਨ। ਬਤੌਰ ਸਟੇਜ ਪਰਫਾਰਮਰ ਉਨ੍ਹਾਂ ਦੇ ਨਵੇਂ ਨਾਮ ਪਿੱਛੇ ਇੱਕ ਦਿਲਚਸਪ ਕਹਾਣੀ ਹੈ। ਉਨ੍ਹਾਂ ਦੇ ਨਾਮ ਵਿੱਚ ਸਟੋਰਮੀ ਸ਼ਬਦ ਮਸ਼ਹੂਰ ਅਮਰੀਕੀ ਬੈਂਡ ਮੋਤਲੇ ਕ੍ਰਿਊ ਦੇ ਬੇਸ ਗਿਟਾਰਿਸਟ ਨਿੱਕੀ ਸਿਕਸ ਦੀ ਧੀ ਸਟੋਰਮ ਤੋਂ ਲਿਆ ਗਿਆ ਹੈ। ਜਦਕਿ ਡੈਨੀਅਲਸ, ਅਮਰੀਕੀ ਵ੍ਹਿਸਕੀ ਬ੍ਰਾਂਡ ਜੈਕ ਡੈਨੀਅਲਸ ਤੋਂ ਲਿਆ ਗਿਆ ਹੈ।

ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਕੋਲ ਗਏ ਸਨ ਅਤੇ ਅਪੀਲ ਕੀਤੀ ਸੀ ਕਿ ਸਟਾਰ ਨੂੰ ਅਪਣਾ ਮੂੰਹ ਬੰਦ ਰੱਖਣ ਲਈ ਭੁਗਤਾਨ ਕਰਨ ਨਾਲ ਜੁੜੇ ਮਾਮਲੇ ਵਿੱਚ ਸਜ਼ਾ ’ਤੇ ਰੋਕ ਲਗਾਈ ਜਾਵੇ। ਹਾਲਾਂਕਿ, ਸੁਪਰੀਮ ਕੋਰਟ ਨੇ ਟਰੰਪ ਦੀ ਪਟੀਸ਼ਨ ਖਾਰਜ ਕਰ ਦਿਤੀ ਸੀ, ਜਿਸ ਨਾਲ ਜਸਟਿਸ ਮਰਚਨ ਲਈ ਬੀਤੇ ਦਿਨੀਂ ਆਪਣੀ ਸਜ਼ਾ ਦਾ ਐਲਾਨ ਕਰਨ ਦਾ ਰਸਤਾ ਸਾਫ ਹੋ ਗਿਆ। ਹਾਲਾਂਕਿ, ਜਸਟਿਸ ਮਾਰਚਨ ਨੇ ਸੰਕੇਤ ਦਿੱਤਾ ਕਿ ਉਹ ਟਰੰਪ ਨੂੰ ਜੇਲ੍ਹ ਦੀ ਸਜ਼ਾ ਨਹੀਂ ਦੇਣਗੇ ਅਤੇ ਨਾ ਹੀ ਉਨ੍ਹਾਂ ’ਤੇ ਕੋਈ ਜੁਰਮਾਨਾ ਜਾਂ ਪਾਬੰਦੀਆਂ ਲਗਾਉਣਗੇ।

### ਕੀ ਕਹਿੰਦੇ ਨੇ ਕਾਨੂੰਨੀ ਮਾਹਿਰ

ਨਿਊਯਾਰਕ ਦੀ ਪੇਸ ਯੂਨੀਵਰਸਿਟੀ ਵਿੱਚ ਕਾਨੂੰਨ ਦੇ ਪ੍ਰੋਫ਼ੈਸਰ, ਡੇਵਿਡ ਡੋਰਫ਼ਮੈਨ ਨੇ ਕਿਹਾ ਕਿ ਸਜ਼ਾ ਦੇ ਮਾਮਲੇ ਵਿੱਚ ਬਿਨਾਂ ਸ਼ਰਤ ਡਿਸਚਾਰਜ ਦਰਅਸਲ ਕੋਈ ਸਜ਼ਾ ਨਹੀਂ ਹੈ। ਉਨ੍ਹਾਂ ਕਿਹਾ ਕਿ ਟਰੰਪ ਹੁਣ ਹਮੇਸ਼ਾ ਵਾਸਤੇ ਇੱਕ ਦੋਸ਼ੀ ਤਾਂ ਹਨ, ਪਰ 34 ਮਾਮਲਿਆਂ ਵਿੱਚ ਦੋਸ਼ੀ ਹੋਣ ’ਤੇ ਵੀ ਉਨ੍ਹਾਂ ’ਤੇ ਕਿਸੇ ਕਿਸਮ ਦਾ ਸਿੱਧਾ ਪ੍ਰਭਾਵ ਨਹੀਂ ਹੋਵੇਗਾ। ਡੇਵਿਡ ਨੇ ਕਿਹਾ ਕਿ ਜੱਜ ਜੁਆਨ ਸਜ਼ਾ ਦੇਣ ਸਬੰਧੀ ਦਿਸ਼ਾ-ਨਿਰਦੇਸ਼ਾਂ ਹੱਥੋਂ ਬੱਝਵੇਂ ਸਨ। ਇਸ ਮਾਮਲੇ ਵਿੱਚ, ਟਰੰਪ ਨਿਊਯਾਰਕ ਵਿੱਚ ਸਭ ਤੋਂ ਘੱਟ ਦਰਜੇ ਵਾਲੇ ਅਪਰਾਧ ਵਿੱਚ ਇੱਕ ਪਹਿਲੀ ਵਾਰੀ ਦੇ ਅਤੇ ਗ਼ੈਰ-ਹਿੰਸਕ ਦੋਸ਼ੀ ਸਨ ਅਤੇ (ਬਾਕੀ ਸਫ਼ਾ 30 ’ਤੇ)

## ਟਰੰਪ ਦੇ ਦੋਸ਼ ਅਤੇ ਮੁਕੱਦਮੇ ਵਿੱਚ ਕਦੋਂ ਕੀ ਹੋਇਆ ?

ਮਾਰਚ 2023: ਮੈਨਹਟਨ ਡੀ.ਏ. ਨੇ ਟਰੰਪ ਨੂੰ 2016 ’ਚ ਸਟੌਰਮੀ ਡੈਨੀਅਲਜ਼ ਨੂੰ ਗੁਪਤ ਪੈਸੇ ਦੇ ਭੁਗਤਾਨ ਨਾਲ ਜੁੜੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ।

30 ਮਈ, 2024: ਟਰੰਪ ਨੂੰ ਚੋਣਾਂ ਨਾਲ ਸਬੰਧਤ ਜਾਣਕਾਰੀ ਨੂੰ ਦਬਾਉਣ ਦੀ ਸਾਜ਼ਸ਼ ਨਾਲ ਜੁੜੇ ਕਾਰੋਬਾਰੀ ਰੀਕਾਰਡਾਂ ਨੂੰ ਜਾਅਲੀ ਬਣਾਉਣ ਦੇ 34 ਦੋਸ਼ਾਂ ਵਿੱਚ ਦੋਸ਼ੀ ਪਾਇਆ ਗਿਆ।

19 ਨਵੰਬਰ, 2024: ਡੀ.ਏ. ਸਜ਼ਾ ਸੁਣਾਉਣ ’ਚ ਦੇਰੀ ਕਰਨ ਲਈ ਸਹਿਮਤ ਹੋਇਆ ਤਾਂ ਜੋ ਸੰਭਾਵਤ ਪ੍ਰਸਤਾਵ ਨੂੰ ਖਾਰਜ ਕਰਨ ਦੀ ਇਜਾਜ਼ਤ ਦਿਤੀ ਜਾ ਸਕੇ।

22 ਨਵੰਬਰ, 2024: ਜੱਜ ਮਰਚਨ ਨੇ ਸਜ਼ਾ ਮੁਲਤਵੀ ਕਰ ਦਿਤੀ ਅਤੇ ਟਰੰਪ ਦੀ ਖਾਰਜ ਕਰਨ ਦਾ ਮਤਾ ਦਾਇਰ ਕਰਨ ਦੀ ਬੇਨਤੀ ਨੂੰ ਮਨਜ਼ੂਰ ਕਰ ਲਿਆ।

3 ਜਨਵਰੀ, 2025: ਜੱਜ ਮਰਚਨ ਨੇ ਖਾਰਜ ਕਰਨ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ।

10 ਜਨਵਰੀ 2025: ਟਰੰਪ ਨੂੰ ਸ਼ਰਤਾਂ ’ਤੇ ਦੋਸ਼ਮੁਕਤ ਕੀਤਾ ਗਿਆ।

# 9/11 ਦੇ ਮਾਸਟਰਮਾਈਂਡ ਨਾਲ ਸਮਝੌਤੇ ਨੂੰ ਅਸਥਾਈ ਤੌਰ ’ਤੇ ਰੋਕਣ ’ਚ ਸ.ਫਲ ਰਿਹਾ ਬਾਇਡੇਨ ਪ੍ਰਸ਼ਾਸਨ


ਵਾਸ਼ਿੰਗਟਨ/ਏ.ਟੀ.ਨਿਊਜ਼ : ਬਾਇਡੇਨ ਪ੍ਰਸ਼ਾਸਨ 9/11 ਹਮਲੇ ਦੇ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਨਾਲ ਸਮਝੌਤੇ ਦੀ ਪ੍ਰਕਿਰਿਆ ’ਤੇ ਅਸਥਾਈ ਰੋਕ ਲਵਾਉਣ ’ਚ ਸਫਲ ਰਿਹਾ। ਜੇ ਸਮਝੌਤਾ ਹੋ ਜਾਂਦਾ ਤਾਂ ਉਹ ਮੌਤ ਦੀ ਸਜ਼ਾ ਦੇ ਖ਼ਤਰੇ ਤੋਂ ਬਚ ਜਾਂਦਾ। ਸਰਕਾਰ ਦੇ ਵਕੀਲਾਂ ਨੇ ਸੰਘੀ



ਅਪੀਲ ਪੈਨਲ ਨੂੰ ਦੋਸ਼ੀ ਸਮਝੌਤਾ ਪਟੀਸ਼ਨ ਨੂੰ ਕਿਊਬਾ ਦੇ ਗਵਾਂਤਾਨਾਮੋ ਬੇ ’ਚ ਅੱਗੇ ਵਧਣ ਤੋਂ ਰੋਕਣ ਦੀ ਅਪੀਲ ਕੀਤੀ ਸੀ। ਸੰਘੀ ਅਪੀਲ ਪੈਨਲ ਵੀਰਵਾਰ ਸ਼ਾਮ ਨੂੰ ਅਸਥਾਈ ਰੋਕ ’ਤੇ ਸਹਿਮਤ ਹੋ ਗਿਆ। ਉਸਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਰੋਕ ਉਦੋਂ ਤੱਕ ਰਹੇਗੀ, ਜਦੋਂ ਤੱਕ ਸਰਕਾਰ ਦੀ ਅਪੀਲ ’ਚ ਤਰਕਾਂ ’ਤੇ ਪੂਰੀ ਤਰ੍ਹਾਂ ਵਿਚਾਰ ਕਰਨ ’ਚ ਸਮਾਂ ਲੱਗੇਗਾ। ਇਸ ਨੂੰ ਆਖ਼ਰੀ ਫ਼ੈਸਲਾ ਨਹੀਂ (ਬਾਕੀ ਸਫ਼ਾ 30 ’ਤੇ)

# ਪ੍ਰਸਿੱਧ ਸਮਾਜ ਸੇਵੀ ਤੇ ਸਿੱਖ ਆਗੂ ਡਾ. ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ਵਿੱਚ ਦਿਹਾਂਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਪ੍ਰਸਿੱਧ ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ਵਿੱਚ ਦੁੱਖਦਾਈ ਦਿਹਾਂਤ ਹੋ ਜਾਣ ਦੀ ਖ਼ਬਰ ਹੈ। ਉਹ ਸਿੱਖਾਂ ਤੇ ਹੋਰ ਭਾਈਚਾਰਿਆਂ ਵਿੱਚ ਜਾਣੇ ਪਛਾਣੇ ਆਗੂ ਸਨ। ਡਾ. ਮਰਵਾਹਾ ਨੇ ਕਲਾ, ਸੱਭਿਆਚਾਰ, ਸਿੱਖਿਆ ਤੇ ਮਨੁੱਖੀ ਭਲਾਈ ਦੇ ਖੇਤਰ ਵਿੱਚ ਵਰਣਨਯੋਗ ਕੰਮ ਕੀਤਾ। ਡਾ. ਮਰਵਾਹਾ ਲਾਸ ਦੀ ਏਂਜਲਸ ਯਾਤਰਾ 1950 ਵਿੱਚ ਓਦੋਂ ਸ਼ੁਰੂ ਹੋਈ ਸੀ ਜਦੋਂ ਉਹ ਸਕਾਲਰਸ਼ਿਪ ’ਤੇ ਅਮਰੀਕਾ ਆਏ ਸਨ। 1962 ਵਿੱਚ ਉਹ ਪੱਕੇ ਤੌਰ ’ਤੇ ਕੈਲੀਫ਼ੋਰਨੀਆ ਵਿੱਚ ਵੱਸ ਗਏ ਜਿਥੇ ਉਨ੍ਹਾਂ ਨੇ ਦੰਦਾਂ ਦੇ ਡਾਕਟਰ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਦੀ ਪ੍ਰਸਿੱਧੀ ਦਾ ਇਸ ਗਲ ਤੋਂ ਪਤਾ ਲੱਗਦਾ ਹੈ ਕਿ ਲਾਸ ਏਂਜਲਸ ਵਿੱਚ



ਵਰਮਾਊਂਟ ਐਵਨਿਊ ਤੇ ਫ਼ਿਨਲੇਅ ਸਟਰੀਟ ਚੌਰਾਹੇ ਦਾ ਨਾਂਅ ਡਾ. ਅਮਰਜੀਤ ਸਿੰਘ ਮਰਵਾਹਾ ਚੌਂਕ ਰਖਿਆ ਗਿਆ ਹੈ। ਇਹ ਚੌਂਕ ਉਨ੍ਹਾਂ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ 3 ਫ਼ਰਵਰੀ 2019 ਨੂੰ ਸਿਟੀ ਆਫ਼ ਲਾਸ ਏਂਜਲਸ ਦੁਆਰਾ ਉਨ੍ਹਾਂ ਨੂੰ ਸਮਰਪਿਤ ਕੀਤਾ ਗਿਆ ਸੀ। ਡਾ. ਮਰਵਾਹਾ ਨੂੰ ਹੋਰ ਲੋਕ ਭਲਾਈ ਕੰਮਾਂ ਤੋਂ ਇਲਾਵਾ 1969 ਵਿੱਚ ਹਾਲੀਵੁੱਡ ਸਿੱਖ ਗੁਰਦੁਆਰਾ ਬਣਾਉਣ ਵਿੱਚ ਨਿਭਾਈ ਪ੍ਰਮੁੱਖ ਭੂਮਿਕਾ ਲਈ ਵੀ ਯਾਦ ਕੀਤਾ ਜਾਂਦਾ ਰਹੇਗਾ। ਅਮਰੀਕਾ ਵਿੱਚ ਬਣਿਆ ਇਹ ਪਹਿਲਾ ਗੁਰੂ ਘਰ ਹੈ।

# ਕੋਲਾ, ਤੇਲ ਅਤੇ ਗੈਸ ਨੂੰ ਜਲਾਉਣ ਨਾਲ ਵਧੀਆਂ ਹਨ ਗ੍ਰੀਨਹਾਊਸ ਗੈਸਾਂ

## ਗਲੇਸ਼ੀਅਰ ਅਤੇ ਬਰਫ਼ੀਲੇ ਪਹਾੜ ਘਟ ਰਹੇ ਹਨ, ਜਦੋਂਕਿ ਸਮੁੰਦਰ ਵਧ ਰਹੇ ਹਨ

ਵਾਸ਼ਿੰਗਟਨ/ਏ.ਟੀ.ਨਿਊਜ਼: ਧਰਤੀ ਨੇ 2024 ਵਿੱਚ ਆਪਣਾ ਸਭ ਤੋਂ ਗਰਮ ਸਾਲ ਦਰਜ ਕੀਤਾ ਹੈ, ਜਿਸ ਵਿੱਚ ਇੰਨਾ ਵੱਡਾ ਵਾਧਾ ਹੋਇਆ ਕਿ ਇਹ ਪਿਛਲੇ ਮਹੱਤਵਪੂਰਣ ਗਲੋਬਲ ਤਾਪਮਾਨ ਸੀਮਾ ਨੂੰ ਅਸਥਾਈ ਤੌਰ ’ਤੇ ਪਾਰ ਕਰ ਦਿੱਤਾ ਹੈ। ਪਿਛਲੇ ਸਾਲ ਦਾ ਗਲੋਬਲ ਐਵਰੇਜ ਤਾਪਮਾਨ 2023 ਦੇ ਰਿਕਾਰਡ ਨੂੰ ਆਸਾਨੀ ਨਾਲ ਪਾਰ ਕਰ ਗਿਆ ਅਤੇ ਹੋਰ ਵਧ ਗਿਆ।



ਯੂਰਪੀ ਟੀਮ ਨੇ 1.6 ਡਿਗਰੀ ਸੈਲਸੀਅਸ (2.89 ਡਿਗਰੀ ਫ਼ਾਰਹੇਨਹਾਈਟ) ਤਾਪਮਾਨ ਵਾਧੇ ਦੀ ਗਣਨਾ ਕੀਤੀ, ਜਪਾਨ ਨੇ 1.57 ਡਿਗਰੀ ਸੈਲਸੀਅਸ (2.83 ਡਿਗਰੀ ਫ਼ਾਰਹੇਨਹਾਈਟ), ਅਤੇ ਬ੍ਰਿਟੇਨ ਨੇ 1.53 ਡਿਗਰੀ ਸੈਲਸੀਅਸ (2.75 ਡਿਗਰੀ ਫ਼ਾਰਹੇਨਹਾਈਟ)। ਅਮਰੀਕੀ ਮਾਨੀਟਰਿੰਗ ਟੀਮਾਂ ਨਾਸਾ, ਨੈਸ਼ਨਲ ਓਸ਼ੀਅਨਿਕ ਐਂਡ ਐਟਮੋਸਫ਼ੇਰਿਕ ਐਡਮਿਨਿਸਟ੍ਰੇਸ਼ਨ ਅਤੇ ਪ੍ਰਾਈਵੇਟ ਬਰਕਲੀ ਅਰਥ ਆਪਣੇ ਅੰਕੜੇ ਪਛਲੇ ਸ਼ੁੱਕਰਵਾਰ ਨੂੰ ਜਾਰੀ ਕਰਨ ਵਾਲੀਆਂ ਸਨ, ਪਰ ਯੂਰਪੀ ਵਿਗਿਆਨੀਆਂ ਦਾ ਕਹਿਣਾ ਹੈ ਕਿ 2024 ਦਾ ਤਾਪਮਾਨ ਰਿਕਾਰਡ ਹੋਣ ਦੀ ਸੰਭਾਵਨਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਰਿਕਾਰਡ ਤਾਪਮਾਨ ਦਾ ਮੁੱਖ ਕਾਰਨ ਗ੍ਰੀਨਹਾਊਸ ਗੈਸਾਂ ਦਾ ਵਾਧਾ ਹੈ ਜੋ ਕੋਲ, ਤੇਲ ਅਤੇ ਗੈਸ ਨੂੰ ਜਲਾਉਣ ਨਾਲ ਵਧੀਆਂ ਹਨ। ਕੋਪਰਨੀਕਸ ਦੇ ਸਟਰੈਟੇਜਿਕ ਕਲਾਈਮਟ ਲੀਡ ਸਮਾਂਥਾ ਬਰਗਸ ਨੇ ਕਿਹਾ ਕਿ ਜਿਵੇਂ ਜਿਵੇਂ ਗ੍ਰੀਨਹਾਊਸ ਗੈਸਾਂ ਦੀ ਮਾਤਰਾ ਵਧ ਰਹੀ ਹੈ, ਤਾਪਮਾਨ ਵਿੱਚ ਵਾਧਾ ਹੋ ਰਿਹਾ ਹੈ, ਸਮੁੰਦਰਾਂ ਵਧ ਰਹੇ ਹਨ ਦੂਜੇ ਪਾਸੇ ਗਲੇਸ਼ੀਅਰ ਅਤੇ ਬਰਫ਼ੀਲੇ ਪਹਾੜ ਘਟ ਰਹੇ ਹਨ। 10 ਜਨਵਰੀ ਨੂੰ ਪ੍ਰਕਾਸ਼ਿਤ ਇੱਕ ਅਹਿਮ ਰਿਪੋਰਟ ਵਿੱਚ ਕਿਹਾ ਗਿਆ ਕਿ ਸਾਲ 2024 ਨੇ 1.5 ਡਿਗਰੀ ਸੈਲਸੀਅਸ ਦੀ ਸੀਮਾ ਪਹਿਲੀ ਵਾਰ ਪਾਰ ਕੀਤੀ ਹੈ, ਜਿਸ ਨਾਲ ਇਹ ਪੈਰੀਸ ਸੰਗਠਨ ਦੇ ਲੰਬੇ ਸਮੇਂ ਦੇ ਤਾਪਮਾਨ ਹੱਦ ਦੇ ਖ਼ਿਲਾਫ਼ ਸੁਰੱਖਿਆ ਚਿਤਾਵਨੀ ਹੈ। ਇਹ ਇੱਕ ਮਹੱਤਵਪੂਰਣ ਗੰਭੀਰ ਸਚਾਈ ਦੀ ਪੇਸ਼ਕਸ਼ ਕਰਦਾ ਹੈ ਕਿ ਅਸੀਂ ਧਰਤੀ ਨੂੰ ਇੱਕ ਗੰਭੀਰ ਸੰਕਟ ਵੱਲ ਲੈ ਜਾ ਰਹੇ ਹਾਂ ਅਤੇ ਇਸ ਦੇ ਹਾਲਾਤ ਮਾਨਵਤਾ ਲਈ ਇੱਕ ਵੱਡੀ ਚੁਣੌਤੀ ਬਣ ਰਹੇ ਹਨ। ਜੁਲਾਈ 10 ਨੂੰ ਧਰਤੀ ਦਾ ਸਭ ਤੋਂ ਗਰਮ ਦਿਨ ਦਰਜ ਕੀਤਾ ਗਿਆ, ਜਿਸ ਦਿਨ ਗਲੋਬਲ ਤਾਪਮਾਨ 17.16 ਡਿਗਰੀ ਸੈਲਸੀਅਸ (62.89 ਡਿਗਰੀ ਫ਼ਾਰਹੇਨਹਾਈਟ) ਰਿਹਾ। (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਮਾਮਲਾ ਜਿਹਾਦੀ ਤੇ ਖ਼ਾਲਿਸਤਾਨੀ ਖਾੜਕੂਆਂ ਦੇ ਕਥਿਤ ਕਤਲ ਦਾ

# ਕੀ ਭਾਰਤ ਨੇ ਪਾਕਿਸਤਾਨ ’ਚ ‘ਰਾਅ’ ਰਾਹੀਂ ਕਰਵਾਏ ਸਨ ਕਤਲ ?

## ਕਿੰਨਾ ਕੁ ਸੱਚਾ ਹੈ ਵਾਸ਼ਿੰਗਟਨ ਪੋਸਟ ਦਾਅਵਾ ?

ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਦਾ ਕਹਿਣਾ ਹੈ ਕਿ ਭਾਰਤ ਦੀ ਖੁਫ਼ੀਆ ਏਜੰਸੀ ਰਾਅ (ਰਿਸਰਚ ਐਂਡ ਐਨਾਲਿਸਿਸ ਵਿੰਗ) ਨੇ ਕਥਿਤ ਤੌਰ ’ਤੇ 2021 ਤੋਂ ਪਾਕਿਸਤਾਨ ਵਿੱਚ ਅੱਧੀ ਦਰਜਨ ਲੋਕਾਂ ਨੂੰ ਮਾਰਨ ਲਈ ਯੋਜਨਾਬੱਧ ਤਰੀਕੇ ਨਾਲ ਹੱਤਿਆ ਦਾ ਪ੍ਰੋਗਰਾਮ ਚਲਾਇਆ ਸੀ। ਰਾਅ ਨੇ ਅਮਰੀਕਾ ਅਤੇ ਕੈਨੇਡਾ ਵਿੱਚ ਖਾਲਿਸਤਾਨੀ ਵੱਖਵਾਦੀਆਂ ਨੂੰ ਮਾਰਨ ਜਾਂ ਮਾਰਨ ਦੀ ਸਾਜ਼ਿਸ਼ ਕਰਨ ਦੀ ਕਥਿਤ ਮੁਹਿੰਮ ਚਲਾਈ ਸੀ।

ਅਖ਼ਬਾਰ ਨੇ ਅਣਪਛਾਤੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਪਾਕਿਸਤਾਨ ਵਿੱਚ ਹੱਤਿਆਵਾਂ ਭਾਰਤੀ ਨਾਗਰਿਕਾਂ ਦੁਆਰਾ ਨਹੀਂ ਬਲਕਿ ਪਾਕਿਸਤਾਨ ਦੇ ਛੋਟੇ ਅਪਰਾਧੀਆਂ ਜਾਂ ਅਫ਼ਗਾਨਿਸਤਾਨ ਦੇ ਠੇਕੇ ਦੇ ਕਾਤਲਾਂ ਦੇ ਗਰੋਹ ਦੁਆਰਾ ਕੀਤੀਆਂ ਗਈਆਂ ਸਨ। ਰਾਅ ਨੇ ਕਥਿਤ ਤੌਰ ’ਤੇ ਦੁਬਈ ਵਿੱਚ ਰਹਿਣ ਵਾਲੇ ਕਾਰੋਬਾਰੀਆਂ ਨੂੰ ਵਿਚੋਲੇ ਵਜੋਂ ਵਰਤ ਕੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ।

ਓਪਰੇਸ਼ਨ ਵਿੱਚ ਨਿਗਰਾਨੀ, ਹੱਤਿਆਵਾਂ, ਅਤੇ ਹਵਾਲਾ ਜਾਂ ਗੈਰ ਰਸਮੀ ਅੰਤਰਰਾਸ਼ਟਰੀ ਵਿੱਤੀ ਨੈਟਵਰਕਾਂ ਦੁਆਰਾ ਭੁਗਤਾਨਾਂ ਦਾ ਪ੍ਰਬੰਧ ਕਰਨ ਲਈ ਵੱਖਰੀਆਂ ਟੀਮਾਂ ਵੀ ਸਨ। ਯਾਨੀ ਇਸ ਕਾਰਵਾਈ ਨੂੰ ਅੰਜਾਮ ਦੇਣ ਲਈ ਰਾਅ ਨੇ ਹਵਾਲਾ ਰੈਕੇਟ ਵੀ ਚਲਾਇਆ ਸੀ। ਇਹ ਬਹੁਤ ਹੀ ਅਜੀਬ ਗੱਲ ਹੈ ਕਿ ਭਾਰਤ ਵਿੱਚ ਹਵਾਲਾ ਜਾਂ ਮਨੀ ਲਾਂਡਰਿੰਗ ਵਿਰੁੱਧ ਸਖ਼ਤ ਕਾਨੂੰਨ ਹਨ ਅਤੇ ਸਰਕਾਰ ਹਰ ਰੋਜ਼ ਮਨੀ ਲਾਂਡਰਿੰਗ ਵਿਰੁੱਧ ਕਾਰਵਾਈ ਕਰਦੀ ਹੈ। ਪਰ ਦੂਜੇ ਪਾਸੇ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਇਹ ਕਹਿ ਰਹੀ ਹੈ ਕਿ ਭਾਰਤ ਸਰਕਾਰ ਦੀ ਖੁਫ਼ੀਆ ਏਜੰਸੀ ਖੁਦ ਹਵਾਲਾ ਰੈਕੇਟ ਚਲਾ ਰਹੀ ਸੀ, ਜਿਸ ਦੇ ਲਿੰਕ ਦੁਬਈ ਤੋਂ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੱਕ ਫ਼ੈਲੇ ਹੋਏ ਸਨ।

ਅਖਬਾਰ ਮੁਤਾਬਕ ਜ਼ਹੂਰ ਮਿਸਤਰੀ ਦਾ ਅਜਿਹਾ ਹੀ ਇੱਕ ਕਥਿਤ ਕਤਲ 2022 ਵਿੱਚ ਹੋਇਆ ਸੀ। ਕਿਹਾ ਜਾਂਦਾ ਹੈ ਕਿ ਜ਼ਹੂਰ ਨੇ 1999 ਵਿੱਚ ਇੰਡੀਅਨ ਏਅਰਲਾਈਨਜ਼ ਦੀ ਉਡਾਣ ਨੂੰ ਹਾਈਜੈਕ ਕਰਨ ਦੌਰਾਨ ਇੱਕ ਭਾਰਤੀ ਯਾਤਰੀ ਦੀ ਹੱਤਿਆ ਕਰ ਦਿੱਤੀ ਸੀ। ਬੇਨਾਮ ਪਾਕਿਸਤਾਨੀ ਅਧਿਕਾਰੀਆਂ ਨੇ




ਵਾਸ਼ਿੰਗਟਨ ਪੋਸਟ ਨੂੰ ਦੱਸਿਆ ਕਿ ਆਪਣੇ ਆਪ ਨੂੰ ਤਨਾਜ਼ ਅੰਸਾਰੀ ਕਹਾਉਣ ਵਾਲੀ ਇੱਕ ਔਰਤ ਜ਼ਹੂਰ ਮਿਸਤਰੀ ਦੀ ਹੱਤਿਆ ਦੀ ਕਾਰਵਾਈ ਵਿੱਚ ਸ਼ਾਮਲ ਸੀ।

ਤਨਾਜ਼ ਅੰਸਾਰੀ ਨੇ ਕਥਿਤ ਤੌਰ ’ਤੇ ਜ਼ਹੂਰ ਮਿਸਤਰੀ ਦਾ ਪਤਾ ਲਗਾਉਣ ਲਈ ਦੋ ਪਾਕਿਸਤਾਨੀਆਂ, ਉਸ ਨੂੰ ਗੋਲੀ ਮਾਰਨ ਲਈ ਦੋ ਅਫ਼ਗਾਨ ਨਾਗਰਿਕਾਂ ਅਤੇ ਕਤਲ ਵਿੱਚ ਸ਼ਾਮਲ ਲੋਕਾਂ ਨੂੰ ਘੱਟੋ-ਘੱਟ 5,500 ਡਾਲਰ ਜਾਂ ਲਗਭਗ 4.7 ਲੱਖ ਰੁਪਏ ਭੇਜਣ ਲਈ ਦੱਖਣ ਪੂਰਬੀ ਏਸ਼ੀਆ, ਅਫ਼ਰੀਕਾ ਅਤੇ ਪੱਛਮੀ ਏਸ਼ੀਆ ਤੋਂ ਤਿੰਨ ਹੋਰ ਲੋਕਾਂ ਨੂੰ ਕਿਰਾਏ ’ਤੇ ਲਿਆ। ਵਾਸ਼ਿੰਗਟਨ ਪੋਸਟ ਨੇ ਬੇਨਾਮ ਪਾਕਿਸਤਾਨੀ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ ਕੀਤੀ ਹੈ ਕਿ ਔਰਤ ਨੂੰ ਇੱਕ ਭਾਰਤੀ ਏਜੰਟ ਮੰਨਿਆ ਜਾਂਦਾ ਹੈ ਅਤੇ 1990 ਦੇ ਦਹਾਕੇ ਵਿੱਚ ਕਸ਼ਮੀਰ ਵਿੱਚ ਸਰਗਰਮ ਇੱਕ ਅੱਤਵਾਦੀ ਨੇਤਾ ਸਈਦ ਖਾਲਿਦ ਰਜ਼ਾ ਦੀ ਹੱਤਿਆ ਵਿੱਚ ਵੀ ਕਥਿਤ ਤੌਰ ’ਤੇ ਸ਼ਾਮਲ ਸੀ।

ਅਕਤੂਬਰ 2023 ਵਿੱਚ, 2016 ਦੇ ਪਠਾਨਕੋਟ ਹਮਲੇ ਦੇ ਕਥਿਤ ਮਾਸਟਰਮਾਈਂਡ ਸ਼ਾਹਿਦ ਲਤੀਫ਼ ਦੀ ਪਾਕਿਸਤਾਨੀ ਜ਼ਿਲ੍ਹੇ ਸਿਆਲਕੋਟ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਉਸ ਸਮੇਂ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਇਹ ਕਤਲ ਅਣਪਛਾਤੇ ਹਮਲਾਵਰਾਂ ਦੁਆਰਾ ਕੀਤਾ ਗਿਆ ਸੀ ਮੁਹੰਮਦ ਉਮੈਰ ਲਤੀਫ਼ ਨੂੰ ਇੱਕ ਮਜ਼ਦੂਰ ਦੀ ਅਗਵਾਈ ਵਿੱਚ ਲੋਕਾਂ ਦੇ ਇੱਕ ਸਮੂਹ ਨੇ ਗੋਲੀ ਮਾਰ ਦਿੱਤੀ ਸੀ। ਉਮੈਰ ਨੂੰ ਬਾਅਦ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਸਨੇ ਕਬੂਲ ਕੀਤਾ ਸੀ ਕਿ ਪਿਛਲੀਆਂ ਅਜਿਹੀਆਂ ਕੋਸ਼ਿਸ਼ਾਂ ਅਸਫ਼ਲ ਹੋਣ ਤੋਂ ਬਾਅਦ ਉਸਨੂੰ ਲਤੀਫ਼ ਨੂੰ ਨਿੱਜੀ ਤੌਰ ’ਤੇ ਮਾਰਨ ਲਈ ਦੁਬਈ ਤੋਂ ਭੇਜਿਆ ਗਿਆ ਸੀ। ਅਖਬਾਰ ਨੇ ਰਿਪੋਰਟ ਦਿੱਤੀ ਕਿ ਉਮੈਰ ਨੇ ਕਥਿਤ ਤੌਰ ’ਤੇ ਦੁਬਈ ਵਿੱਚ ਇੱਕ ਸੁਰੱਖਿਅਤ ਘਰ ਜਾਂ ਲੁਕਣ ਦੀ ਜਗ੍ਹਾ ਦਾ ਖੁਲਾਸਾ ਕੀਤਾ ਹੈ। ਸ਼ਾਹਿਦ ਲਤੀਫ਼ ਦੇ ਕਤਲ ਤੋਂ ਬਾਅਦ ਪਾਕਿਸਤਾਨੀ ਏਜੰਟ ਇਸ ਸੇਫ਼ ਹਾਊਸ ’ਚ ਲੁਕ ਗਏ ਸਨ। ਇਹ ਮਕਾਨ ਦੋ ਕਿਰਾਏਦਾਰਾਂ ਅਸ਼ੋਕ ਕੁਮਾਰ ਆਨੰਦ ਸਾਲਿਆਨ ਅਤੇ ਯੋਗੇਸ਼ ਕੁਮਾਰ ਦੇ ਨਾਂ ’ਤੇ ਸੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਦੋਸ਼ਾਂ ’ਤੇ ਵਾਸ਼ਿੰਗਟਨ ਪੋਸਟ ਨੂੰ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਅਤੀਤ ਵਿੱਚ, ਭਾਰਤੀ ਅਧਿਕਾਰੀਆਂ ਨੇ ਨਾ ਤਾਂ ਖਾਸ ਕਤਲਾਂ ਵਿੱਚ ਆਪਣੀ ਭੂਮਿਕਾ ਦੀ ਪੁਸ਼ਟੀ ਕੀਤੀ ਹੈ ਅਤੇ ਨਾ ਹੀ ਇਨਕਾਰ ਕੀਤਾ ਹੈ, ਪਰ ਕਿਹਾ ਹੈ ਕਿ ਅਜਿਹੀਆਂ ਹੱਤਿਆਵਾਂ ਅਧਿਕਾਰਤ ਨੀਤੀ ਦਾ ਹਿੱਸਾ ਨਹੀਂ ਸਨ।

(ਬਾਕੀ ਸਫ਼ਾ 31 ’ਤੇ)

# ਕੈਨੇਡਾ: 9 ਮਾਰਚ ਨੂੰ ਹੋਵੇਗੀ ਨਵੇਂ ਲਿਬਰਲ ਆਗੂ ਦੀ ਚੋਣ

- 20 ਜਨਵਰੀ ਤੱਕ ਦਾਖ਼ਲ ਕੀਤੀਆਂ ਜਾਣਗੀਆਂ ਨਾਮਜ਼ਦਗੀਆਂ
- ਹਰੇਕ ਉਮੀਦਵਾਰ ਨੂੰ ਪਾਰਟੀ ਕੋਲ ਜਮ੍ਹਾਂ ਕਰਵਾਉਣੇ ਹੋਣਗੇ 3.5 ਲੱਖ ਡਾਲਰ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 6 ਮਾਰਚ ਨੂੰ ਲਿਬਰਲ ਪਾਰਟੀ ਦੇ ਸੰਸਦੀ ਆਗੂ ਦੇ ਅਹੁਦੇ ਤੋਂ ਮੁਸਤਫੀ ਹੋਣ ਦੇ ਐਲਾਨ ਤੋਂ ਬਾਅਦ ਨਵੇਂ ਆਗੂ ਦੀ ਚੋਣ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਕੱਲ੍ਹ ਹੋਈ ਪਾਰਟੀ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਨਵੇਂ ਆਗੂ ਦੀ ਚੋਣ 9 ਮਾਰਚ ਨੂੰ ਹੋਵੇਗੀ, ਜਿਸ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਆਖਰੀ ਦਿਨ 23 ਜਨਵਰੀ ਤੈਅ ਕੀਤਾ ਗਿਆ ਹੈ। ਇਸ ਅਹੁਦੇ ਲਈ ਚੋਣ ਮੈਦਾਨ ਵਿੱਚ ਕੁੱਦਣ ਦੇ ਚਾਹਵਾਨ ਆਗੂਆਂ ਨੂੰ 3.5 ਲੱਖ ਡਾਲਰ (ਪ੍ਰਤੀ ਉਮੀਦਵਾਰ) ਪਾਰਟੀ ਕੋਲ ਜਮ੍ਹਾਂ ਕਰਵਾਉਣੇ ਹੋਣਗੇ।ਪਾਰਟੀ ਆਗੂ ਬਣਨ ਵਾਲਿਆਂ ਦੀ ਦੌੜ ਵਿੱਚ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਅਤੇ ਬੀਸੀ ਦੀ ਸਾਬਕਾ ਮੁੱਖ ਮੰਤਰੀ ਕ੍ਰਿਸਟੀ ਕਲਾਰਕ ਪ੍ਰਮੁੱਖ ਦਾਅਵੇਦਾਰਾਂ ’ਚ ਸ਼ਾਮਲ ਹਨ। ਉਂਝ, ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਚੰਦਰ ਆਰੀਆ ਅਤੇ ਕਿਊਬਕ ਤੋਂ ਸੰਸਦ ਮੈਂਬਰ ਫ਼ਰੈਂਕ ਬੈਲਿਸ ਵੀ ਉਮੀਦਵਾਰੀ ਦਾ ਦਾਅਵਾ ਕਰਨ ਦਾ ਮਨ ਬਣਾ ਰਹੇ ਹਨ। ਪਾਰਟੀ ਦੇ ਨਵੇਂ ਮੈਂਬਰ ਬਣਨ ਦੇ ਚਾਹਵਾਨ ਵਿਅਕਤੀ 27 ਜਨਵਰੀ ਤੱਕ ਅਰਜ਼ੀਆਂ ਦੇ ਸਕਦੇ ਹਨ। ਮੈਂਬਰਾਂ ਨੂੰ ਵੋਟ ਦਾ ਅਧਿਕਾਰ ਦੇਣ ਦੀਆਂ ਸ਼ਰਤਾਂ ਪਹਿਲਾਂ ਨਾਲੋਂ ਸਖ਼ਤ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਮੁਤਾਬਕ ਨਵੀਆਂ ਸ਼ਰਤਾਂ ਤਹਿਤ 14 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਕੈਨੇਡਿਆਈ ਨਾਗਰਿਕ ਜਾਂ ਪੱਕੇ ਰਿਹਾਇਸ਼ੀ ਵਿਅਕਤੀ ਮੈਂਬਰ ਬਣਨ ਤੇ ਆਗੂ ਚੁਣਨ ਲਈ ਵੋਟ ਦਾ ਹੱਕ ਰੱਖਦੇ ਹਨ।

## ਆਸਟ੍ਰੇਲੀਆ ’ਚ ਨਵਾਂ ਕਾਨੂੰਨ ਲਾਗੂ

# ਹੁਣ ਨਹੀਂ ਹੋ ਸਕੇਗਾ ਵਿਦੇਸ਼ੀ ਕਾਮਿਆਂ ਤੇ ਵਿਦਿਆਰਥੀਆਂ ਦਾ ਸ਼ੋਸ਼ਣ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਕਾਮਿਆਂ ਦਾ ਸ਼ੋਸ਼ਣ ਰੋਕਣ ਲਈ ਸਖ਼ਤੀ ਕਰਨੀ ਸ਼ੁਰੂ ਕਰ ਕੀਤੀ ਹੈ। ਇਕ ਮਿਥੀ ਹੱਦ ਨਾਲੋਂ ਘੱਟ ਤਨਖ਼ਾਹ ਦੇਣ ਵਾਲੇ ਕਾਰੋਬਾਰੀਆਂ ਲਈ ਨਵਾਂ ਕਾਨੂੰਨ ਪਹਿਲੀ ਜਨਵਰੀ ਤੋਂ ਲਾਗੂ ਕੀਤਾ ਜਾ ਚੁੱਕਾ ਹੈ। ਹੁਣ ਕਿਸੇ ਮੁਲਾਜ਼ਮ ਨੂੰ ਘੱਟ ਤਨਖ਼ਾਹ ਦੇਣ ਜਾਂ ਹੱਕਾਂ ਤੋਂ ਵਾਂਝੇ ਰੱਖਣ ਦੀ ਅਣਗਹਿਲੀ ਇੱਕ ਸਜ਼ਾਯੋਗ ਜੁਰਮ ਹੋਵੇਗੀ।

ਗ਼ੌਰਤਲਬ ਹੈ ਕਿ ਕਈ ਕਾਰੋਬਾਰੀ ਕਾਮਿਆਂ ਨੂੰ ਘੱਟ ਤਨਖ਼ਾਹ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਸਨ। ਆਰਥਿਕ ਲੁੱਟ ਦੇ ਸ਼ਿਕਾਰ ਪੀੜਤਾਂ ’ਚ ਖ਼ਾਸਕਰ ਭਾਰਤ ਸਮੇਤ ਹੋਰਨਾਂ ਮੁਲਕਾਂ ਤੋਂ ਆਏ ਸਟੂਡੈਂਟਸ, ਕੱਚੇ ਵੀਜ਼ੇ ਵਾਲੇ ਪਰਵਾਸੀ ਵਰਕਰ ਵਧੇਰੇ ਹਨ। ਇਨ੍ਹਾਂ ਨੂੰ ਕਈ ਕਾਰੋਬਾਰੀ ਸਸਤੀ ਲੇਬਰ ਦੇ ਤੌਰ ’ਤੇ ਵਰਤਦੇ ਹਨ।




ਆਸਟ੍ਰੇਲੀਆ ਦੇ ਕੰਮ ਕਾਜ ਦੀਆਂ ਥਾਵਾਂ ’ਤੇ ਕਿਰਤ ਕਾਨੂੰਨਾਂ ਬਾਰੇ ਫੇਅਰ ਵਰਕ ਓਮਬਡਸਮੈਨ ਦੀ ਮੁਖੀ ਸ੍ਰੀਮਤੀ ਐਨਾ ਬੂਥ ਨੇ ਦੱਸਿਆ ਕਿ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਅਦਾਲਤ ਵੱਲੋਂ ਵੱਧ ਤੋਂ ਵੱਧ 10 ਸਾਲ ਦੀ ਕੈਦ 16.5 ਲੱਖ ਡਾਲਰ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ ਸ੍ਰੀਮਤੀ ਹਰਜਿੰਦਰ ਕੌਰ ਨਾਮ ਦੀ ਪੀੜਤ ਨੇ ਫੇਅਰ ਵਰਕ ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਕਰਿਆਨੇ ਦੀ ਦੁਕਾਨ ਉੱਤੇ ਕੰਮ ਕਰਦੀ ਸੀ। ਉਸ ਨੂੰ ਨਿਯਮਾਂ ਅਨੁਸਾਰ ਤਨਖ਼ਾਹ ਅਦਾ ਨਹੀਂ ਕੀਤੀ ਗਈ। ਉਹ ਵੀਜ਼ਾ ਸ਼੍ਰੇਣੀ 187 ਤਹਿਤ ਨੀਮ ਸ਼ਹਿਰੀ ਖੇਤਰ ਚ ਕੰਮ ਕਰਦੀ ਸੀ। ਉਸ ਨੂੰ ਕਾਰੋਬਾਰੀ ਨੇ ਦੇਸ਼ ਨਿਕਾਲਾ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ। ਪਰ ਪੁਖ਼ਤਾ ਕਾਨੂੰਨ ਨਾ ਹੋਣ ਕਾਰਨ ਕਾਰੋਬਾਰੀ ਸਖ਼ਤ ਕਾਰਵਾਈ ਤੋਂ ਬਚ ਨਿਕਲਿਆ ਸੀ।

# ਕੈਨੇਡਾ ਦੇ ਪ੍ਰਧਾਨ ਮੰਤਰੀ ਸਮੇਤ ਵੱਖ-ਵੱਖ ਆਗੂ ਟੈਰਿਫ਼ ਧਮਕੀ ਨਾਲ ਸਿੱਝਣ ਬਾਰੇ ਬਿਆਨ ਦੇਣ ਲੱਗੇ

## ਭਾਈਚਾਰਕ ਸਾਂਝ ’ਚ ਨਾ ਪੈਣ ਤਰੇੜਾਂ : ਡੈਨੀਅਲ ਸਮਿਥ

ਵੈਨਕੂਵਰ/ਏ.ਟੀ.ਨਿਊਜ਼: ਅਗਲੇ ਹਫਤੇ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਵਾਲੇ ਡੋਨਲਡ ਟਰੰਪ ਵੱਲੋਂ ਅਕਤੂਬਰ ਵਿੱਚ ਆਪਣੀ ਜਿੱਤ ਦੇ ਐਲਾਨ ਤੋਂ ਬਾਅਦ ਕੈਨੇਡਾ ਤੋਂ ਦਰਾਮਦ ਹੁੰਦੇ ਸਾਮਾਨ ’ਤੇ 25 ਫੀਸਦ ਟੈਰਿਫ ਲਾਉਣ ਬਾਰੇ ਦਿੱਤੇ ਬਿਆਨ ਮਗਰੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਸਮੇਤ ਵੱਖ ਵੱਖ ਆਗੂ ਟੈਰਿਫ ਧਮਕੀ ਨਾਲ ਸਿੱਝਣ ਬਾਰੇ ਬਿਆਨ ਦੇ ਰਹੇ ਹਨ। ਦੋ ਹਫਤੇ ਪਹਿਲਾਂ ਓਂਟਾਰੀਓ ਦੇ ਮੁੱਖ ਮੰਤਰੀ ਨੇ ਟੈਰਿਫ ਮਾਮਲੇ ਤੇ ਪ੍ਰਤੀਕਿਰਿਆ ਦਿੰਦਿਆਂ ਕੈਨੇਡਾ ਵੱਲੋਂ ਅਮਰੀਕਾ ਨੂੰ ਭੇਜੀ ਜਾਂਦੀ ਊਰਜਾ (ਬਿਜਲੀ) ਤੇ ਖਣਿਜ ਬੰਦ ਕਰਨ ਦੀ ਚਿਤਾਵਨੀ ਦਿੱਤੀ ਸੀ। ਉਸ ਦੇ ਸਮਰਥਨ ਵਿੱਚ ਕਈ ਹੋਰ ਸੂਬਿਆਂ ਵੱਲੋਂ ਵੀ ਇਸੇ ਤਰ੍ਹਾਂ ਦੇ ਬਿਆਨ ਦਿੱਤੇ ਗਏ।

ਬੀਤੇ ਦਿਨ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿਥ ਵੱਲੋਂ ਟਰੰਪ ਦੀ ਰਿਹਾਇਸ਼ ’ਤੇ ਮੁਲਾਕਾਤ ਕਰਕੇ ਆਉਣ ਮਗਰੋਂ ਇਸ ਗੱਲ ’ਤੇ ਜ਼ੋਰ ਦਿੱਤਾ ਜਾਣ ਲੱਗਾ ਹੈ ਕਿ ਕੈਨੇਡਿਆਈ ਆਗੂਆਂ ਨੂੰ ਪ੍ਰਤੀਕਰਮ ਵਜੋਂ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਦੇਣ ਨਾਲ ਦੋਵਾਂ ਦੇਸ਼ਾਂ ਦੇ ਵਪਾਰਕ ਹਿੱਤ ਪ੍ਰਭਾਵਤ ਹੁੰਦੇ ਹਨ ਤੇ ਵਪਾਰੀਆਂ ਦੀ ਭਾਈਚਾਰਕ ਸਾਂਝ ਵਿੱਚ ਤਰੇੜਾਂ ਪੈਂਦੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕੈਨੇਡਾ ਦੀ ਕੇਂਦਰ ਸਰਕਾਰ ਦੀ ਨੀਤੀ ਭਾਵੇਂ ਕੁਝ ਵੀ ਹੋਵੇ, ਪਰ ਸੂਬਿਆਂ ਕੋਲ ਖੁਦਮੁਖਤਿਆਰੀ ਹੋਣ ਕਰਕੇ ਉਹ ਅਮਰੀਕਾ ਨੂੰ ਤੇਲ ਤੇ ਖਣਿਜ ਭੇਜਣੇ ਬੰਦ ਕਰਕੇ ਆਪਣੇ ਸੂਬੇ ਦੀ ਆਰਥਿਕਤਾ ਪ੍ਰਭਾਵਿਤ ਨਹੀਂ ਹੋਣ ਦੇਣਗੇ। ਅਲਬਰਟਾ ’ਚੋਂ ਨਿਕਲਦੇ ਕੱਚੇ ਤੇਲ ਅਤੇ ਕੁਦਰਤੀ ਗੈਸ ਦਾ ਵੱਡਾ



ਹਿੱਸਾ ਅਮਰੀਕਾ ਨੂੰ ਜਾਂਦਾ ਹੈ ਤੇ ਇੱਥੋਂ ਨਿਕਲਦੇ ਖਣਿਜਾਂ ਲੀਥੀਅਮ, ਪੋਟਾਸ਼ ਅਤੇ ਤਾਂਬੇ ਆਦਿ ਦਾ ਵੀ ਅਮਰੀਕਾ ਵੱਡਾ ਖਰੀਦਦਾਰ ਹੈ।

**ਓਂਟਾਰੀਓ ਦੇ ਮੁੱਖ ਮੰਤਰੀ ਵੀ ਪਹਿਲੇ ਬਿਆਨ ਤੋਂ ਮੁੱਕਰੇ**

ਡੈਨੀਅਲ ਦੇ ਬਿਆਨ ਤੋਂ ਬਾਅਦ ਓਂਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਵੀ ਆਪਣੇ ਪਹਿਲੇ ਬਿਆਨ ਤੋਂ ਮੁਕਰਦੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਊਰਜਾ ਅਤੇ ਖਣਿਜ ਬਰਾਮਦ ਕਰਨ ’ਤੇ ਪਾਬੰਦੀ ਕੈਨੇਡਾ ਦਾ ਆਖਰੀ ਹਥਿਆਰ ਹੋਣਾ ਚਾਹੀਦਾ ਹੈ। (ਬਾਕੀ ਸਫ਼ਾ 30 ’ਤੇ)

## ਅਕਾਲੀ ਦਲ ਦਾ ਸੰਕਟ ਕਾਇਮ

# ਬਾਦਲਕੇ ਕਰ ਰਹੇ ਹਨ ਗੁਰਮਤਿਆਂ ਦੀ ਉਲੰਘਣਾ

## ਸੁਖਬੀਰ ਬਾਦਲ ਨੂੰ ਪ੍ਰਧਾਨ ਬਣਾਉਣ ਦੀ ਮੁੜ ਤਿਆਰੀ

## ਅਕਾਲੀ ਦਲ ਦਾ ਚਿਹਰਾ ਬਦਲਣ ਨਾਲ ਇਸ ਦੀ ਪੁਨਰ-ਸੁਰਜੀਤੀ ਨਹੀਂ ਹੋਵੇਗੀ :ਦਲ ਖ਼ਾਲਸਾ





ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਜਦੋਂ ਪਿਛਲੇ ਸਾਲ 1 ਜੁਲਾਈ ਨੂੰ ਅਕਾਲੀ ਦਲ ਦਾ ਸੰਕਟ ਸ਼ੁਰੂ ਹੋਇਆ ਸੀ ਅਤੇ ਅਕਾਲ ਤਖ਼ਤ ਸਾਹਿਬ ਤੱਕ ਪਹੁੰਚਿਆ ਸੀ, ਸ਼ੁਰੂ ਤੋਂ ਹੀ ਇਹ ਸਪੱਸ਼ਟ ਹੋ ਗਿਆ ਸੀ ਕਿ ਸਿੰਘ ਸਾਹਿਬਾਨ ਨੂੰ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਨਾਲ ਹੀ ਅਕਾਲੀ ਦਲ ਦੇ ਸਾਹਮਣੇ ਸੰਕਟ ਨੂੰ ਹੱਲ ਕਰਨ ਅਤੇ ਗੁਰੂ ਪੰਥ ਵਿੱਚ ਬਾਦਲਕਿਆਂ ਲਈ ਸਵੀਕਾਰਯੋਗ ਹੋਣ ਦੀ ਚੁਣੌਤੀ ਵੀ ਸੀ। ਭਾਵੇਂ ਬਾਦਲਕੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਰਹੇ, ਪਰ ਅਕਾਲੀ ਦਲ ਦਾ ਸੰਕਟ ਅਜੇ ਖਤਮ ਨਹੀਂ ਹੋਇਆ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇੱਕ ਵਾਰ ਫ਼ਿਰ ਫ਼ਿਸਲਣ ਵਾਲੀ ਸਥਿਤੀ ਵਿੱਚ ਪਹੁੰਚ ਚੁਕੇ ਹਨ।

2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਦਿਲਚਸਪ ਇਤਿਹਾਸਕ ਸੀਨ ਤੇ ਗੁਨਾਹਗਾਰ ਲੀਡਰਸ਼ਿਪ ਦੇ ਡਰਾਮੇ ਤੋਂ ਚਾਲੀ ਦਿਨਾਂ ਬਾਅਦ, ਬਾਦਲਕੇ ਫ਼ਿਰ ਆਪਣੀ ਸ਼ਕਤੀ ਦਾ ਸਬੂਤ ਦਿੰਦੇ ਹੋਏ ਗਰਮਤਿਆਂ ਦੇ ਮੂਲ ਤੇ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਅਕਾਲੀ ਦਲ ਦੀ ਭਰਤੀ ਟੀਮ ਨੂੰ ਰੱਦ ਕਰਕੇ ਅਤੇ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਕ ਹੁਕਮ ਕਿ ਇਹ ਗੁਨਾਹਗਾਰ ਲੀਡਰਸ਼ਿਪ ਖ਼ਾਲਸਾ ਪੰਥ ਦੀ ਅਗਵਾਈ ਦਾ ਨੈਤਿਕ ਅਧਿਕਾਰ ਖੋ ਚੁਕੀ ਹੈ, ਵਿਰੁੱਧ ਜਾ ਕੇ ਆਪ ਹੀ ਅਕਾਲੀ ਦਲ ਦੀ ਕਮਾਂਡ ਸੰਭਾਲ ਕੇ ਗੁਰਮਤਿਆਂ ਦੇ ਮੂਲ ਨੂੰ ਰਦ ਕਰ ਦਿੰਦੀ ਹੈ। ਇਸ ਤਰ੍ਹਾਂ ਹਰ ਪੱਖੋਂ ਹਾਲਾਤ ਫ਼ਿਰ ਤੋਂ ਉਹੀ ਜਾਪਦੇ ਹਨ। ਮਾਘੀ ਤੋਂ ਬਾਅਦ ਪੰਥਕ ਸੰਕਟ ਹੋਰ ਡੂੰਘਾ ਹੋ ਜਾਣ ਦੀ ਸੰਭਾਵਨਾ ਹੈ। ਪੰਥਕ ਜਥੇਬੰਦੀਆਂ ਦੇ ਵਿਰੋਧ ਕਾਰਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਦਿਕਤਾਂ ਹੋਰ ਵਧ ਜਾਣਗੀਆਂ। ਭਾਈ ਅੰਮ੍ਰਿਤ ਪਾਲ ਸਿੰਘ ਦਾ ਧੜਾ ਪਹਿਲਾਂ ਹੀ ਬਾਦਲਕਿਆਂ ਲਈ ਚੈਲਿੰਜ ਬਣਿਆ ਹੋਇਆ ਅਕਾਲੀ ਦਲ ਦੇ ਨਿਰਮਾਣ ਲਈ ਰੁਝਿਆ ਹੋਇਆ ਹੈ। ਦੂਜੇ ਪਾਸੇ ਬਾਬਾ ਸਰਬਜੋਤ ਸਿੰਘ ਬੇਦੀ ਦਾ ਧੜਾ ਵੱਖ ਵੱਖ ਜਥੇਬੰਦੀਆਂ ਨਾਲ ਸੰਪਰਕ ਕਰਕੇ ਅਕਾਲ ਤਖ਼ਤ ਸਾਹਿਬ ਦੇ ਗੁਰਮਤਿਆਂ ਨੂੰ ਲਾਗੂ ਕਰਾਉਣ ਲਈ ਮੁਹਿੰਮ ਉਸਾਰਨ ਵਿੱਚ ਜੁਟਿਆ ਹੋਇਆ ਹੈ।

### ਬਾਦਲਕਿਆਂ ਦੀਆਂ ਆਪਹੁਦਰੀਆਂ ਕਾਰਨ ਜਥੇਦਾਰ ਵੀ ਸੰਕਟ ਵਿੱਚ

ਗੁਰਮਤਿਆਂ ਦੇ ਮੂਲ ਨੂੰ ਅਖੋਂ ਪਰੋਖੇ ਕਾਰਨ



ਸਿੰਘ ਸਾਹਿਬਾਨ ਨੂੰ ਵੀ ਮੁਸ਼ਕਿਲ ਸਮੇਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਕਰਕੇ ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ। ਯਾਦ ਰਹੇ ਕਿ ਬਾਦਲ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਇਸ਼ਾਰੇ ਉੱਪਰ ਗੁਰਮਤਿਆਂ ਨੂੰ ਢਾਹ ਲਗਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਵਜੋਂ ਕੰਮ ਕਰਨ ਤੋਂ ਰੋਕ ਦਿੱਤਾ ਸੀ ਅਤੇ ਉਨ੍ਹਾਂ ਵਿਰੁੱਧ ਜਾਂਚ ਕਮੇਟੀ ਬਿਠਾ ਦਿਤੀ ਸੀ। ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਹੁਕਮ ਕੀਤਾ ਸੀ ਕਿ ਤਖ਼ਤ ਸਾਹਿਬ ਦੇ ਜਥੇਦਾਰ ਦੇ ਦੋਸ਼ਾਂ ਦੀ ਜਾਂਚ ਸ਼੍ਰੋਮਣੀ ਕਮੇਟੀ ਨਹੀਂ ਕਰ ਸਕਦੀ। ਇਸ ਲਈ ਇਹ ਕਮੇਟੀ ਰਦ ਕੀਤੀ ਜਾਵੇ ,ਪਰ ਇਹ ਫ਼ੁਰਮਾਨ ਸ਼੍ਰੋਮਣੀ ਕਮੇਟੀ ਨੇ ਨਹੀਂ ਸਵੀਕਾਰਿਆ।

ਹੁਣ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੱਤ ਮੈਂਬਰੀ ਕਮੇਟੀ ਰਾਹੀਂ ਨਾਮਜ਼ਦਗੀਆਂ ਕਰਨ ਦੇ 2 ਦਸੰਬਰ ਦੇ ਨਿਰਦੇਸ਼ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਜਾ ਰਿਹਾ ਹੈ। ਜਿੱਥੇ ਗਿਆਨੀ ਰਘਬੀਰ ਸਿੰਘ 2 ਦਸੰਬਰ ਨੂੰ ਗੁਰਮਤਿਆਂ ਨੂੰ ਨਿਭਾਉਣ ਲਈ ਪ੍ਰਤੀਬੱਧ ਸਨ, ਉੱਥੇ ਹੀ ਮੰਨਿਆ ਜਾਂਦਾ ਸੀ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਐਲਾਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ।ਬਾਦਲਕੇ ਇਸ ਕਾਰਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਸਖ਼ਤ ਨਰਾਜ਼ ਸਨ ਤੇ ਉਨ੍ਹਾਂ ਦਾ ਆਈ.ਟੀ. ਵਿੰਗ ਸ਼ੋਸ਼ਲ ਮੀਡੀਆ ਵਿੱਚ ਲਗਾਤਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਕਰ ਰਿਹਾ ਸੀ। ਜਥੇਦਾਰ ਹਰਪ੍ਰੀਤ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਕਾਲੀ ਦਲ ਇਨ੍ਹਾਂ ਗੁਰਮਤਿਆਂ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਭਾਵੇਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਸਵੀਕਾਰ ਕਰ ਲਿਆ, ਜੋ ਕਿ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਵਿੱਚੋਂ ਇੱਕ ਸੀ, ਪਰ ਇਸਨੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦਾ ਝੂਠਾ ਬਹਾਨਾ ਬਣਾਕੇ ਭਰਤੀ ਪ੍ਰਕਿਰਿਆ ਨੂੰ ਆਪਣੇ ਤਰੀਕੇ ਨਾਲ ਅੱਗੇ ਵਧਾਉਣ ਦਾ ਐਲਾਨ ਕੀਤਾ ਹੈ। ਬਾਦਲਕਿਆਂ ਦੀ ਵਰਕਿੰਗ ਕਮੇਟੀ ਵਲੋਂ ਦਲ ਦੀ ਨਵੀਂ ਭਰਤੀ ਪ੍ਰਕਿਰਿਆ ਅਰੰਭ ਕਰਨ ਲਈ ਜਥੇਦਾਰਾਂ ਵਲੋਂ ਨਿਯੁਕਤ 7 ਮੈਂਬਰੀ ਕਮੇਟੀ ਦੀ ਥਾਂ ਇਸ ਭਰਤੀ ਦੀ ਕਮਾਂਡ ਅਕਾਲੀ ਆਗੂ ਜਥੇ: ਗੁਲਜ਼ਾਰ ਸਿੰਘ ਰਣੀਕੇ ਨੂੰ ਸੌਂਪਦਿਆਂ ਮੁੱਖ ਚੋਣ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

ਜਦਕਿ ਡਾ. ਦਲਜੀਤ ਸਿੰਘ ਚੀਮਾ ਬਤੌਰ ਸਕੱਤਰ ਰਿਟਰਨਿੰਗ ਅਧਿਕਾਰੀ ਨੂੰ ਸਹਿਯੋਗ ਕਰਨਗੇ। ਡਾ. ਚੀਮਾ ਨੇ ਦੱਸਿਆ ਕਿ ਇੱਕ ਮਹੀਨੇ ਦੇ ਅੰਦਰ ਅੰਦਰ ਭਰਤੀ ਪੂਰੀ ਕੀਤੀ ਜਾਵੇਗੀ ਅਤੇ 25 ਲੱਖ ਭਰਤੀ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤਰ੍ਹਾਂ 1 ਮਾਰਚ ਨੂੰ ਅਕਾਲੀ ਦਲ ਦਾ ਨਵਾਂ ਪ੍ਰਧਾਨ ਚੁਣਿਆ ਜਾਵੇਗਾ। ਨਵਾਂ ਪ੍ਰਧਾਨ ਚੁਣੇ ਜਾਣ ਤੱਕ ਬਲਵਿੰਦਰ ਸਿੰਘ ਭੂੰਦੜ ਕਾਰਜਕਾਰੀ ਪ੍ਰਧਾਨ ਬਣੇ ਰਹਿਣਗੇ। ਨਵਾਂ ਜਥੇਬੰਦਕ ਢਾਂਚਾ ਬਣਨ ਤੱਕ ਪਾਰਟੀ ਦਾ ਪਾਰਲੀਮਾਨੀ ਬੋਰਡ ਜਰੂਰਤ ਅਨੁਸਾਰ ਫ਼ੈਸਲਾ ਲਵੇਗਾ। ਇਸ ਦੇ ਨਾਲ ਹੀ ਹੋਰ ਵੱਖ-ਵੱਖ ਰਾਜਾਂ ਤੇ ਸ਼ਹਿਰਾਂ ਲਈ ਵੀ ਚੋਣ ਇੰਚਾਰਜ ਤੇ ਆਬਜ਼ਰਵਰ ਬਣਾਏ ਗਏ ਹਨ ਪਰ ਇਹ ਸਿੱਧੇ ਤੌਰ ਉਪਰ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨੂੰ ਰੌਂਦਣ ਦੀ ਕਾਰਵਾਈ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿਚੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਭਰਤੀ ਕਰਨ ਵਾਲੀ ਕਮੇਟੀ ਵਿਚੋਂ ਬਾਹਰ ਰੱਖਿਆ ਗਿਆ ਹੈ। ਦਿਲਚਸਪ ਗੱਲ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿਚੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਸਮੇਤ ਪੰਜ ਮੈਂਬਰਾਂ ਨੂੰ ਖਾਸ ਜ਼ਿੰਮੇਵਾਰੀ ਨਹੀਂ ਦਿਤੀ ਗਈ,ਪੰਜਾਬ ਤੋਂ ਬਾਹਰ ਰਾਜਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤਾਂ ਜੋ ਬਾਦਲ ਧੜਾ ਆਪਣੀ ਮਨਮਰਜ਼ੀ ਚਲਾ ਸਕੇ। ਡਾ. ਚੀਮਾ ਨੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਅਨੁਸ਼ਾਸ਼ਨੀ ਕਮੇਟੀ ਕੋਲ਼ ਪੇਸ਼ ਹੋਣ ਬਾਅਦ ਹੀ ਬਾਗੀ ਆਗੂਆਂ ਬਾਰੇ ਵਿਚਾਰ ਕੀਤਾ ਜਾਵੇਗਾ।

ਗੁਰਮਤਿਆਂ ਅਨੁਸਾਰ ਭਰਤੀ ਕਮੇਟੀ ਮੈਂਬਰ ਸੰਤਾ ਸਿੰਘ ਉਮੈਦਪੁਰੀ, ਪਹਿਲਾਂ ਹੀ ਇਸ ਪ੍ਰਕਿਰਿਆ ਦਾ ਹਿੱਸਾ ਨਾ ਬਣਨ ਦਾ ਐਲਾਨ ਕਰ ਚੁੱਕਾ ਹੈ, ਇਹ ਕਹਿੰਦੇ ਹੋਏ ਕਿ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ।ਦੂਜੇ ਪਾਸੇ ਵਿਰੋਧੀ ਤੇ ਬਾਗੀ ਧਿਰਾਂ ਵੱਲੋਂ ਇਸ ਨੂੰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਜਿਥੇ ਜਾਰੀ ਆਦੇਸ਼ਾਂ ਤੋਂ ਕਰੀਬ 35 ਦਿਨਾਂ ਬਾਅਦ ਵਰਕਿੰਗ ਕਮੇਟੀ ਵੱਲੋਂ ਸੁਖਬੀਰ ਦਾ ਅਸਤੀਫ਼ਾ ਪ੍ਰਵਾਨ ਕਰਨ ਦਾ ਸਵਾਗਤ ਕਰਦਿਆਂ ਸ਼ੁਰੂ ਕੀਤੀ ਜਾ ਰਹੀ ਭਰਤੀ ਪ੍ਰਕਿਰਿਆ ਨੂੰ ਚੰਗੀ ਗੱਲ ਕਿਹਾ ਹੈ, ਪਰ ਨਾਲ ਦੂਸਰੇ ਪਾਸੇ ਭਰਤੀ ਪ੍ਰਕਿਰਿਆ ਲਈ ਅਕਾਲ ਤਖ਼ਤ ਸਾਹਿਬ ਦੀ ਐਲਾਨੀ 7 ਮੈਂਬਰੀ ਕਮੇਟੀ ਦੇ ਵੀ ਅਜੇ ਸਟੈਂਡ ਕਰਦੇ ਹੋਣ ਅਤੇ ਉਸ ਨੂੰ ਕਾਰਜਸ਼ੀਲ ਹੋ ਕੇ ਆਪਣਾ ਕੰਮ ਦੀ ਤਾਕੀਦ ਵੀ ਕੀਤੀ ਗਈ ਹੈ। ਹੁਣ ਪੰਥਕ ਹਲਕਿਆਂ ਵਿੱਚ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ ਕਿ ਭਰਤੀ ਪ੍ਰਕਿਰਿਆ ਲਈ 7 ਮੈਂਬਰੀ ਕਮੇਟੀ ਦੀ ਅਗਵਾਈ ਹੋਵੇਗੀ ਜਾਂ ਕੇਵਲ ਸ਼ਮੂਲੀਅਤ ?

## ਬਾਦਲਕਿਆਂ ਪ੍ਰਤੀ ਪੰਥਕ ਜਥੇਬੰਦੀਆਂ 'ਚ ਰੋਸ



ਸੱਚ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਸ੍ਰੀ ਅਕਾਲ ਤਖ਼ਤ ਤੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਸਬੰਧੀ ਆਦੇਸ਼ਾਂ ਨੂੰ ਅਣਡਿੱਠ ਕੀਤੇ ਜਾਣ ਕਰਕੇ ਸ਼੍ਰੋਮਣੀ ਅਕਾਲੀ ਦਲ ਇੱਕ ਵਾਰ ਮੁੜ ਪੰਥਕ ਧਿਰਾਂ ਦੇ ਨਿਸ਼ਾਨੇ 'ਤੇ ਆ ਗਿਆ ਹੈ।

ਦਲ ਖ਼ਾਲਸਾ ਨੇ ਦੋਸ਼ ਲਗਾਇਆ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀਆਂ ਨੇ ਇੱਕ ਵਾਰ ਫ਼ਿਰ ਸਿੱਖ ਪੰਥ ਨਾਲ ਧੋਖਾ ਕੀਤਾ ਹੈ। ਸੁਖਬੀਰ ਸਿੰਘ ਬਾਦਲ ਪਾਰਟੀ ਪ੍ਰਧਾਨ ਵਜੋਂ ਵਾਪਸੀ ਕੀਤੀ ਜਾਂ 1 ਮਾਰਚ ਨੂੰ ਨਵਾਂ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਪਾਰਟੀ ਨੂੰ ਰਿਮੋਟ ਕੰਟਰੋਲ ਰਾਹੀਂ ਚਲਾਉਣਗੇ। ਦਲ ਖ਼ਾਲਸਾ ਦੇ ਆਗੂਆਂ ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ ਅਤੇ ਰਣਬੀਰ ਸਿੰਘ ਨੇ ਕਿਹਾ ਕਿ ਬਾਦਲ ਦਲ ਵਲੋਂ ਮਾਨਤਾ ਰੱਦ ਕਰਨ ਦੀ ਧਮਕੀ ਪਾਰਟੀ ਦੇ ਪੁਨਰਗਠਨ ਵਿੱਚ ਬਾਦਲ ਪਰਿਵਾਰ ਦੇ ਦਬਦਬੇ ਨੂੰ ਯਕੀਨੀ ਬਣਾਉਣ ਤੇ ਨਵੇਂ ਢਾਂਚੇ 'ਚ ਬਾਗੀਆਂ ਨੂੰ ਨੁਮਾਇੰਦਗੀ ਦੇਣ ਤੋਂ ਇਨਕਾਰ ਕਰਨ ਦੀ ਇੱਕ ਸੋਚੀ ਸਮਝੀ ਰਣਨੀਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਆਪਣੇ ਗੁਨਾਹਾਂ ਨੂੰ ਕਬੂਲ ਕੀਤਾ। ਦਲ ਖ਼ਾਲਸਾ ਆਗੂਆਂ ਕਿਹਾ ਕਿ ਅਕਾਲੀ ਦਲ ਨੇ ਜਥੇਦਾਰਾਂ ਨੂੰ ਕਥਿਤ ਤੌਰ 'ਤੇ ਭਰਮਾਉਣ ਲਈ ਸਾਰੇ ਦਬਾਅ ਤੇ ਪੈਂਤੜੇ ਵਰਤੇ, ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਮਨਵਾਉਣ ਲਈ ਪਹਿਰਾ ਦਿੱਤਾ। ਕੰਵਰਪਾਲ ਸਿੰਘ ਨੇ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦਾ ਚਿਹਰਾ ਬਦਲਣ ਨਾਲ ਇਸਦੀ ਪੁਨਰ-ਸੁਰਜੀਤੀ ਨਹੀਂ ਹੋਵੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨਾਲ ਸਬੰਧਿਤ ਗੁਰਪ੍ਰਤਾਪ ਸਿੰਘ ਵਡਾਲਾ, ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ, ਰਵੀਇੰਦਰ ਸਿੰਘ ਨੇ ਵੱਖ- ਵੱਖ ਬਿਆਨਾਂ ਵਿੱਚ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਕੀਤੇ ਗਏ ਆਦੇਸ਼ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਵਾਰ ਮੁੜ ਅਣਡਿੱਠ ਕੀਤੇ ਜਾਣ ਕਾਰਨ ਨਿਰਾਸ਼ਾ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਮਾਮਲੇ ਵਿੱਚ ਆਪਣੇ ਤੌਰ 'ਤੇ ਬਣਾਈ ਗਈ ਸਮਾਨੰਤਰ ਕਮੇਟੀ ਨੂੰ ਲੈ ਕੇ ਦੁਬਿਧਾ ਵਾਲੀ ਸਥਿਤੀ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਇਸ ਮਾਮਲੇ ਵਿੱਚ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਉਨ੍ਹਾਂ ਮੁੜ ਆਖਿਆ ਕਿ ਇਸ ਕਮੇਟੀ ਦੀ ਹੋਂਦ ਕਾਇਮ ਹੈ ਤੇ ਇਹ ਕਮੇਟੀ ਕਾਰਜਸ਼ੀਲ ਹੈ। ਪਰ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਸਪਸ਼ਟ ਸਟੈਂਡ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਇਸ ਮਾਮਲੇ ਵਿੱਚ ਬੇਲੋੜੇ ਅਤੇ ਬੇਅਰਥ ਤਰਕ ਦੇ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਦੋਸ਼ ਲਾਇਆ ਕਿ ਅਕਾਲੀ ਦਲ ਦੀ ਲੀਡਰਸ਼ਿਪ ਅਕਾਲ ਤਖਤ ਦੇ ਆਦੇਸ਼ ਨੂੰ ਇੰਨ ਬਿੰਨ ਲਾਗੂ ਕਰਨ ਤੋਂ ਭੱਜ ਰਹੀ ਹੈ। ਨਿਯਮਾਂ ਅਨੁਸਾਰ ਸੱਤ ਮੈਂਬਰੀ ਕਮੇਟੀ ਹੀ ਅਕਾਲੀ ਦਲ ਦੇ ਡੈਲੀਗੇਟ ਦੀ ਭਰਤੀ ਕਰ ਸਕਦੀ ਹੈ ਪਰ ਅਕਾਲੀ ਲੀਡਰਸ਼ਿਪ ਨੇ ਇਸ ਸਬੰਧੀ ਆਪਣੇ ਲੀਡਰਾਂ ਦੀਆਂ ਡਿਊਟੀਆਂ ਲਾ ਲਾਕੇ ਗੁਰਮਤੇ ਦੀ ਉਲੰਘਣਾ ਕੀਤੀ ਹੈ।

# ਯੂ.ਕੇ. ਦੇ 'ਗਰੂਮਿੰਗ ਗੈਂਗ' ਮੁੱਦੇ ਨੇ ਬ੍ਰਿਟਿਸ਼ ਰਾਜਨੀਤੀ 'ਚ ਮਚਾਈ ਹਲਚਲ

## ਨਾਬਾਲਗ ਪੀੜਤਾਂ ਨਾਲ ਦੋਸਤੀ ਕਰਕੇ ਸ਼ੋਸ਼ਣ ਕਰਦੇ ਹਨ ਗਰੂਮਿੰਗ ਗੈਂਗ

## ਮਸਕ ਦੀ ਟਿੱਪਣੀ ਕਾਰਨ ਇਸ ਬਾਰੇ ਚਰਚਾ ਪੂਰੀ ਦੁਨੀਆਂ ਵਿੱਚ ਹੋਈ ਤੇਜ਼

ਯੂ.ਕੇ. ਦੇ 'ਗਰੂਮਿੰਗ ਗੈਂਗ' ਮੁੱਦੇ ਨੇ ਬ੍ਰਿਟਿਸ਼ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ ਹੈ। ਭਾਰਤੀ ਨੇਤਾ ਵੀ ਇਸ 'ਤੇ ਪ੍ਰਤੀਕ੍ਰਿਆ ਦੇ ਰਹੇ ਹਨ। ਭਾਰਤੀ ਸੰਸਦ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਇਸ 'ਤੇ ਲਿਖਿਆ ਤਾਂ ਐਲੋਨ ਮਸਕ ਨੇ ਵੀ ਇਸ 'ਤੇ ਪ੍ਰਤੀਕ੍ਰਿਆ ਦਿੱਤੀ ਸੀ। ਜਦੋਂ ਮਸਕ ਨੇ ਐਕਸ 'ਤੇ ਇੱਕ ਪੋਸਟ ਲਿਖੀ, ਤਾਂ ਇਸ ਬਾਰੇ ਚਰਚਾ ਪੂਰੀ ਦੁਨੀਆ ਵਿੱਚ ਤੇਜ਼ ਹੋ ਗਈ। ਮਸਕ ਨੇ ਸੋਸ਼ਲ ਮੀਡੀਆ 'ਐਕਸ' 'ਤੇ ਇਸ ਬਾਰੇ ਕਈ ਪੋਸਟਾਂ ਪਾ ਕੇ ਬਰਤਾਨਵੀ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦੀ ਭੂਮਿਕਾ 'ਤੇ ਸਵਾਲ ਚੁੱਕੇ ਸਨ। ਮਸਕ ਨੇ ਲਿਖਿਆ ਕਿ ਪੀ.ਐੱਮ. ਸਟਾਰਮਰ 'ਗਰੂਮਿੰਗ ਗੈਂਗਸ ਸਕੈਂਡਲ' ਨੂੰ ਸਹੀ ਤਰ੍ਹਾਂ ਨਾਲ ਸੰਭਾਲਣ ਵਿੱਚ ਨਾਕਾਮ ਰਹੇ ਹਨ।



ਸਾਲ 2008 ਤੋਂ ਸਾਲ 2013 ਵਿਚਾਲੇ ਪ੍ਰਧਾਨ ਮੰਤਰੀ ਸਟਾਰਮਰ, ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਦੇ ਪ੍ਰਮੁੱਖ ਹੁੰਦੇ ਸਨ। ਹਾਲਾਂਕਿ, ਪ੍ਰਧਾਨ ਮੰਤਰੀ ਸਟਾਰਮਰ ਨੇ ਆਲੋਚਕਾਂ 'ਤੇ ਇਸ ਮਾਮਲੇ ਬਾਰੇ 'ਝੂਠੀ ਅਤੇ ਗਲਤ ਜਾਣਕਾਰੀ' ਫੈਲਾਉਣ ਦਾ ਇਲਜ਼ਾਮ ਲਗਾਇਆ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਇਸ ਨੂੰ ਸਹੀ ਢੰਗ ਨਾਲ ਹੈਂਡਲ ਕੀਤਾ।

ਰਾਜ ਸਭਾ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਕਿਹਾ ਸੀ ਕਿ ਬ੍ਰਿਟੇਨ ਵਿੱਚ ਗੈਂਗਾਂ ਨੂੰ ਤਿਆਰ ਕਰਨ ਦਾ ਦੋਸ਼ 'ਏਸ਼ੀਆਈ ਗੈਂਗਾਂ' ਨੂੰ ਨਹੀਂ ਦਿੱਤਾ ਜਾ ਸਕਦਾ ਬਲਕਿ ਇੱਕ 'ਠੱਗ ਦੇਸ਼' ਪਾਕਿਸਤਾਨ ਨੂੰ ਦਿੱਤਾ ਜਾ ਸਕਦਾ ਹੈ। ਇਸ 'ਤੇ ਐਲਨ ਮਸਕ ਨੇ ਕਿਹਾ ਕਿ ਇਹ ਸੱਚ ਹੈ। ਪ੍ਰਿਯੰਕਾ ਚਤੁਰਵੇਦੀ ਅਤੇ ਐਲੋਨ ਮਸਕ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਸੀ ਜਦੋਂ ਬ੍ਰਿਟੇਨ ਦੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਨੇ ਦਹਾਕੇ ਤੋਂ ਵੱਧ ਪੁਰਾਣੇ 'ਗਰੂਮਿੰਗ ਗੈਂਗ' ਮਾਮਲੇ ਦੀ ਨਵੀਂ ਰਾਸ਼ਟਰੀ ਜਾਂਚ ਦੇ ਗਠਨ ਲਈ ਦਬਾਅ ਬਣਾਉਣ ਲਈ ਸੰਸਦ ਵਿੱਚ ਬਹਿਸ ਕੀਤੀ ਸੀ। ਪ੍ਰਿਯੰਕਾ ਚਤੁਰਵੇਦੀ ਨੇ ਪਿਛਲੇ ਦਿਨੀਂ ਬ੍ਰਿਟਿਸ਼ ਲੇਬਰ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਉਸ ਬਿਆਨ 'ਤੇ ਇਤਰਾਜ਼ ਜਤਾਇਆ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ 2008 ਅਤੇ 2013 ਵਿਚਕਾਰ ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਦੇ ਮੁਖੀ ਵਜੋਂ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਪਹਿਲੇ ਏਸ਼ੀਅਨ ਗਰੂਮਿੰਗ ਗੈਂਗ 'ਤੇ ਮੁਕੱਦਮਾ ਚਲਾਇਆ ਸੀ।

### ਗਰੂਮਿੰਗ ਗੈਂਗ ਸਕੈਂਡਲ ਦਾ ਰਹੱਸ ਕੀ ਹੈ?

ਗਰੂਮਿੰਗ ਗੈਂਗ ਸਕੈਂਡਲ ਇੱਕ ਹਾਈ ਪ੍ਰੋਫ਼ਾਈਲ ਕੇਸ ਹੈ। ਇਨ੍ਹਾਂ ਵਿੱਚ ਕੁਝ ਪੁਰਸ਼ਾਂ ਦੇ ਟੋਲਿਆਂ (ਜਿਨ੍ਹਾਂ ਵਿੱਚ ਜ਼ਿਆਦਾਤਰ ਪਾਕਿਸਤਾਨੀ ਮੂਲ ਦੇ ਸਨ) ਨੂੰ ਯੂਨਾਈਟਿਡ ਕਿੰਗਡਮ ਵਿੱਚ ਘੱਟ ਉਮਰ ਦੀਆਂ ਗੋਰੀਆਂ ਕੁੜੀਆਂ ਨਾਲ ਜਿਨਸੀ ਸ਼ੋਸ਼ਣ ਅਤੇ ਬਲਾਤਕਾਰ ਕਰਨ ਦੇ ਮਾਮਲੇ 'ਚ ਦੋਸ਼ੀ ਪਾਇਆ ਗਿਆ ਸੀ। ਸਾਲ 2012 ਵਿੱਚ 'ਦ ਟਾਈਮਜ਼' ਨਿਊਜ਼ ਪੇਪਰ ਨੇ ਰੋਦਰਹੈਮ ਗਰੂਮਿੰਗ ਗੈਂਗਸ ਬਾਰੇ ਪੜਚੋਲ ਕੀਤੀ ਸੀ, ਜਿਸ ਮਗਰੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਹੋਈ।

ਇਸ ਰਿਪੋਰਟ ਨੇ ਬ੍ਰਿਟੇਨ ਸਣੇ ਦੁਨੀਆਂ ਭਰ ਵਿੱਚ ਸੁਰਖ਼ੀਆਂ ਬਟੋਰੀਆਂ ਅਤੇ ਇਸ ਬਾਰੇ ਬ੍ਰਿਟੇਨ ਦੀ ਸੰਸਦ ਵਿੱਚ ਵੱਡੀ ਬਹਿਸ ਵੀ ਹੋਈ ਸੀ। ਇਸੇ ਤਰ੍ਹਾਂ ਦੇ ਘੁਟਾਲੇ ਓਲਡਹੈਮ, ਆਕਸਫੋਰਡ, ਰੌਚਡੇਲ ਅਤੇ ਟੇਲਫੋਰਡ ਵਰਗੇ ਸ਼ਹਿਰਾਂ ਵਿੱਚ ਵੀ ਸਾਹਮਣੇ ਆਏ ਸਨ। ਇਸ ਤੋਂ ਬਾਅਦ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਹੋਣ ਦੇ ਮਾਮਲੇ ਦੀ ਰਾਸ਼ਟਰੀ ਪੱਧਰ 'ਤੇ ਜਾਂਚ ਹੋਈ ਸੀ। ਅਜਿਹੇ ਇਲਜ਼ਾਮ ਲੱਗੇ ਕਿ ਅਪਰਾਧ ਦੇ ਇਨ੍ਹਾਂ ਮਾਮਲਿਆਂ ਨਾਲ ਨਾ ਤਾਂ ਸਹੀ ਤਰ੍ਹਾਂ ਨਜਿੱਠਿਆ ਗਿਆ ਅਤੇ ਨਾ ਹੀ ਪੀੜਤਾਂ ਦੀ ਮਦਦ ਕੀਤੀ ਗਈ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਉਸ ਸਮੇਂ ਦੇ ਇਕ ਜਾਸੂਸ ਚੀਫ ਇੰਸਪੈਕਟਰ ਐਲਨ ਐਡਵਰਡਸ ਨੇ ਅਖ਼ਬਾਰ ਨੂੰ ਦੱਸਿਆ, 'ਹਰ ਕੋਈ ਨਸਲੀ ਕਾਰਕ ਤੋਂ ਬਹੁਤ ਡਰਦਾ ਹੈ।' ਇਨ੍ਹਾਂ ਮਾਮਲਿਆਂ ਨੂੰ 'ਗਰੂਮਿੰਗ ਗੈਂਗ' ਸਕੈਂਡਲ ਵਜੋਂ ਜਾਣਿਆ ਜਾਂਦਾ ਹੈ। 2014 ਵਿੱਚ, ਰੋਦਰਹੈਮ ਕਸਬੇ ਵਿੱਚ ਅਜਿਹੇ ਦੁਰ ਵਿਵਹਾਰ ਦੀ ਇੱਕ ਸਾਲ ਲੰਬੀ ਅਧਿਕਾਰਤ ਜਾਂਚ ਦੇ ਨਤੀਜਿਆਂ ਨੇ ਇੱਕ ਵੱਡੀ ਰਾਸ਼ਟਰੀ ਬਹਿਸ ਛੇੜ ਦਿੱਤੀ ਸੀ।

### ਸਮੱਸਿਆ ਕਿੰਨੀ ਵੱਡੀ?

ਯੂ.ਕੇ. ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਗੈਂਗ-ਅਧਾਰਿਤ ਅਪਰਾਧ ਬਹੁਤ ਘੱਟ ਹੁੰਦੇ ਹਨ। 'ਦ ਇੰਡੀਅਨ ਐਕਸਪ੍ਰੈਸ' ਦੀ ਰਿਪੋਰਟ ਅਨੁਸਾਰ ਯੂਕੇ ਪੁਲਿਸ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਵਿੱਚ ਕਿਹਾ ਗਿਆ ਸੀ ਕਿ 2023 ਵਿੱਚ ਯੂਕੇ ਵਿੱਚ ਬੱਚਿਆਂ ਦੇ ਸ਼ੋਸ਼ਣ ਵਿਰੁੱਧ ਦਰਜ ਕੀਤੇ ਗਏ 1.15 ਲੱਖ ਤੋਂ ਵੱਧ ਜਿਨਸੀ ਅਪਰਾਧਾਂ ਵਿੱਚੋਂ 4,228 (3.7 ਪ੍ਰਤੀਸ਼ਤ) ਗੈਂਗ-ਆਧਾਰਿਤ ਅਪਰਾਧ ਸਨ। ਇਹਨਾਂ ਵਿੱਚੋਂ, 26 ਪ੍ਰਤੀਸ਼ਤ ਅਪਰਾਧ ਪਰਿਵਾਰਾਂ ਦੇ ਅੰਦਰ ਹੋਏ, ਜਦੋਂ ਕਿ 17 ਪ੍ਰਤੀਸ਼ਤ ਵਿੱਚ ਗਰੂਮਿੰਗ ਗੈਂਗ ਸਮੇਤ ਸਮੂਹ ਸ਼ਾਮਲ ਸਨ। ਸਕੂਲ, ਧਾਰਮਿਕ ਸਥਾਨ, ਕਮਿਊਨਿਟੀ ਸੈਂਟਰ ਅਤੇ ਹੋਰ ਅਜਿਹੇ ਅਦਾਰੇ ਨੌਂ ਪ੍ਰਤੀਸ਼ਤ ਗੈਂਗ-ਅਧਾਰਿਤ ਅਪਰਾਧਾਂ ਲਈ ਜ਼ਿੰਮੇਵਾਰ ਸਨ।



ਅਪ੍ਰੈਲ 2023 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੁਆਰਾ ਗਰੂਮਿੰਗ ਗੈਂਗਾਂ ਨਾਲ ਨਜਿੱਠਣ ਲਈ ਬਣਾਈ ਗਈ ਇੱਕ ਟਾਸਕ ਫੋਰਸ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿੱਚ 550 ਤੋਂ ਵੱਧ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਸੀ।

ਇੰਗਲੈਂਡ ਦੇ ਕਈ ਸ਼ਹਿਰਾਂ ਵਿੱਚ ਨੌਜਵਾਨ ਕੁੜੀਆਂ ਨੂੰ ਗੁਮਰਾਹ ਕਰਨ ਵਾਲੇ ਅਪਰਾਧੀਆਂ ਦੇ ਇੱਕ ਨੈੱਟਵਰਕ ਦਾ ਪਰਦਾਫਾਸ਼ ਹੋਇਆ ਸੀ, ਜਿਸ ਨਾਲ ਲੋਕਾਂ ਵਿੱਚ ਚਿੰਤਾ ਪੈਦਾ ਹੋ ਗਈ ਹੈ। ਇਹ 'ਗੈਂਗ' ਨਾਬਾਲਗ ਪੀੜਤਾਂ ਨਾਲ ਦੋਸਤੀ ਕਰਕੇ ਸ਼ੋਸ਼ਣ ਕਰਦੇ ਹਨ, ਅਕਸਰ ਉਨ੍ਹਾਂ ਨੂੰ ਲੁਭਾਉਣ ਲਈ ਸ਼ਰਾਬ, ਨਸ਼ੀਲੇ ਪਦਾਰਥਾਂ ਅਤੇ ਤੋਹਫ਼ਿਆਂ ਦੀ ਵਰਤੋਂ ਕਰਦੇ ਹਨ।


ਹਾਲਾਂਕਿ, 2022 ਵਿੱਚ ਜਾਰੀ ਕੀਤੀ ਗਈ ਇੱਕ ਸੁਤੰਤਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਥਾਨਕ ਅਧਿਕਾਰੀ ਕੁਝ ਬੱਚਿਆਂ ਨੂੰ ਸ਼ੋਸ਼ਣ ਤੋਂ ਬਚਾਉਣ ਵਿੱਚ ਅਸਫਲ ਰਹੇ ਹਨ। ਓਲਡਹੈਮ ਮਾਮਲਿਆਂ ਦੀ ਜਾਂਚ ਦੇ ਦਾਇਰੇ ਨੂੰ ਵਧਾਉਣ ਲਈ ਜਨਤਕ ਮੰਗ ਵਧ ਰਹੀ ਹੈ। 2024 ਵਿੱਚ ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹੈਮ ਦੁਆਰਾ ਸ਼ੁਰੂ ਕੀਤੀ ਗਈ ਇੱਕ ਸੁਤੰਤਰ ਸਮੀਖਿਆ ਵਿੱਚ ਪਾਇਆ ਗਿਆ ਕਿ ਰੋਚਡੇਲ ਵਿੱਚ ਵੱਡੇ ਪੱਧਰ 'ਤੇ ਨੌਜਵਾਨ ਕੁੜੀਆਂ ਨੂੰ ਆਪਣੇ ਜਾਲ ਵਿੱਚ ਫਸਾਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ ਸੀ।

### ਨਸਲਵਾਦ ਦਾ ਸਵਾਲ

ਆਪਣੀ 2014 ਦੀ ਰਿਪੋਰਟ ਵਿੱਚ ਪ੍ਰੋਫੈਸਰ ਜੇਅ ਨੇ ਉਲੇਖ ਕੀਤਾ ਕਿ ਕੌਂਸਲ ਦੇ ਸਟਾਫ ਨੇ 'ਨਸਲਵਾਦੀ ਸਮਝੇ ਜਾਣ ਦੇ ਡਰੋਂ ਅਪਰਾਧੀਆਂ ਦੇ ਨਸਲੀ ਮੂਲ ਦੀ ਪਛਾਣ ਕਰਨ ਬਾਰੇ ਆਪਣੀ ਘਬਰਾਹਟ ਜ਼ਾਹਰ ਕੀਤੀ ਸੀ।' ਦੂਜਿਆਂ ਨੂੰ ਅਜਿਹਾ ਨਾ ਕਰਨ ਲਈ ਆਪਣੇ ਪ੍ਰਬੰਧਕਾਂ ਤੋਂ ਸਪੱਸ਼ਟ ਨਿਰਦੇਸ਼ ਮਿਲੇ ਸਨ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**









# ਬ੍ਰਿਟਿਸ਼ ਸੰਸਦ ਵਿੱਚ ਸਿੱਖ ਘਲੂਘਾਰਾ ਜੂਨ '84 ਦੀ ਪਈ ਗੂੰਜ

## ਸਿੱਖ ਆਗੂ ਢੇਸੀ ਨੇ ਥੈਚਰ ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਕੀਤੀ ਮੰਗ, ਕਿਹਾ ਕਿ ਸਿੱਖਾਂ ਨਾਲ ਇਨਸਾਫ਼ ਕਰੋ

ਯੂ.ਕੇ. ਸੰਸਦ ਵਿੱਚ ਸੱਤਾਧਾਰੀ ਲੇਬਰ ਪਾਰਟੀ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਸਦਨ 'ਹਾਊਸ ਆਫ਼ ਕਾਮਨਜ਼' ਤੋਂ ਸਿੱਖ ਘਲੂਘਾਰਾ ਜੂਨ 84 ਵਿੱਚ ਉਸ ਸਮੇਂ ਦੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਦੀ ਭੂਮਿਕਾ ਬਾਰੇ ਜਾਂਚ ਦੀ ਮੰਗ ਦੁਹਰਾਈ ਹੈ। ਦੱਖਣ-ਪੂਰਬੀ ਇੰਗਲੈਂਡ ਦੇ ਸਲੋਹ ਤੋਂ ਸੰਸਦ ਮੈਂਬਰ ਢੇਸੀ ਨੇ ਪਿਛਲੇ ਸਾਲ ਲੇਬਰ ਸਰਕਾਰ ਨੂੰ ਜਾਂਚ ਸ਼ੁਰੂ ਕਰਨ ਦੀ ਮੰਗ ਕੀਤੀ ਸੀ ਅਤੇ ਢੇਸੀ ਨੇ ਪਿਛਲੀਆਂ ਕੰਜ਼ਰਵੇਟਿਵ ਸਰਕਾਰਾਂ 'ਤੇ 'ਇਸ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼' ਕਰਨ ਦਾ ਦੋਸ਼ ਲਗਾਇਆ ਸੀ।

ਢੇਸੀ ਦੀ ਮੰਗ 'ਤੇ ਬੀਤੇ ਦਿਨੀਂ ਸਦਨ ਦੀ ਨੇਤਾ ਲੂਸੀ ਪਾਵੇਲ ਨੇ ਸੰਸਦੀ ਦਖਲਅੰਦਾਜ਼ੀ ਕਰਦੇ ਹੋਏ ਢੇਸੀ ਨਾਲ ਸਹਿਮਤੀ ਪ੍ਰਗਟਾਈ ਕਿ ਇਹ 'ਯੂ.ਕੇ. ਵਿੱਚ ਸਿੱਖ ਭਾਈਚਾਰੇ ਲਈ ਬਹੁਤ ਮਹੱਤਵਪੂਰਨ' ਮਾਮਲਾ ਹੈ। ਢੇਸੀ ਨੇ ਕਿਹਾ, '1984 ਵਿੱਚ, ਵਿਸ਼ਵਵਿਆਪੀ ਸਿੱਖ ਭਾਈਚਾਰੇ ਨੇ ਸਮੂਹਿਕ ਤੌਰ 'ਤੇ ਇੱਕ ਵਿਨਾਸ਼ਕਾਰੀ ਦੁਖਾਂਤਕ ਸਥਿਤੀ ਦਾ ਸਾਹਮਣਾ ਕੀਤਾ ਜਦੋਂ ਉਸ ਸਮੇਂ ਦੀ ਭਾਰਤ ਸਰਕਾਰ ਨੇ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਅਕਾਲ ਤਖ਼ਤ ਸਾਹਿਬ ਤੋਪਾਂ ਟੈਕਾਂ ਨਾਲ ਢਾਹ ਦਿੱਤਾ। ਇਸ ਦੇ ਨਤੀਜੇ ਵਜੋਂ ਸਿੱਖਾਂ ਦੀ ਸੱਭਿਆਚਾਰਕ ਤੇ ਜਾਨੀ, ਮਾਲੀ ਤਬਾਹੀ ਅਤੇ ਖ਼ੂਨ-ਖਰਾਬਾ ਹੋਇਆ ਅਤੇ ਹਜ਼ਾਰਾਂ ਮਾਸੂਮ ਸਿੱਖਾਂ ਨੂੰ ਆਪਣੀਆਂ ਜਾਨਾਂ ਗੁਆਣੀਆਂ ਪਈਆਂ।'

ਢੇਸੀ ਨੇ ਕਿਹਾ ਕਿ ਤੀਹ ਸਾਲ ਬਾਅਦ, ਅਸੀਂ ਹੈਰਾਨ ਰਹਿ ਗਏ ਜਦੋਂ ਨਵੇਂ ਦਸਤਾਵੇਜ਼ਾਂ ਤੋਂ ਪਤਾ ਲੱਗਾ ਕਿ ਥੈਚਰ ਸਰਕਾਰ ਨੇ ਭਾਰਤ ਨੂੰ ਦਰਬਾਰ ਸਾਹਿਬ ਉਪਰ ਫ਼ੌਜੀ ਕਾਰਵਾਈ ਤੋਂ ਪਹਿਲਾਂ ਸਲਾਹ ਦੇ ਕੇ ਆਪਣੇ ਭਾਰਤੀ ਹਮਰੁਤਬਾ ਇੰਦਰਾ ਗਾਂਧੀ ਦੀ ਮਦਦ ਕੀਤੀ ਸੀ। ਬ੍ਰਿਟਿਸ਼ ਸਿੱਖ ਭਾਈਚਾਰੇ ਨੇ ਸੱਚਾਈ ਅਤੇ ਪਾਰਦਰਸ਼ਤਾ ਦੀ ਭਾਲ ਲਈ ਇਸ ਮਾਮਲੇ ਵਿੱਚ ਥੈਚਰ ਸਰਕਾਰ ਦੀ ਸ਼ਮੂਲੀਅਤ ਦੀ ਹੱਦ ਦਾ ਪਤਾ ਲਗਾਉਣ ਲਈ ਇੱਕ ਸੁਤੰਤਰ ਜਾਂਚ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਸੀ।

ਉਨ੍ਹਾਂ ਕਿਹਾ ਕਿ ਪਿਛਲੀਆਂ ਕੰਜ਼ਰਵੇਟਿਵ ਸਰਕਾਰਾਂ ਨੇ ਇਸ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਸੀ। ਸਿੱਖਾਂ ਨੂੰ ਉਮੀਦ ਹੈ ਕਿ ਨਵੀਂ ਲੇਬਰ ਸਰਕਾਰ ਵਾਅਦੇ ਅਨੁਸਾਰ ਇੱਕ ਸੁਤੰਤਰ ਜਾਂਚ ਕਰੇਗੀ। ਉਨ੍ਹਾਂ ਸੁਆਲ ਉਠਾਇਆ ਕਿ ਇਹ ਜਾਂਚ ਕਦੋਂ ਸ਼ੁਰੂ ਹੋਵੇਗੀ? ਢੇਸੀ ਪਹਿਲਾਂ ਵੀ ਸੰਸਦ ਵਿੱਚ ਇਹ ਮੁੱਦਾ ਉਠਾ ਚੁੱਕੇ ਹਨ ਅਤੇ ਪਿਛਲੇ ਹਫ਼ਤੇ ਪਾਵੇਲ ਨੇ ਕਿਹਾ ਸੀ ਕਿ ਦੇਸ਼ ਦੇ ਸਿੱਖ ਭਾਈਚਾਰੇ ਵੱਲੋਂ ਇਸ ਮੁੱਦੇ ਨੂੰ ਉਠਾਉਣਾ 'ਬਿਲਕੁਲ ਸਹੀ' ਫ਼ੈਸਲਾ ਸੀ।

ਇਥੇ ਜ਼ਿਕਰਯੋਗ ਹੈ ਕਿ ਸੁਤੰਤਰ ਜਾਂਚ ਦੀ ਪਹਿਲੀ ਮੰਗ ਕੁੱਝ ਸਾਲ ਪਹਿਲਾਂ ਉੱਠੀ ਸੀ ਜਦੋਂ ਇਹ ਸਾਹਮਣੇ ਆਇਆ ਸੀ ਕਿ ਸਿੱਖ ਘਲੂਘਾਰਾ ਜੂਨ 84 ਤੋਂ ਪਹਿਲਾਂ ਬ੍ਰਿਟਿਸ਼ ਫ਼ੌਜੀ ਸਲਾਹ ਭਾਰਤੀ ਫ਼ੌਜਾਂ ਨੂੰ ਦਿਤੀ ਗਈ ਸੀ। ਬਰਤਾਨੀਆਂ ਦੇ ਤਤਕਾਲੀ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਇਸ ਖੋਜ ਦੀ ਅੰਦਰੂਨੀ ਸਮੀਖਿਆ ਦੇ ਹੁਕਮ ਦਿਤੇ ਸਨ, ਜਿਸ ਤੋਂ ਬਾਅਦ ਸੰਸਦ ਵਿੱਚ ਇੱਕ ਬਿਆਨ ਜਾਰੀ ਕੀਤਾ ਗਿਆ ਸੀ ਕਿ ਬਰਤਾਨੀਆਂ ਦੀ ਭੂਮਿਕਾ ਪੂਰੀ ਤਰ੍ਹਾਂ 'ਸਲਾਹਕਾਰੀ' ਸੀ ਅਤੇ ਵਿਸ਼ੇਸ਼ ਹਵਾਈ ਸੇਵਾ ਦੀ ਸਲਾਹ ਦਾ ਆਪਰੇਸ਼ਨ ਬਲੂ ਸਟਾਰ 'ਤੇ ਸੀਮਤ ਪ੍ਰਭਾਵ ਪਿਆ ਸੀ।


ਵੋਲਵਰਹੈਂਪਟਨ ਵੈਸਟ ਦੀ ਨੁਮਾਇੰਦਗੀ ਕਰਨ ਵਾਲੇ ਬ੍ਰਿਟਿਸ਼ ਸਿੱਖ ਲੇਬਰ ਪਾਰਟੀ ਦੇ ਸੰਸਦ ਮੈਂਬਰ ਵਰਿੰਦਰ ਜੂਸ ਨੇ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ ਉਠਾਇਆ ਅਤੇ ਭਾਰਤੀ ਹਮਰੁਤਬਾ ਨਾਲ ਸਰਕਾਰ ਦੇ ਦਖਲ ਦੀ ਮੰਗ ਕੀਤੀ ਸੀ। ਜੱਸ ਨੇ ਕਿਹਾ ਸੀ ਕਿ ਮੇਰੇ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਆਬਾਦੀ ਹੈ ਅਤੇ ਮੈਨੂੰ ਭਾਰਤ ਸਰਕਾਰ ਦੇ ਕੌਮਾਂਤਰੀ ਦਮਨ ਅਤੇ ਸਿਆਸੀ ਦਖਲਅੰਦਾਜ਼ੀ 'ਤੇ ਚਿੰਤਾ ਜ਼ਾਹਰ ਕਰਨ ਵਾਲੇ ਵੋਟਰਾਂ ਤੋਂ ਬਹੁਤ ਸਾਰੇ ਪੱਤਰ ਮਿਲੇ ਹਨ, ਜਿਸ ਨਾਲ ਨਾ ਸਿਰਫ਼ ਭਾਰਤ ਦੀ ਯਾਤਰਾ ਕਰਨ ਵਾਲੇ ਸਿੱਖਾਂ ਦੀ ਸੁਰੱਖਿਆ ਲਈ ਖਤਰਾ ਪੈਦਾ ਹੋਇਆ ਹੈ, ਬਲਕਿ ਇਸ ਦੇਸ਼ ਵਿੱਚ ਵੀ।"

ਪਾਵੇਲ ਨੇ 'ਕੌਮਾਂਤਰੀ ਹਮਲੇ ਨਾਲ ਜੁੜੇ ਬਹੁਤ ਮਹੱਤਵਪੂਰਨ ਮੁੱਦਿਆਂ' ਨੂੰ ਮਨਜ਼ੂਰ ਕਰਨ ਲਈ ਜਵਾਬ ਦਿਤਾ ਅਤੇ ਸੰਸਦ ਮੈਂਬਰ ਨੂੰ ਭਰੋਸਾ ਦਿਤਾ ਕਿ ਸਬੰਧਤ ਮੰਤਰੀ 'ਸਮੇਂ ਸਿਰ' ਇਸ ਮਾਮਲੇ 'ਤੇ ਕਾਮਨਜ਼ ਨੂੰ ਅਪਡੇਟ ਕਰਨਗੇ।

## ਬ੍ਰਿਟਿਸ਼ ਸਰਕਾਰ ਦੀ ਜਾਂਚ 'ਚ ਇਹ ਤੱਥ ਆਏ ਸਨ ਸਾਹਮਣੇ

ਇੱਕ ਬ੍ਰਿਟਿਸ਼ ਅਫ਼ਸਰ ਤੋਂ ਭਾਰਤ ਨੇ ਸਲਾਹ ਲਈ ਸੀ ਕਿ ਕਿਸ ਤਰ੍ਹਾਂ ਦਰਬਾਰ ਸਾਹਿਬ ਤੋਂ ਹਥਿਆਰਬੰਦ ਸਿੱਖ ਨੌਜਵਾਨਾਂ ਨੂੰ ਬਾਹਰ ਕੱਢਿਆ ਜਾਵੇ। ਫ਼ਿਲ ਮਿਲਰ ਨੇ 13 ਜਨਵਰੀ 2014 ਨੂੰ ਪ੍ਰਕਾਸ਼ਿਤ ਬਲਾਗ 'ਰਿਵੀਲਡ ਐੱਸ.ਏ.ਐੱਸ. ਅਡਵਾਈਜ਼ਡ ਅੰਮ੍ਰਿਤਸਰ ਰੇਡ' ਵਿੱਚ ਇਸ ਦੀ ਜਾਣਕਾਰੀ ਦਿੰਦੇ ਹੋਏ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਆਲੋਚਨਾ ਕੀਤੀ ਸੀ ਕਿ ਇੱਕ ਪਾਸੇ ਤਾਂ ਉਹ ਸ਼੍ਰੀਲੰਕਾ ਵਿੱਚ ਖ਼ੁਫ਼ੀਆ ਏਜੰਸੀ ਦੇ ਦਖਲ ਦੇ ਸਖ਼ਤ ਖ਼ਿਲਾਫ਼ ਸੀ, ਦੂਜੇ ਪਾਸੇ ਦਰਬਾਰ ਸਾਹਿਬ ਦੇ ਆਪਰੇਸ਼ਨ ਵਿੱਚ ਉਸ ਨੂੰ ਉਨ੍ਹਾਂ ਦੀ ਮਦਦ ਲੈਣ ਤੋਂ ਕੋਈ ਗੁਰੇਜ਼ ਨਹੀਂ ਸੀ।

ਬ੍ਰਿਟਿਸ਼ ਸੰਸਦ ਵਿੱਚ ਹੰਗਾਮਾ ਹੋਣ 'ਤੇ ਜਨਵਰੀ 2014 ਵਿੱਚ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਸਨ।ਜਾਂਚ ਦੇ ਬਾਅਦ ਬ੍ਰਿਟੇਨ ਦੇ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਸਵੀਕਾਰ ਕੀਤਾ ਸੀ ਕਿ ਐੱਸ.ਏ.ਐੱਸ. ਅਧਿਕਾਰੀ ਨੇ 8 ਫ਼ਰਵਰੀ ਤੋਂ 14 ਫ਼ਰਵਰੀ 1984 ਵਿਚਕਾਰ ਭਾਰਤ ਦੀ ਯਾਤਰਾ ਕੀਤੀ ਸੀ ਅਤੇ ਭਾਰਤ ਦੀ ਸਪੈਸ਼ਲ ਫ਼ਰੰਟੀਅਰ ਫ਼ੋਰਸ ਦੇ ਕੁਝ ਅਧਿਕਾਰੀਆਂ ਨਾਲ ਹਰਿਮੰਦਰ ਸਾਹਿਬ ਦਾ ਦੌਰਾ ਵੀ ਕੀਤਾ ਸੀ।ਬਿ੍ਰਗਸ਼ ਮੀਡੀਆ ਅਨੁਸਾਰ ਬ੍ਰਿਟਿਸ਼ ਖ਼ੁਫ਼ੀਆ ਅਧਿਕਾਰੀ ਦੀ ਸਲਾਹ ਸੀ ਕਿ ਸੈਨਿਕ ਆਪਰੇਸ਼ਨ ਨੂੰ ਆਖਰੀ ਬਦਲ ਦੇ ਤੌਰ 'ਤੇ ਹੀ ਰੱਖਿਆ ਜਾਵੇ। ਉਸ ਦੀ ਇਹ ਵੀ ਸਲਾਹ ਸੀ ਕਿ ਸਿੱਖ ਨੌਜਵਾਨਾਂ ਨੂੰ ਬਾਹਰ ਲੈ ਕੇ ਜਾਣ ਲਈ ਹੈਲੀਕਾਪਟਰ ਨਾਲ ਸੁਰੱਖਿਆ ਦਸਤਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿੱਚ ਭੇਜਿਆ ਜਾਵੇ ਤਾਂ ਕਿ ਘੱਟ ਤੋਂ ਘੱਟ ਨੁਕਸਾਨ ਹੋਵੇ।



## ਸੰਤ ਭਿੰਡਰਾਵਾਲੇ ਨੂੰ ਅਗਵਾ ਕਰਨ ਦਾ ਫ਼ੈਸਲਾ ਰੱਦ ਕਿਵੇਂ ਹੋਇਆ ?

ਬ੍ਰਿਟਿਸ਼ ਸੰਸਦ ਵਿੱਚ ਇਸ ਵਿਸ਼ੇ 'ਤੇ ਹੋਈ ਚਰਚਾ 'ਤੇ ਧਿਆਨ ਦਿੰਦੇ ਹੋਏ 'ਇੰਡੀਆ ਟੁਡੇ' ਦੇ ਸੀਨੀਅਰ ਪੱਤਰਕਾਰ ਸੰਦੀਪ ਉਨੀਥਨ ਨੇ ਮੈਗਜ਼ੀਨ ਦੇ 31 ਜਨਵਰੀ, 2014 ਦੇ ਅੰਕ ਵਿੱਚ 'ਸਨੈਚ ਐਂਡ ਗਰੈਬ' ਸਿਰਲੇਖ ਨਾਲ ਇੱਕ ਲੇਖ ਲਿਖਿਆ ਸੀ ਜਿਸ ਵਿੱਚ ਉਨ੍ਹਾਂ ਨੇ ਦੱਸਿਆ ਸੀ ਕਿ ਇਸ ਖ਼ੁਫ਼ੀਆ ਆਪਰੇਸ਼ਨ ਨੂੰ 'ਆਪਰੇਸ਼ਨ ਸਨਡਾਊਨ' ਦਾ ਨਾਂ ਦਿੱਤਾ ਗਿਆ ਸੀ। ਇਸ ਲੇਖ ਵਿੱਚ ਲਿਖਿਆ ਸੀ, ਯੋਜਨਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਨੂੰ ਉਨ੍ਹਾਂ ਦੇ ਗੁਰੂ ਨਾਨਕ ਨਿਵਾਸ ਟਿਕਾਣੇ ਤੋਂ ਫ਼ੜ ਕੇ ਹੈਲੀਕਾਪਟਰ ਜ਼ਰੀਏ ਬਾਹਰ ਲਿਜਾਇਆ ਜਾਏ।

ਇਸ ਯੋਜਨਾ ਨੂੰ ਇੰਦਰਾ ਗਾਂਧੀ ਦੇ ਸੀਨੀਅਰ ਸਲਾਹਕਾਰ ਰਾਮਨਾਥ ਕਾਵ ਦੀ ਮੌਜੂਦਗੀ ਵਿੱਚ ਉਨ੍ਹਾਂ ਦੇ 1 ਅਕਬਰ ਰੋਡ ਨਿਵਾਸ 'ਤੇ ਉਨ੍ਹਾਂ ਸਾਹਮਣੇ ਰੱਖਿਆ ਗਿਆ ਸੀ ਪਰ ਇੰਦਰਾ ਗਾਂਧੀ ਨੇ ਇਸ ਯੋਜਨਾ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ ਸੀ ਕਿ ਇਸ ਵਿੱਚ ਕਈ ਲੋਕ ਮਾਰੇ ਜਾ ਸਕਦੇ ਹਨ।

ਇਹ ਪਹਿਲਾ ਮੌਕਾ ਨਹੀਂ ਸੀ ਜਦੋਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਸੰਤ ਭਿੰਡਰਾਵਾਲੇ ਨੂੰ ਉਨ੍ਹਾਂ ਦੇ ਠਿਕਾਣੇ ਤੋਂ ਫ਼ੜਨ ਦੀ ਯੋਜਨਾ ਬਣਾਈ ਸੀ। ਕਾਵ ਨੇ ਉਸ ਸਮੇਂ ਤੋਂ ਹੀ ਸੰਤ ਜਰਨੈਲ ਸਿੰਘ ਭਿੰਡਰਾਵਾਲੇ 'ਤੇ ਨਜ਼ਰ ਰੱਖੀ ਹੋਈ ਸੀ ਜਦੋਂ ਉਹ ਚੌਕ ਮਹਿਤਾ ਵਿੱਚ ਰਹਿੰਦੇ ਹੁੰਦੇ ਸਨ ਅਤੇ ਬਾਅਦ ਵਿੱਚ 19 ਜੁਲਾਈ, 1982 ਨੂੰ ਗੁਰੂ ਨਾਨਕ ਨਿਵਾਸ ਵਿੱਚ ਸ਼ਿਫ਼ਟ ਹੋ ਗਏ ਸਨ।ਰਾਅ ਵਿੱਚ ਵਿਸ਼ੇਸ਼ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਚੁੱਕੇ ਅਤੇ ਮਰਹੂਮ ਵਿਦੇਸ਼ ਮੰਤਰੀ ਸਵਰਨ ਸਿੰਘ ਦੇ ਜੁਆਈ ਜੀ. ਬੀ. ਐੱਸ. ਸਿੱਧੂ ਦੀ ਇੱਕ ਕਿਤਾਬ 'ਦਿ ਖਾਲਿਸਤਾਨ ਕਾਂਸਪਿਰੇਸੀ' ਪ੍ਰਕਾਸ਼ਿਤ ਹੋਈ ਹੈ ਜਿਸ ਵਿੱਚ ਉਨ੍ਹਾਂ ਨੇ ਇਸ ਯੋਜਨਾ 'ਤੇ ਹੋਰ ਰੋਸ਼ਨੀ ਪਾਈ ਹੈ।

ਉਸ ਜ਼ਮਾਨੇ ਵਿੱਚ 1951 ਬੈਚ ਦੇ ਆਂਧਰ ਪ੍ਰਦੇਸ਼ ਕਾਡਰ ਦੇ ਰਾਮ ਟੇਕਚੰਦ ਨਾਗਰਾਨੀ ਡੀ.ਜੀ.ਐੱਸ. ਯਾਨੀ ਡਾਇਰੈਕਟਰ ਜਨਰਲ ਸਿਕਿਓਰਿਟੀ ਹੋਇਆ ਕਰਦੇ ਸਨ।

ਰਾਅ ਦੀ ਇੱਕ ਕਮਾਂਡੋ ਯੂਨਿਟ ਹੁੰਦੀ ਸੀ ਐੱਸ.ਐੱਫ਼.ਐੱਫ਼., ਜਿਸ ਵਿੱਚ ਸੈਨਾ, ਸੀਮਾ ਸੁਰੱਖਿਆ ਬਲ ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ ਤੋਂ ਲਏ ਗਏ 150 ਚੋਣਵੇਂ ਜਵਾਨ ਹੁੰਦੇ ਸਨ।

ਇਸ ਯੂਨਿਟ ਕੋਲ ਆਪਣੇ ਦੋ ਐੱਮ.ਆਈ. ਹੈਲੀਕਾਪਟਰ ਸਨ। ਇਸ ਦੇ ਇਲਾਵਾ ਉਹ ਜ਼ਰੂਰਤ ਪੈਣ 'ਤੇ ਏਵੀਏਸ਼ਨ ਰਿਸਰਚ ਸੈਂਟਰ ਦੇ ਜਹਾਜ਼ਾਂ ਦੀ ਵੀ ਵਰਤੋਂ ਕਰ ਸਕਦੇ ਸਨ। 1928 ਵਿੱਚ ਪੈਦਾ ਹੋਏ ਰਾਮ ਨਾਗਰਾਨੀ ਅਜੇ ਵੀ ਦਿੱਲੀ ਵਿੱਚ ਰਹਿੰਦੇ ਹਨ। ਖਰਾਬ ਸਿਹਤ ਕਾਰਨ ਹੁਣ ਉਹ ਗੱਲ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਸਿੱਧੂ ਨੇ ਦੋ ਸਾਲ ਪਹਿਲਾਂ ਆਪਣੀ ਕਿਤਾਬ ਦੇ ਸਿਲਸਿਲੇ ਵਿੱਚ ਉਨ੍ਹਾਂ ਨਾਲ ਕਈ ਵਾਰ ਗੱਲ ਕੀਤੀ ਸੀ।

ਜੀ.ਬੀ.ਐੱਸ. ਸਿੱਧੂ ਦੱਸਦੇ ਹਨ, 'ਨਾਗਰਾਨੀ ਨੇ ਮੈਨੂੰ ਦੱਸਿਆ ਸੀ ਕਿ ਦਸੰਬਰ, 1983 ਦੇ ਅੰਤ ਵਿੱਚ ਕਾਵ ਨੇ ਮੈਨੂੰ ਆਪਣੇ ਦਫ਼ਤਰ ਵਿੱਚ ਬੁਲਾ ਕੇ ਸੰਤ ਭਿੰਡਰਾਵਾਲੇ ਨੂੰ ਅਗਵਾ ਕਰਨ ਲਈ ਐੱਸ.ਐੱਫ਼.ਐੱਫ਼. ਦੇ ਹੈਲੀਕਾਪਟਰਾਂ ਨੂੰ ਆਪਰੇਸ਼ਨ ਦੀ ਜ਼ਿੰਮੇਵਾਰੀ ਸੌਂਪੀ ਸੀ। ਸੰਤ ਭਿੰਡਰਾਵਾਲੇ ਨੂੰ ਅਗਵਾ ਹਰਿਮੰਦਰ ਸਾਹਿਬ ਦੀ ਲੰਗਰ ਦੀ ਛੱਤ ਤੋਂ ਕੀਤਾ ਜਾਣਾ ਸੀ ਜਿੱਥੇ ਉਹ ਰੋਜ਼ਾਨਾ ਸ਼ਾਮ ਨੂੰ ਆਪਣਾ ਸੰਦੇਸ਼ ਦਿੰਦੇ ਹੁੰਦੇ ਸਨ। ਇਸ ਲਈ ਦੋ ਐੱਮ.ਆਈ. ਹੈਲੀਕਾਪਟਰਾਂ ਅਤੇ ਕੁਝ ਬੁਲਿਟਪਰੂਫ਼ ਵਾਹਨਾਂ ਦੀ ਵਿਵਸਥਾ ਕੀਤੀ ਜਾਣੀ ਸੀ ਤਾਂ ਕਿ ਸੰਤ ਭਿੰਡਰਾਵਾਲੇ ਨੂੰ ਉੱਥੋਂ ਕੱਢ ਕੇ ਨਾਲ ਦੀ ਸੜਕ ਤੱਕ ਪਹੁੰਚਾਇਆ ਜਾ ਸਕੇ ਇਸ ਲਈ ਨਾਗਰਾਨੀ ਨੇ ਸੀ.ਆਰ.ਪੀ.ਐੱਫ਼. ਜਵਾਨਾਂ ਵੱਲੋਂ ਖੇਤਰ ਦਾ ਤਿੰਨ ਪਰਤਾਂ ਦਾ ਘੇਰਾ ਬਣਾਉਣ ਦੀ ਯੋਜਨਾ ਬਣਾਈ ਸੀ।'

ਇਸ ਆਪਰੇਸ਼ਨ ਮਗਰੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੱਡੀ ਕੀਮਤ ਚੁਕਾਉਣੀ ਪਈ।

# ਹਮਾਸ ਤੇ ਇਜ਼ਰਾਇਲ ਵਿਚਾਲੇ ਜਲਦੀ ਹੋ ਸਕਦੀ ਹੈ ਜੰਗਬੰਦੀ : ਕਤਰ

## ਪਹਿਲੇ ਗੇੜ ਤਹਿਤ 33 ਬੰਦੀ ਰਿਹਾਅ ਕਰਨ ਦੀ ਉਮੀਦ

ਕਾਹਿਰਾ/ਏ.ਟੀ.ਨਿਊਜ਼: ਕਤਰ ਦਾ ਕਹਿਣਾ ਹੈ ਕਿ ਇਜ਼ਰਾਇਲ ਅਤੇ ਹਮਾਸ ਗਾਜ਼ਾ ਵਿੱਚ ਜੰਗਬੰਦੀ ਅਤੇ ਬੰਦੀਆਂ ਦੀ ਰਿਹਾਈ ਬਾਰੇ ਸਹਿਮਤੀ ਦੇ 'ਸਭ ਤੋਂ ਕਰੀਬ' ਪਹੁੰਚ ਗਏ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਜਿਦ ਅਲ-ਅੰਸਾਰੀ ਨੇ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਜਾਰੀ ਗੱਲਬਾਤ ਹਾਂ ਪੱਖੀ ਹੈ। ਹਾਲਾਂਕਿ, ਉਨ੍ਹਾਂ ਨੇ ਸੰਵੇਦਨਸ਼ੀਲ ਗੱਲਬਾਤ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਕਤਰ ਹਮਾਸ ਨਾਲ ਇੱਕ ਸਾਲ ਤੋਂ ਵੱਧ ਸਮੇਂ ਤੋਂ ਜਾਰੀ ਅਸਿੱਧੇ ਤੌਰ 'ਤੇ ਗੱਲਬਾਤ ਵਿੱਚ ਇੱਕ ਅਹਿਮ ਵਿਚੋਲੀਆ ਰਿਹਾ ਹੈ ਅਤੇ ਇਸ ਸਮੇਂ ਗੱਲਬਾਤ ਦੀ ਮੇਜ਼ਬਾਨੀ ਕਰ ਰਿਹਾ ਹੈ। ਗੱਲਬਾਤ ਵਿੱਚ ਸ਼ਾਮਲ ਦੋ ਅਧਿਕਾਰੀਆਂ ਨੇ



ਦੱਸਿਆ ਕਿ ਹਮਾਸ ਨੇ ਗਾਜ਼ਾ ਪੱਟੀ ਵਿੱਚ ਜੰਗਬੰਦੀ ਅਤੇ ਦਰਜਨਾਂ ਬੰਦੀਆਂ ਦੀ ਰਿਹਾਈ ਲਈ ਇੱਕ ਖਰੜਾ ਸਮਝੌਤੇ ਨੂੰ ਸਵੀਕਾਰ ਕਰ ਲਿਆ ਹੈ।

'ਏਪੀ' ਨੇ ਤਜਵੀਜ਼ਤ ਸਮਝੌਤੇ ਦੀ ਇੱਕ ਕਾਪੀ ਪ੍ਰਾਪਤ ਕੀਤੀ ਹੈ ਅਤੇ ਮਿਸਰ ਦੇ ਅਧਿਕਾਰੀ ਅਤੇ ਹਮਾਸ ਦੇ ਅਧਿਕਾਰੀ ਨੇ ਇਸਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ ਹੈ। ਇਸ ਯੋਜਨਾ ਨੂੰ ਅੰਤਿਮ ਪ੍ਰਵਾਨਗੀ ਲਈ ਇਜ਼ਰਾਇਲੀ ਕੈਬਨਿਟ ਵਿੱਚ ਪੇਸ਼ ਕਰਨ ਦੀ ਲੋੜ ਹੋਵੇਗੀ। ਤਿੰਨਾਂ ਅਧਿਕਾਰੀਆਂ ਨੇ ਬੰਦ ਕਮਰੇ ਵਿੱਚ ਹੋਈ ਗੱਲਬਾਤ ਸਬੰਧੀ ਇਹ ਜਾਣਕਾਰੀ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦਿੱਤੀ। ਸਮਝੌਤਾ ਤਿੰਨ ਪੜਾਅ ਵਿੱਚ ਸਿਰੇ ਚੜ੍ਹੇਗਾ। ਪਹਿਲਾ ਗੇੜ ਹਮਾਸ ਵੱਲੋਂ ਛੇ ਹਫ਼ਤਿਆਂ ਅੰਦਰ 33 ਬੰਦੀਆਂ ਦੀ ਰਿਹਾਈ ਨਾਲ ਸ਼ੁਰੂ ਹੋਵੇਗਾ। ਇਨ੍ਹਾਂ ਵਿੱਚ ਪੰਜ ਮਹਿਲਾ ਇਜ਼ਰਾਇਲੀ ਸੈਨਿਕ ਹਨ ਜਿਨ੍ਹਾਂ ਵਿੱਚੋਂ ਹਰੇਕ ਨੂੰ 50 ਫਲਸਤੀਨੀ ਕੈਦੀਆਂ ਦੇ ਬਦਲੇ ਰਿਹਾਅ ਕੀਤਾ ਜਾਵੇਗਾ।

### ਇਜ਼ਰਾਇਲੀ ਮੰਤਰੀ ਵੱਲੋਂ ਅਸਤੀਫ਼ੇ ਦੀ ਧਮਕੀ

ਯੇਰੂਸ਼ਲਮ: ਇਜ਼ਰਾਇਲ ਦੇ ਗ੍ਰਹਿ ਮੰਤਰੀ ਇਤਮਾਰ ਬੇਨ-ਗਵੀਰ ਨੇ ਧਮਕੀ ਦਿੱਤੀ ਕਿ ਜੇਕਰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਤਰ ਵਿੱਚ ਗੱਲਬਾਤ ਦੌਰਾਨ ਗਾਜ਼ਾ ਜੰਗਬੰਦੀ ਅਤੇ ਬੰਦੀਆਂ ਦੀ ਰਿਹਾਈ ਸਬੰਧੀ ਸਮਝੌਤੇ 'ਤੇ ਸਹਿਮਤੀ ਦਿੱਤੀ ਤਾਂ ਉਹ ਕੈਬਨਿਟ ਤੋਂ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਵਿੱਤ ਮੰਤਰੀ ਬੈਜ਼ਾਲੇਲ ਸਮੋਟ੍ਰਿਚ ਨੂੰ ਜੰਗਬੰਦੀ ਸਮਝੌਤੇ ਨੂੰ ਰੋਕਣ ਲਈ ਅੰਤਿਮ ਯਤਨ ਵਿੱਚ ਵਜੋਂ ਉਨ੍ਹਾਂ ਨਾਲ ਆਉਣ ਦੀ ਅਪੀਲ ਕੀਤੀ। ਉਨ੍ਹਾਂ ਜੰਗਬੰਦੀ ਸਮਝੌਤੇ ਨੂੰ ਹਮਾਸ ਅੱਗੇ ਖ਼ਤਰਨਾਕ ਆਤਮ-ਸਮਰਪਣ ਕਰਾਰ ਦਿੱਤਾ।

### ਇਜ਼ਰਾਇਲ ਵੱਲੋਂ ਗਾਜ਼ਾ 'ਤੇ ਹਵਾਈ ਹਮਲੇ, 18 ਹਲਾਕ

ਯੇਰੂਸ਼ਲਮ: ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਵਿੱਚ ਪੂਰੀ ਰਾਤ ਕੀਤੇ ਹਵਾਈ ਹਮਲਿਆਂ ਵਿੱਚ ਘੱਟੋ-ਘੱਟ 18 ਜਣਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ।

ਸਿਹਤ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਹਮਲਾ ਅਜਿਹੇ ਸਮੇਂ ਕੀਤਾ ਗਿਆ ਜਦੋਂ ਇਜ਼ਰਾਇਲ ਤੇ ਹਮਾਸ 15 ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਜੰਗਬੰਦੀ ਸਬੰਧੀ ਸਮਝੌਤੇ 'ਤੇ ਪਹੁੰਚਣ ਦੇ ਕਾਫ਼ੀ ਕਰੀਬ ਹਨ।

## ਦਰਪਣ ਝੂਠ ਨਹੀਂ ਬੋਲਦਾ

# ਭਾਰਤੀ ਮੀਡੀਆ ਨੇ ਨਿੱਝਰ ਕਤਲਕਾਂਡ ਦੇ ਮੁਲਜ਼ਮਾਂ ਦੇ ਰਿਹਾਅ ਹੋਣ ਦੀ ਗ਼ਲਤ ਖ਼ਬਰ ਫ਼ੈਲਾਈ

## ਸੀ.ਬੀ.ਸੀ. ਨਿਊਜ਼ ਨੇ ਪੁਸ਼ਟੀ ਕੀਤੀ ਹੈ ਕਿ ਇਹ ਖ਼ਬਰਾਂ ਝੂਠੀਆਂ ਹਨ

ਬੀਤੇ ਦਿਨੀਂ ਭਾਰਤ ਦੇ ਮੀਡੀਆ ਚੈਨਲਾਂ ਅਤੇ ਅਖ਼ਬਾਰਾਂ ਵਿੱਚ ਇਹ ਖ਼ਬਰ ਨਸ਼ਰ ਹੋਈ ਸੀ ਕਿ ਸਿੱਖ ਕੈਨੇਡੀਅਨ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਗ੍ਰਿਫ਼ਤਾਰ ਹੋਏ 4 ਭਾਰਤੀ ਨਾਗਰਿਕਾਂ ਕਰਨ ਬਰਾੜ (22), ਅਮਨਦੀਪ ਸਿੰਘ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਭਾਰਤੀ ਮੀਡੀਆ ਅਨੁਸਾਰ ਹੇਠਲੀ ਅਦਾਲਤ ਵਿੱਚ ਕਾਰਵਾਈ ’ਤੇ ਰੋਕ ਲੱਗਣ ਤੋਂ ਬਾਅਦ ਸਬੂਤਾਂ ਦੀ ਘਾਟ ਕਾਰਨ ਸੁਪਰੀਮ ਕੋਰਟ ਨੇ ਰਿਹਾਈ ਦਾ ਹੁਕਮ ਜਾਰੀ ਕੀਤਾ ਸੀ। ਸੂਤਰਾਂ ਮੁਤਾਬਕ ਕੈਨੇਡਿਆਈ ਪੁਲਿਸ ਮੁਲਜ਼ਮਾਂ ਵਿਰੁੱਧ ਠੋਸ ਸਬੂਤ ਪੇਸ਼ ਨਹੀਂ ਕਰ ਸਕੀ।

ਇਹ ਝੂਠੀ ਖ਼ਬਰ ਕਈ ਵੱਡੇ ਭਾਰਤੀ ਮੀਡੀਆ ਆਊਟਲੈਟਸ ਵੱਲੋਂ ਚਲਾਈ ਗਈ ਜਿਸ ਵਿੱਚ ਟਾਈਮਜ਼ ਆਫ਼ ਇੰਡੀਆ, ਟ੍ਰਿਬਿਊਨ, ਦ ਹਿੰਦੂ, ਫ਼ਸਟ ਪੋਸਟ, ਹਿੰਦੁਸਤਾਨ ਟਾਈਮਜ਼, ਬਿਜ਼ਨਸ ਟੂਡੇ, ਬਿਜ਼ਨਸ ਸਟੈਂਡਰਡ, ਇੰਡੀਆ ਟੂਡੇ, ਦ ਨਿਊ ਇੰਡੀਅਨ ਐਕਸਪ੍ਰੈਸ, ਮਿੰਟ ਨਿਊਜ਼, ਨਿਊਜ਼ 18 ਅਤੇ ਹੋਰ ਨਾਮਵਰ ਮੀਡੀਆ ਅਦਾਰੇ ਵੀ ਸ਼ਾਮਲ ਹਨ।

ਵਿਦੇਸ਼ੀ ਮੀਡੀਆ ਸੀ.ਬੀ.ਸੀ. ਨਿਊਜ਼ ਨੇ ਪੁਸ਼ਟੀ ਕੀਤੀ ਹੈ ਕਿ ਇਹ ਖ਼ਬਰਾਂ ਝੂਠੀਆਂ ਹਨ। ਭਾਈ ਹਰਦੀਪ ਸਿੰਘ ਨਿੱਝਰ ਮਾਮਲੇ ਵਿੱਚ ਕਿਸੇ ਵੀ ਸ਼ੱਕੀ ਨੂੰ ਨਾ ਤਾਂ ਰਿਹਾਅ ਕੀਤਾ ਗਿਆ ਹੈ ਅਤੇ ਨਾ ਹੀ ਕੀਤੇ ਜਾਣ ਦੀ ਕੋਈ ਉਮੀਦ ਹੈ।

ਬੀ.ਸੀ. ਪ੍ਰੌਸੀਕਿਊਸ਼ਨ ਸਰਵਿਸ ਨੇ ਸੀ.ਬੀ.ਸੀ. ਨਿਊਜ਼ ਨੂੰ ਦੱਸਿਆ, ਇਹ ਸੱਚ ਨਹੀਂ ਹੈ ਕਿ 4 ਸ਼ੱਕੀਆਂ ਨੂੰ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ ਹੈ। ਚਾਰੇ ਸ਼ੱਕੀ ਹਿਰਾਸਤ ਵਿੱਚ ਹੀ ਹਨ।



ਇਹ ਖ਼ਬਰ ਕੈਨੇਡੀਅਨ ਸੋਸ਼ਲ ਮੀਡੀਆ ਖਾਤਿਆਂ ਦੁਆਰਾ ਕੀਤੇ ਗਏ ਦਾਅਵਿਆਂ ਤੋਂ ਪੈਦਾ ਹੋਈ ਜਾਪਦੀ ਹੈ ਜੋ ਆਪਣੇ ਆਪ ਵਿੱਚ ਅਦਾਲਤੀ ਦਸਤਾਵੇਜ਼ਾਂ ਦੀ ਗਲਤ ਸਮਝ ’ਤੇ ਆਧਾਰਿਤ ਜਾਪਦੇ ਹਨ।



ਪਿਛਲੇ ਨਵੰਬਰ ਵਿੱਚ ਕ੍ਰਾਊਨ ਪ੍ਰੌਸੀਕਿਊਟਰਾਂ (ਸਰਕਾਰੀ ਵਕੀਲਾਂ) ਨੇ ਕੇਸ ਨੂੰ ਬੀ.ਸੀ. ਸੂਬਾਈ ਕੋਰਟ ਤੋਂ ਬੀ.ਸੀ. ਸੁਪਰੀਮ ਕੋਰਟ ਵਿੱਚ ਭੇਜ ਦਿੱਤਾ ਸੀ ਅਤੇ ਸਟੇਅ ਦਾਇਰ ਕਰਕੇ ਸੂਬਾਈ ਅਦਾਲਤ ਵਿੱਚ ਸ਼ੁਰੂਆਤੀ ਕੇਸ ਦੀ ਕਾਨੂੰਨੀ ਕਾਰਵਾਈ ਨੂੰ ਅਸਥਾਈ ਤੌਰ ’ਤੇ ਰੋਕਿਆ ਸੀ।

ਸੂਬਾਈ ਅਦਾਲਤ ਦੇ ਔਨਲਾਈਨ ਰਿਕਾਰਡ ਦਰਸਾਉਂਦੇ ਹਨ ਕਿ ਅਸਲ ਸੂਬਾਈ ਅਦਾਲਤੀ ਕੇਸ ’ਤੇ ਸਟੇਅ ਲੱਗਿਆ ਹੈ, ਜਿਸ ਕਰਕੇ ਸਮਝਣ ਵਾਲੇ ਨੇ ਇਸਨੂੰ ਗ਼ਲਤ ਤਰੀਕੇ ਨਾਲ ਸਮਝਿਆ ਅਤੇ ਦਾਅਵਾ ਕੀਤਾ ਗਿਆ ਕਿ ਮਸ਼ਕੂਕ ਜ਼ਮਾਨਤ ’ਤੇ ਰਿਹਾਅ ਕਰ ਦਿੱਤੇ ਗਏ ਹਨ।

## ਰੂਸ ’ਚ ਖ਼ਾਲਸਾ ਜੀ ਦਾ ਹੋਇਆ ਬੋਲਬਾਲਾ !

# ਮਾਸਕੋ ਦਾ ਗੁਰਦੁਆਰਾ ਨਾਨਕ ਦਰਬਾਰ ਬਣਿਆ ਸਿੱਖੀ ਦਾ ਕੇਂਦਰ

## ਅਫ਼ਗਾਨੀ ਸਿੱਖਾਂ ਨੇ ਪ੍ਰਬੰਧ ਸਾਂਭਿਆ, ਬਣੇ ਸਿੱਖੀ ਦੇ ਪ੍ਰਚਾਰਕ

ਸਿੱਖ ਭਾਈਚਾਰੇ ਨੇ ਆਪਣੀਆਂ ਜੜ੍ਹਾਂ 1950 ਦੇ ਦਹਾਕੇ ਦੌਰਾਨ ਰੂਸ ਵਿੱਚ ਲਗਾਈਆਂ। ਉਸ ਸਮੇਂ, ਸੋਵੀਅਤ ਯੂਨੀਅਨ ਨੇ ਸਿੱਖ ਵਿਦਿਆਰਥੀਆਂ ਅਤੇ ਕਮਿਊਨਿਜ਼ਮ ਦੇ ਸਮਰਥਕਾਂ ਨੂੰ ਪੜ੍ਹਾਈ ਅਤੇ ਕੰਮ ਕਰਨ ਲਈ ਸੱਦਾ ਦਿੱਤਾ ਸੀ। ਜ਼ਿਆਦਾਤਰ ਸਿੱਖ ਪ੍ਰਵਾਸੀ ਸੋਵੀਅਤ ਯੂਨੀਅਨ ਵਿੱਚ ਰੇਡੀਓ ਅਤੇ ਪ੍ਰਕਾਸ਼ਨ ਵਰਗੇ ਖੇਤਰਾਂ ਵਿੱਚ ਕੰਮ ਕਰਦੇ ਸਨ, ਜਿੱਥੇ ਉਨ੍ਹਾਂ ਨੇ ਭਾਰਤੀ ਭਾਸ਼ਾਵਾਂ ਨਾਲ ਜੁੜੇ ਮੀਡੀਆ ਵਿੱਚ ਯੋਗਦਾਨ ਪਾਇਆ। 1991 ਵਿੱਚ ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ ਸੱਭਿਆਚਾਰਕ ਵਟਾਂਦਰੇ ਵਿੱਚ ਗਿਰਾਵਟ ਆਈ, ਪਰ 1990 ਦੇ ਦਹਾਕੇ ਦੇ ਅਖੀਰ ਵਿੱਚ ਸਿੱਖ ਪ੍ਰਵਾਸੀਆਂ ਦੀ ਗਿਣਤੀ ਫ਼ਿਰ ਵਧ ਗਈ। 2020 ਦੌਰਾਨ, ਰੂਸ ਵਿੱਚ ਸਿੱਖਾਂ ਦੀ ਆਬਾਦੀ ਲਗਭਗ 300 ਤੋਂ 1,000 ਹੋਣ ਦਾ ਅਨੁਮਾਨ ਹੈ। ਇਸ ਗਿਣਤੀ ਦਾ ਇੱਕ ਵੱਡਾ ਹਿੱਸਾ ਅਫ਼ਗਾਨ ਸ਼ਰਨਾਰਥੀਆਂ ਦਾ ਹੈ ਜੋ 2010 ਦੇ ਦਹਾਕੇ ਵਿੱਚ ਰੂਸ ਆਏ ਸਨ। ਮਾਸਕੋ ਵਿੱਚ ਸਿੱਖ ਭਾਈਚਾਰਾ ਮੁੱਖ ਤੌਰ ’ਤੇ ਕਾਰੋਬਾਰੀ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਰੁੱਝਿਆ ਹੋਇਆ ਹੈ। ਉਹ ਭਾਰਤ ਤੋਂ ਉਤਪਾਦ ਵੇਚਣ ਵਾਲੇ ਵਪਾਰੀਆਂ ਵਜੋਂ ਕੰਮ ਕਰਦੇ ਹਨ ਅਤੇ ਧਾਰਮਿਕ ਤੌਰ ’ਤੇ ਗੁਰਦੁਆਰਾ ਨਾਨਕ ਦਰਬਾਰ ਮਾਸਕੋ ਨਾਲ ਜੁੜੇ ਹੋਏ ਹਨ ਜੋ ਕਿ ਸਿੱਖਾਂ ਦਾ ਇੱਕ ਧਾਰਮਿਕ ਅਤੇ ਸੱਭਿਆਚਾਰਕ




ਪ੍ਰਚਾਰ ਕੇਂਦਰ ਹੈ।

ਇਹ ਗੁਰਦੁਆਰਾ ਕਾਨੂੰਨੀ ਤੌਰ ’ਤੇ ‘ਸੱਭਿਆਚਾਰਕ ਕੇਂਦਰ’ ਵਜੋਂ ਰਜਿਸਟਰਡ ਹੈ, ਕਿਉਂਕਿ ਰੂਸੀ ਸਰਕਾਰ ਨੇ ਇਸਨੂੰ ਗੁਰਦੁਆਰੇ ਵਜੋਂ ਅਧਿਕਾਰਤ ਦਰਜਾ ਨਹੀਂ ਦਿੱਤਾ ਹੈ। ਇਸਨੂੰ ਕਾਨੂੰਨੀ ਤੌਰ ’ਤੇ ਗੁਰਦੁਆਰੇ ਵਜੋਂ ਮਾਨਤਾ ਦਿਵਾਉਣ ਲਈ ਯਤਨ ਜਾਰੀ ਹਨ। ਇਹ ਕੇਂਦਰ 2005 ਵਿੱਚ ਵਾਰਸਾ ਵਿੱਚ ਅਫ਼ਗਾਨ ਸਿੱਖ ਭਾਈਚਾਰੇ ਨੇ ਖੋਲ੍ਹਿਆ ਸੀ। 25 ਸਾਲ ਪਹਿਲਾਂ ਅਫ਼ਗਾਨਿਸਤਾਨ ਦੇ ਕਾਬੁਲ ਤੋਂ ਰੂਸ ਆਏ ਮਾਸਕੋ ਦੇ ਇੱਕ ਪ੍ਰਮੁੱਖ ਸਿੱਖ ਆਗੂ ਗੁਰਮੀਤ ਸਿੰਘ ਨੇ ਇਸਨੂੰ ਇਕਲੌਤਾ ਗੁਰਦੁਆਰਾ ਦੱਸਿਆ ਹੈ। ਗੁਰਮੀਤ ਸਿੰਘ ਨੇ ਕਿਹਾ ਕਿ ਸਿੱਖ ਅਤੇ ਹਿੰਦੂ ਭਾਈਚਾਰੇ ਇੱਥੇ ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿੰਦੇ ਹਨ। ਸਾਡਾ ਗੁਰਦੁਆਰਾ ਹਰ ਧਰਮ ਦੇ ਲੋਕਾਂ ਲਈ ਖੁੱਲ੍ਹਾ ਹੈ ਤੇ ਸਰਬੱਤ ਦੇ ਭਲੇ ਦਾ ਸੋਮਾ ਹੈ। ਸਿੱਖ ਭਾਈਚਾਰਾ ਐਤਵਾਰ ਦੀ ਅਰਦਾਸ ਅਤੇ ਗੁਰਪੁਰਬ ਵਰਗੇ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦਾ ਹੈ। ਔਸਤਨ 100 ਸਿੱਖ ਹਰ ਦਿਨ ਅਰਦਾਸ ਵਿੱਚ ਸ਼ਾਮਲ ਹੁੰਦੇ ਹਨ, ਜਦੋਂ ਕਿ ਤਿਉਹਾਰਾਂ ਦੌਰਾਨ ਇਹ ਗਿਣਤੀ ਦੁੱਗਣੀ ਹੋ ਜਾਂਦੀ ਹੈ। ਰੂਸ ਵਿੱਚ ਸਿੱਖ ਭਾਈਚਾਰੇ ਨੂੰ ਕਈ ਸਮਾਜਿਕ ਅਤੇ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੂਸ ਵਿੱਚ ਭਾਰਤੀ ਵਿਦਿਆਰਥੀਆਂ ਵਿੱਚੋਂ ਸਿੱਖ 2% ਤੋਂ ਵੀ ਘੱਟ ਹਨ।

ਅਫ਼ਗਾਨਿਸਤਾਨ ਦੇ ਸਿੱਖਾਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਰੂਸ ਵਿੱਚ ਸ਼ਰਨ ਲਈ, ਪਰ ਨਵੀਂ ਧਰਤੀ ’ਤੇ ਜੀਵਨ ਸ਼ੁਰੂ ਕਰਨਾ ਉਨ੍ਹਾਂ ਲਈ ਮੁਸ਼ਕਿਲ ਸਾਬਤ ਹੋਇਆ। ਸੱਭਿਆਚਾਰਕ ਪਛਾਣ ਅਤੇ ਧਾਰਮਿਕ ਸਦਭਾਵਨਾ ਰੂਸ ਵਿੱਚ ਸਿੱਖ ਭਾਈਚਾਰਾ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਗੁਰਦੁਆਰਾ ਨਾਨਕ ਦਰਬਾਰ ਨਾ ਸਿਰਫ਼ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਹੈ ਬਲਕਿ ਅੰਤਰ-ਧਾਰਮਿਕ ਸਹਿਯੋਗ ਅਤੇ ਸਦਭਾਵਨਾ ਦਾ ਪ੍ਰਤੀਕ ਵੀ ਹੈ। ਗੁਰਦੁਆਰਾ ਹਰ ਲੋੜਵੰਦ ਵਿਅਕਤੀ ਲਈ ਆਪਣੇ ਦਰਵਾਜ਼ੇ ਖੁੱਲ੍ਹੇ ਰੱਖਦਾ ਹੈ, ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ। ਭਵਿੱਖ ਦੀਆਂ ਸੰਭਾਵਨਾਵਾਂ ਰੂਸ ਵਿੱਚ ਸਿੱਖ ਭਾਈਚਾਰਾ ਗਿਣਤੀ ਵਿੱਚ ਛੋਟਾ ਹੋ ਸਕਦਾ ਹੈ, ਪਰ ਉਨ੍ਹਾਂ ਦੀ ਮੌਜੂਦਗੀ ਇਤਿਹਾਸਕ ਅਤੇ ਸੱਭਿਆਚਾਰਕ ਤੌਰ ’ਤੇ ਮਹੱਤਵਪੂਰਨ ਹੈ। ਗੁਰਦੁਆਰਾ ਨਾਨਕ ਦਰਬਾਰ ਵਰਗੇ ਕੇਂਦਰ ਸਿੱਖਾਂ ਨੂੰ ਆਪਣੀਆਂ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਵਿੱਚ ਮਦਦ ਕਰ ਰਹੇ ਹਨ। ਜੇਕਰ ਗੁਰਦੁਆਰੇ ਨੂੰ ਅਧਿਕਾਰਤ ਮਾਨਤਾ ਮਿਲ ਜਾਂਦੀ ਹੈ, ਤਾਂ ਇਹ ਸਿੱਖ ਭਾਈਚਾਰੇ ਨੂੰ ਹੋਰ ਮਜਬੂਤ ਬਣਾਏਗਾ। ਰੂਸ ਵਿੱਚ ਸਿੱਖ ਭਾਈਚਾਰਾ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰ ਰਿਹਾ ਹੈ। ਮਾਸਕੋ ਵਿੱਚ ਗੁਰਦੁਆਰਾ ਨਾਨਕ ਦਰਬਾਰ ਉਨ੍ਹਾਂ ਦੀ ਏਕਤਾ ਅਤੇ ਸ਼ਰਧਾ ਦਾ ਪ੍ਰਤੀਕ ਹੈ। ਇਹ ਨਾ ਸਿਰਫ਼ ਸਿੱਖ ਧਰਮ ਦਾ ਕੇਂਦਰ ਹੈ ਸਗੋਂ ਸਾਰੇ ਧਰਮਾਂ ਲਈ ਸਦਭਾਵਨਾ ਦਾ ਸਥਾਨ ਵੀ ਹੈ।

# ਮੋਦੀ ਸਰਕਾਰ ਲੋਕਤੰਤਰ ਤੇ ਲੋਕ ਅਧਿਕਾਰਾਂ ਦੀ ਸੰਘੀ ਘੁੱਟਣ ਲੱਗੀ

## ਕੇਂਦਰੀ ਸੂਚਨਾ ਕਮਿਸ਼ਨ ਵਿੱਚ 10 ਸੂਚਨਾ ਕਮਿਸ਼ਨਰਾਂ ਦੇ ਅਹੁਦਿਆਂ ਵਿੱਚੋਂ 8 ਲੰਬੇ ਅਰਸੇ ਤੋਂ ਖਾਲੀ

ਕੇਂਦਰ ਸਰਕਾਰ ਲੋਕਤੰਤਰ ਤੇ ਲੋਕ ਅਧਿਕਾਰਾਂ ਦੀ ਸੰਘੀ ਘੁੱਟਣ ਵਿੱਚ ਕਿੰਨੀ ਢੀਠਤਾਈ ਨਾਲ ਪੇਸ਼ ਆ ਰਹੀ ਹੈ, ਇਸ ਦਾ ਸਬੂਤ ਸੂਚਨਾ ਅਧਿਕਾਰ ਕਾਨੂੰਨ ਦੀ ਅਣਦੇਖੀ ਤੋਂ ਮਿਲਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਮਾਮ ਸਰਕਾਰੀ ਤਰਜਮਾਨ ਤੇ ਨੁਮਾਇੰਦੇ ਜਨਤਕ ਮੰਚਾਂ ’ਤੇ ਆਪਣੀਆਂ ਪ੍ਰਾਪਤੀਆਂ ਦੇ ਖ਼ੂਬ ਦਾਅਵੇ ਕਰਦੇ ਹਨ, ਪਰ ਢੋਲ ਦੇ ਅੰਦਰ ਜੋ ਪੋਲ ਹੈ, ਉਹ ਕੁਝ ਹੋਰ ਹੀ ਕਹਾਣੀ ਕਹਿ ਰਿਹਾ ਹੈ। ਕੇਂਦਰੀ ਸੂਚਨਾ ਕਮਿਸ਼ਨ ’ਚ 10 ਸੂਚਨਾ ਕਮਿਸ਼ਨਰਾਂ ਦੇ ਅਹੁਦੇ ਹਨ, ਜਿਨ੍ਹਾਂ ਵਿੱਚੋਂ 8 ਲੰਬੇ ਅਰਸੇ ਤੋਂ ਖਾਲੀ ਪਏ ਹਨ। ਪਿਛਲੇ ਸਾਲ ਮੁੱਖ ਸੂਚਨਾ ਕਮਿਸ਼ਨਰ ਸਣੇ ਦੋ ਅਹੁਦੇ ਭਰੇ ਗਏ ਸਨ, ਤਾਂ ਸਰਕਾਰੀ ਤੇ ਗੋਦੀ ਮੀਡੀਆ ਨੇ ਇਸ ਨੂੰ ਇੰਝ ਪੇਸ਼ ਕੀਤਾ ਸੀ, ਜਿਵੇਂ ਮੋਦੀ ਸਰਕਾਰ ਨੇ ਪਤਾ ਨਹੀਂ ਕਿਹੜੇ ਤੀਰ ਮਾਰੇ ਹਨ। ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਨਾ ਹੋਣ



ਕਰਕੇ ਇਕੱਲੇ ਕੇਂਦਰੀ ਸੂਚਨਾ ਕਮਿਸ਼ਨ ਵਿੱਚ 23 ਹਜ਼ਾਰ ਅਪੀਲਾਂ ਸੁਣਵਾਈ ਦੀ ਰਾਹ ਦੇਖ ਰਹੀਆਂ ਹਨ। ਲੋਕਾਂ ਦੇ ਅਧਿਕਾਰਾਂ ਨੂੰ ਕੁਚਲਣ ਦਾ ਇਹ ਵੀ ਇੱਕ ਤਰੀਕਾ ਹੈ ਕਿ ਲੋਕ ਅਦਾਰਿਆਂ ਨੂੰ ਨਪੁੰਸਕ ਬਣਾ ਦਿੱਤਾ ਜਾਵੇ। ਬਦਕਿਸਮਤੀ ਨਾਲ ਕੁਝ ਰਾਜ ਸਰਕਾਰਾਂ ਵੀ ਕੇਂਦਰ ਦੇ ਪੈਰ-ਚਿੰਨ੍ਹਾਂ ’ਤੇ ਚੱਲ ਰਹੀਆਂ ਹਨ। ਸੂਚਨਾ ਅਧਿਕਾਰ ਕਾਨੂੰਨ ਬਣਨ ਦੇ ਦੋ ਦਹਾਕੇ ਬਾਅਦ ਵੀ ਇਹੀ ਦੇਖਿਆ ਜਾ ਰਿਹਾ ਹੈ ਕਿ ਸਰਕਾਰਾਂ ਪਾਰਦਰਸ਼ਤਾ ਤੇ ਲੋਕ-ਸਸ਼ਕਤੀਕਰਨ ਦੇ ਨਾਂਅ ਤੋਂ ਘਬਰਾਉਣ ਲਗਦੀਆਂ ਹਨ। ਕਾਨੂੰਨ ਦੀ ਧਾਰ ਨੂੰ ਖੁੰਢਾ ਕਰਨ ਲਈ ਜਾਣਕਾਰੀ ਵਿੱਚ ਦੇਰੀ ਕਰਨਾ ਜਾਂ ਇਨਕਾਰ ਕਰਦੇ ਰਹਿਣਾ ਤਾਂ ਵੱਡਾ ਸ਼ੁਗਲ ਬਣ ਗਿਆ ਹੈ। ਕਮਿਸ਼ਨ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹੀ ਹੈ ਕਿ ਅਹੁਦੇ ਖਾਲੀ ਰੱਖੇ ਜਾਣ। ਨਾ ਸੁਣਵਾਈ ਹੋਵੇਗੀ, ਨਾ ਸੂਚਨਾਵਾਂ ਬਾਹਰ ਜਾ ਸਕਣਗੀਆਂ, ਪਰ ਜਨਤਕ ਬਹਿਸਾਂ ਵਿੱਚ ਲੋਕ ਭਲਾਈ ਦੇ ਮੁੱਦੇ ’ਤੇ ਸਰਕਾਰੀ ਤਰਜਮਾਨ ਆਪਣੀ ਪਿੱਠ ਥਪਥਪਾਉਂਦੇ ਰਹਿਣਗੇ। ਸਿੱਧੀ ਗੱਲ ਹੈ ਕਿ ਜਦ ਵੱਡੀ ਗਿਣਤੀ ’ਚ ਅਹੁਦੇ ਖਾਲੀ ਰਹਿਣਗੇ ਤਾਂ ਉਸੇ ਅਨੁਪਾਤ ਵਿਚ ਅਪੀਲਾਂ ਦਾ ਅੰਬਾਰ ਲੱਗੇਗਾ।

# ਭਾਰਤ ਤੇ ਚੀਨ ਵਿਚਾਲੇ ਟਕਰਾਅ ਡੂੰਘਾ ਹੋਣ ਦੀ ਸੰਭਾਵਨਾ

ਭਾਰਤ ਨਾਲ ਦੋਸਤੀ ਦੀ ਆੜ ਵਿੱਚ, ਚੀਨ ਸਰਹੱਦ ’ਤੇ ਆਪਣੀ ਹਵਾਈ ਸਪਲਾਈ ਨੂੰ ਮਜ਼ਬੂਤ ਕਰ ਰਿਹਾ ਹੈ। ਇਸ ਰਾਹੀਂ, ਉਹ ਸਰਹੱਦ ’ਤੇ ਉੱਚਾਈ ਵਾਲੇ ਖੇਤਰਾਂ ਵਿੱਚ ਤਾਇਨਾਤ ਚੀਨੀ ਸੈਨਿਕਾਂ ਨੂੰ ਹਥਿਆਰ, ਲੌਜਿਸਟਿਕਸ ਅਤੇ ਆਕਸੀਜਨ ਟੈਂਕ ਪਹੁੰਚਾ ਰਿਹਾ ਹੈ। ਦਰਅਸਲ, ਚੀਨੀ ਸੈਨਿਕ ਹਿਮਾਲਿਆ ਦੀਆਂ ਇੰਨੀਆਂ ਉੱਚੀਆਂ ਥਾਵਾਂ ’ਤੇ ਰਹਿਣ ਦੇ ਆਦੀ ਨਹੀਂ ਹਨ। ਇਨ੍ਹਾਂ ਇਲਾਕਿਆਂ ਵਿੱਚ ਆਕਸੀਜਨ ਦੀ ਮਾਤਰਾ ਬਹੁਤ ਘੱਟ ਹੈ। ਇਸ ਤੋਂ ਇਲਾਵਾ, ਜਿਵੇਂ-ਜਿਵੇਂ ਚੀਨੀ ਸੈਨਿਕ ਬਿਮਾਰ ਹੁੰਦੇ ਗਏ, ਉਨ੍ਹਾਂ ਨੂੰ ਵਾਰ-ਵਾਰ ਹਵਾਈ ਜਹਾਜ਼ ਰਾਹੀਂ ਨਜ਼ਦੀਕੀ ਫ਼ੌਜੀ ਹਸਪਤਾਲ ਲਿਜਾਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਚੀਨ ਨੇ ਇਨ੍ਹਾਂ ਖੇਤਰਾਂ ਵਿੱਚ ਆਪਣੀ ਹਵਾਈ ਸਪਲਾਈ ਨੂੰ ਮਜ਼ਬੂਤ ਕਰ ਦਿੱਤਾ ਹੈ। ਇਸ ਨਾਲ ਚੀਨੀ ਫ਼ੌਜ ਲਈ ਭਾਰਤੀ ਸਰਹੱਦ ਦੇ ਨੇੜੇ ਲੰਬੇ ਸਮੇਂ ਤੱਕ ਰਹਿਣਾ ਆਸਾਨ ਹੋ ਜਾਵੇਗਾ। ਚੀਨ ਅਤੇ ਭਾਰਤ 3,500 ਕਿਲੋਮੀਟਰ (2,170 ਮੀਲ) ਵਿਵਾਦਪੂਰਨ ਸਰਹੱਦ ਸਾਂਝੀ ਕਰਦੇ ਹਨ। ਇਹ ਸਰਹੱਦ, ਜੋ ਅੰਗਰੇਜ਼ਾਂ ਦੁਆਰਾ ਨਿਰਧਾਰਤ ਕੀਤੀ ਗਈ ਸੀ, ਧਰਤੀ ਦੀਆਂ ਸਭ ਤੋਂ ਔਖੀਆਂ ਸਥਿਤੀਆਂ ਵਿੱਚੋਂ ਲੰਘਦੀ ਹੈ। ਭਾਰਤ ਅਤੇ ਚੀਨ ਦੀ ਸਰਹੱਦ ’ਤੇ ਕੁਝ ਅਜਿਹੇ ਖੇਤਰ ਹਨ ਜਿੱਥੇ ਆਕਸੀਜਨ ਦਾ ਪੱਧਰ ਸਮੁੰਦਰ ਤਲ ਦੇ ਮੁਕਾਬਲੇ 40 ਪ੍ਰਤੀਸ਼ਤ ਤੋਂ ਘੱਟ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ

## ਨਵੇਂ ਪ੍ਰਧਾਨ ਦੀ ਚੋਣ ਤੱਕ ਭੂੰਦੜ ਦੀ ਅਗਵਾਈ ਹੇਠਲੇ ਪਾਰਲੀਮਾਨੀ ਬੋਰਡ ਵੱਲੋਂ ਲਏ ਜਾਣਗੇ ਅਹਿਮ ਫ਼ੈਸਲੇ

## ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ 20 ਜਨਵਰੀ ਤੋਂ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਲਿਆ ਫ਼ੈਸਲਾ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕਰੀਬ 55 ਦਿਨਾਂ ਦੀ ਲੰਬੀ ਜੱਕੋ-ਤੱਕੀ ਮਗਰੋਂ ਪਿਛਲੇ ਦਿਨੀਂ ਸਰਬਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਦਾ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਸੁਖਬੀਰ ਸਿੰਘ ਬਾਦਲ ਨੇ ਰਸਮੀ ਤੌਰ ’ਤੇ 16 ਨਵੰਬਰ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਵਰਕਿੰਗ ਕਮੇਟੀ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ 20 ਜਨਵਰੀ ਤੋਂ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਹੈ।

ਨਵੇਂ ਪਾਰਟੀ ਪ੍ਰਧਾਨ ਦੀ ਚੋਣ ਹੁਣ ਪਹਿਲੀ ਮਾਰਚ ਨੂੰ ਹੋਵੇਗੀ। ਜਥੇਬੰਦਕ ਚੋਣਾਂ ਕਰਵਾਉਣ ਲਈ ਗੁਲਜ਼ਾਰ ਸਿੰਘ ਰਣੀਕੇ ਨੂੰ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਪਿਛਲੇ ਦਿਨੀਂ ਵਰਕਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਦਿਆਂ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਦੀ



ਸ਼ਲਾਘਾ ਕੀਤੀ ਗਈ। ਸੁਖਬੀਰ ਸਿੰਘ ਬਾਦਲ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਭਰੋਸਾ ਦਿੱਤਾ ਕਿ ਉਹ ਬਤੌਰ ਵਰਕਰ ਪਾਰਟੀ ਤੇ ਪੰਜਾਬ ਦੀ ਸੇਵਾ ਲਈ ਵਚਨਬੱਧ ਰਹਿਣਗੇ। ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜੇ ਸੀਨੀਅਰ ਆਗੂਆਂ ਨੂੰ ਚੋਣ ਪ੍ਰਕਿਰਿਆ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਗਈ। ਚੇਤੇ ਰਹੇ ਕਿ ਕਰੀਬ ਤਿੰਨ ਦਹਾਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ’ਤੇ ਬਾਦਲ ਪਰਿਵਾਰ ਕਾਬਜ਼ ਸੀ। ਸਾਲ 1995 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੀ ਵਾਗਡੋਰ ਸੰਭਾਲੀ ਸੀ ਅਤੇ ਸਾਲ 2008 ਤੋਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਚੱਲੇ ਆ ਰਹੇ ਸਨ। ਲੰਬੇ ਅਰਸੇ ਮਗਰੋਂ ਬਾਦਲ ਪਰਿਵਾਰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਹੋਇਆ ਹੈ। ਪਿਛਲੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦਾ ਫ਼ੈਸਲਾ ਟਾਲ ਦਿੱਤਾ ਗਿਆ ਸੀ।

ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ 8 ਜਨਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੀਟਿੰਗ ਕੀਤੀ ਗਈ ਸੀ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਵਰਕਿੰਗਕਮੇਟੀ ਵੱਲੋਂ ਲਏ ਫ਼ੈਸਲਿਆਂ ਤੋਂ ਪ੍ਰੈੱਸ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਜਿੰਨਾ ਚਿਰ ਨਵੇਂ ਪ੍ਰਧਾਨ ਦੀ ਚੋਣ (ਬਾਕੀ ਸਫ਼ਾ 30 ’ਤੇ)

### ਅਕਾਲੀ ਦਲ ਨੂੰ ਮਿਲੇ ਚੰਦੇ ’ਚ ਭਾਰੀ ਗਿਰਾਵਟ: ਏ.ਡੀ.ਆਰ.

ਨਵੀਂ ਦਿੱਲੀ: ਸ਼੍ਰੋਮਣੀ ਅਕਾਲੀ ਦਲ ਜਦੋਂ ਸਿਆਸੀ ਤੌਰ ’ਤੇ ਪੰਜਾਬ ’ਚ ਸੰਘਰਸ਼ ਕਰ ਰਿਹਾ ਹੈ ਤਾਂ ਉਸ ਨੂੰ ਮਿਲੇ ਚੰਦੇ ’ਚ ਭਾਰੀ ਗਿਰਾਵਟ ਦਰਜ ਹੋਈ ਹੈ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਸ (ਏ.ਡੀ.ਆਰ.) ਵੱਲੋਂ ਖੇਤਰੀ ਪਾਰਟੀਆਂ ਨੂੰ ਵਿੱਤੀ ਵਰ੍ਹੇ 2022-23 ’ਚ ਮਿਲੇ ਚੰਦੇ ਬਾਰੇ ਕੀਤੇ ਗਏ ਅਧਿਐਨ ’ਚ ਇਹ ਖ਼ੁਲਾਸਾ ਹੋਇਆ ਹੈ। ਏਡੀਆਰ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੇ (ਬਾਕੀ ਸਫ਼ਾ 30 ’ਤੇ)

### ਸੁਖਬੀਰ ਨੂੰ ਬਚਾਉਣ ਲਈ ਕੀਤਾ ਡਰਾਮਾ: ਵਡਾਲਾ ਧੜਾ

ਚੰਡੀਗੜ੍ਹ /ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਡਰਾਮਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਇਤਿਹਾਸਕ ਗੁਨਾਹ ਦੇ ਭਾਗੀਦਾਰ ਬਣ ਗਏ ਹਨ।



ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ ਨੇ ਸਾਂਝੇ ਤੌਰ ’ਤੇ ਬਿਆਨ ਜਾਰੀ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿੱਚ ਹੋਏ ਫ਼ੈਸਲੇ ਨੂੰ ਪੰਥਕ ਜਮਾਤ ਦੇ ਸਿਰ ਮੜ੍ਹਿਆ ਵੱਡਾ ਪਾਪ ਕਰਾਰ ਦਿੱਤਾ।

ਆਗੂਆਂ ਨੇ ਕਿਹਾ ਕਿ ਅਸਤੀਫ਼ਾ ਦੇ ਚੁੱਕੀ ਲੀਡਰਸ਼ਿਪ ਨੂੰ ਬਚਾਉਣ ਅਤੇ ਕਮੇਟੀ ਦੀ ਬਜਾਏ ਪੁਰਾਣੀ ਰਵਾਇਤ ਮੁਤਾਬਕ ਆਬਜ਼ਰਵਰ ਲਗਾ ਕੇ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਨਾਮੇ ਦੀ ਉਲੰਘਣਾ ਕੀਤੀ ਗਈ ਹੈ। ਆਗੂਆਂ ਨੇ ਕਿਹਾ ਕਿ ਲਿਖਤੀ ਸਕਰਿਪਟ ਅਨੁਸਾਰ ਹੀ ਇਹ ਸਾਰਾ ਡਰਾਮਾ ਸੁਖਬੀਰ ਸਿੰਘ ਬਾਦਲ ਦੀ ਸਿਆਸਤ ਨੂੰ ਬਚਾਉਣ ਲਈ ਕੀਤਾ ਗਿਆ ਤਾਂ ਜੋ ਆਪਣੇ ਧੜੇ ਦੇ ਮੈਂਬਰਾਂ ਦੀ ਭਰਤੀ ਕਰਕੇ ਸੁਖਬੀਰ ਦੀ ਮੁੜ ਪ੍ਰਧਾਨਗੀ ਦਾ ਰਾਹ ਪੱਧਰਾ ਕੀਤਾ ਜਾ ਸਕੇ।

# ਭਾਈ ਅੰਮ੍ਰਿਤਪਾਲ ਸਿੰਘ ’ਤੇ ਸਰਕਾਰ ਨੇ ਕਾਨੂੰਨੀ ਸ਼ਿਕੰਜਾ ਕਸਿਆ

## ਹੁਣ ਲੱਗਿਆ ਯੂ.ਏ.ਪੀ.ਏ., ਭਾਈ ਅੰਮ੍ਰਿਤਪਾਲ ਸਿੰਘ ਦੀ ਪਤਨੀ ’ਤੇ ਭਾਰਤੀ ਏਜੰਸੀਆਂ ਨੇ ਵਿਦੇਸ਼ਾਂ ਤੋਂ ਫੰਡਿਗ ਲੈਣ ਦਾ ਦੋਸ਼ ਲਗਾਇਆ

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਜਥੇ ਵਲੋਂ ਪਾਰਟੀ ਬਣਾਉਣ ਲਈ ਰਾਜਨੀਤਕ ਸਰਗਰਮੀਆਂ ਤੇਜ਼ ਹੋਣ ਬਾਅਦ ਮੋਦੀ ਸਰਕਾਰ ਨੇ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਕਾਨੂੰਨੀ ਸ਼ਿਕੰਜਾ ਯੂ.ਏ.ਪੀ.ਏ. ਕਸ ਦਿੱਤਾ ਹੈ। 9 ਜਨਵਰੀ ਨੂੰ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲਕਾਂਡ ਨੂੰ ਲੈ ਕੇ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਯੂ.ਏ.ਪੀ.ਏ. ਲਗਾਇਆ ਸੀ ਉੱਥੇ ਹੀ ਹੁਣ ਅੰਮ੍ਰਿਤਪਾਲ ਸਿੰਘ ਦੀ ਪਤਨੀ ’ਤੇ ਭਾਰਤੀ ਜਾਂਚ ਏਜੰਸੀਆਂ ਨੇ ਵਿਦੇਸ਼ਾਂ ਤੋਂ ਫੰਡਿਗ ਲੈਣ ਦਾ ਇਲਜ਼ਾਮ ਲਗਾਇਆ ਹੈ। ਭਾਰਤੀ ਜਾਂਚ ਏਜੰਸੀਆਂ ਅਨੁਸਾਰ ਇਸ ਦੇ ਤਹਿਤ ਕਿਰਨਦੀਪ ਕੌਰ ਵੱਲੋਂ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਕੁਝ ਲੋਕਾਂ ਨਾਲ ਮੀਟਿੰਗ ਵੀ ਕੀਤੀ ਹੈ ਪਰ ਹਾਲੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਹ ਲੋਕ ਕੌਣ ਸਨ ? ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਪਾਕਿਸਤਾਨ ਦੀ ਆਈ.ਐਸ.ਆਈ. ਦੇ ਇਸ਼ਾਰਿਆਂ ’ਤੇ ਐਕਟਿਵ ਹੋਈ ਹੈ। ਵਿਦੇਸ਼ ਵਿੱਚ ਬੈਠੇ ਖਾੜਕੂ ਅਰਸ਼ਦੀਪ ਸਿੰਘ ਡੱਲਾ ਉਪਰ ਯੂ.ਏ.ਪੀ.ਏ. ਲੱਗਾ ਹੈ।



ਭਾਈ ਅੰਮ੍ਰਿਤਪਾਲ ਸਿੰਘ ਦੇ ਹੁਣ ਬਾਹਰ ਆਉਣ ਦੀ ਸੰਭਾਵਨਾ ਕੇਂਦਰ ਸਰਕਾਰ ਉੱਪਰ ਨਿਰਭਰ ਕਰਦੀ ਹੈ। ਉਸ ਦੇ ਪਿਤਾ ਤਰਸੇਮ ਸਿੰਘ ਵੱਲੋਂ ਜਦੋਂ ਤੋਂ ਮਾਘੀ ਮੌਕੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ, ਉਦੋਂ ਤੋਂ ਹੀ ਉਨ੍ਹਾਂ ਦੇ ਪਰਿਵਾਰ ’ਤੇ ਸਖ਼ਤੀ ਕੀਤੀ ਜਾ ਰਹੀ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ ਆਪਣੀ ਕੁਰਸੀ ਬਚਾਉਣ ਅਤੇ ਅੰਮ੍ਰਿਤਪਾਲ ਸਿੰਘ ਦਾ ਅਕਸ ਖਰਾਬ ਕਰਨ ਲਈ ਉਸ ਦੇ ਪੁੱਤਰ ’ਤੇ ਯੂ.ਏ.ਪੀ.ਏ. ਲਾਇਆ ਗਿਆ ਹੈ। ਉਨ੍ਹਾਂ ਕਿਹਾ, ‘ਇਹ ਸਾਰੇ ਸਿਆਸਤਦਾਨ ਜਾਣਦੇ ਹਨ ਕਿ ਜੇਕਰ ਅੰਮ੍ਰਿਤਪਾਲ ਸਿੰਘ ਸਾਹਮਣੇ ਆਇਆ ਤਾਂ ਉਨ੍ਹਾਂ ਦੀਆਂ ਸੀਟਾਂ ਖਤਰੇ ਵਿੱਚ ਪੈ ਜਾਣਗੀਆਂ।’ ਉਨ੍ਹਾਂ ਕਿਹਾ ਕਿ ਪਹਿਲਾਂ ਵੀ ਉਸ ’ਤੇ ਐਨ.ਐਸ.ਏ. ਲਗਾਇਆ ਗਿਆ ਹੈ ਅਤੇ ਉਸਨੂੰ ਜੇਲ੍ਹ ਵਿੱਚ ਰੱਖਿਆ ਗਿਆ ਹੈ, ਹੁਣ ਉਸ ’ਤੇ ਯੂ.ਏ.ਪੀ.ਏ. ਦੇ ਖਿਲਾਫ ਹਾਂ। ਭਾਰਤ ਸਰਕਾਰ ਅਤੇ ਮੈਂ ਭਾਰਤੀ ਏਜੰਟਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਬਿਨਾਂ



ਪੁੱਛੇ ਅਤੇ ਜਾਂਚ ਕੀਤੇ ਉਸ ਵਿਰੁੱਧ ਕੇਸ ਕਿਵੇਂ ਦਰਜ ਕਰ ਸਕਦੇ ਹੋ, ਜਦੋਂ ਤੋਂ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਐਮ.ਪੀ. ਬਣੇ ਹਨ, ਅੰਮ੍ਰਿਤਪਾਲ ਸਿੰਘ ਨੂੰ ਰੋਕਣ ਲਈ ਕਿਸੇ ਨਾ ਕਿਸੇ ਕਿਸਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਅਜਿਹੀਆਂ ਕਾਰਵਾਈਆਂ ਕਾਰਨ ਸਰਕਾਰ ਦਾ ਚਿਹਰਾ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਸਰਕਾਰ ਵੱਲੋਂ ਝੂਠੇ ਇਲਜ਼ਾਮ ਲਗਾਏ ਜਾ ਰਹੇ ਹਨ, ਇਨ੍ਹਾਂ ਗੱਲਾਂ ਵਿੱਚ ਕੋਈ ਸਚਾਈ ਨਹੀਂ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਵਕੀਲ ਹਰਪਾਲ ਸਿੰਘ ਨੇ ਕਿਹਾ ਕਿ ਜਦੋਂ ਤਕ ਪੰਜਾਬ ਦੀ ਖੇਤਰੀ ਪਾਰਟੀ ਨਹੀਂ ਬਣਦੀ, ਉਦੋਂ ਤੱਕ ਪੰਜਾਬ ਬਾਰੇ ਕੋਈ ਨਹੀਂ ਸੋਚੇਗਾ। ਉਨ੍ਹਾਂ ਕਿਹਾ ਕਿ ਹੁਣ ਇੱਕ ਨਵੀਂ ਸਾਜ਼ਿਸ਼ ਤਹਿਤ ਉਹ ਭਾਈ ਅੰਮ੍ਰਿਤਪਾਲ ਸਿੰਘ ਨੂੰ ਗੈਂਗਸਟਰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਦੇ ਡਰੋਂ ਪੰਜਾਬ ਦੀ ਗੱਲ ਨਹੀਂ ਕਰਨੀ ਹੈ। ਜੋ ਪੰਥ ਦੇ ਨਾਂ ’ਤੇ ਪਹਿਲਾਂ ਪਾਰਟੀਆਂ ਚੱਲ ਰਹੀਆਂ ਹਨ, ਉਹ ਪੰਥ ਦੀ ਗੱਲ ਹੀ ਨਹੀਂ ਕਰਦੀਆਂ।

### ਭਾਈ ਅੰਮ੍ਰਿਤਪਾਲ ਸਿੰਘ ਦਾ ਗੁਰਪ੍ਰੀਤ ਸਿੰਘ ਹਰੀਨੌਂ ਨਾਲ ਕੀ ਸੀ ਟਕਰਾਅ ?

#### ਜਾਂਚ ਦੇ ਆਧਾਰ ’ਤੇ ਯੂ.ਏ.ਪੀ.ਏ. ਦੀ ਧਾਰਾ ਲਗਾਈ ਗਈ ਹੈ: ਐੱਸਪੀ ਫਰੀਦਕੋਟ ਜਸਮੀਤ ਸਿੰਘ






‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਸਾਬਕਾ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਦੀ ਪਿਛਲੇ (2024) ਸਾਲ 9 ਅਕਤੂਬਰ ਨੂੰ ਉਨ੍ਹਾਂ ਦੇ ਪਿੰਡ ’ਚ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਵਾਰਿਸ ਪੰਜਾਬ ਸੰਸਥਾ ਦੇ ਮੁਖੀ ਅਦਾਕਾਰ ਦੀਪ ਸਿੱਧੂ ਦੀ ਮੌਤ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਨੇ ਸੰਸਥਾ ਦੀ ਕਮਾਨ ਸੰਭਾਲੀ ਸੀ, ਜਿਸ ਤੋਂ ਬਾਅਦ ਵਿੱਤ ਸਕੱਤਰ ਰਹੇ ਗੁਰਪ੍ਰੀਤ ਸਿੰਘ ਹਰੀਨੌਂ ਨੇ ਸੰਸਥਾ ਛੱਡ ਦਿਤੀ ਸੀ। ਗੁਰਪ੍ਰੀਤ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵਿਚਾਲੇ ਸੰਗਠਨ ਦੀਆਂ ਗਤੀਵਿਧੀਆਂ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ ਸੀ ਅਤੇ ਪੁਲਿਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਵਿਦੇਸ਼ ਵਿੱਚ ਬੈਠੇ ਅਰਸ਼ ਡੱਲਾ ਦੀ ਇਸ ਕਤਲ ਨੂੰ ਅੰਜਾਮ ਦੇਣ ਵਿੱਚ ਭੂਮਿਕਾ ਹੈ। ਇਸ ਤੋਂ ਬਾਅਦ ਪੁਲਿਸ ਨੇ ਉਕਤ ਕੇਸ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਅਤੇ ਅਰਸ਼ ਡੱਲਾ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ।

ਇਸ ਮਾਮਲੇ ਵਿੱਚ ਪੁਲਿਸ ਵਲੋਂ ਕਤਲ ਕੀਤੇ ਗਏ ਦੋਵੇਂ ਸ਼ੂਟਰਾਂ, ਰੇਕੀ ਕਰਨ ਵਾਲੇ 3 ਮੁਲਜ਼ਮਾਂ ਸਮੇਤ ਕੁੱਝ ਹੋਰ 6 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਹੁਣ ਪੁਲਿਸ ਨੇ ਮਾਮਲੇ ਦੀ ਚਾਰਜਸ਼ੀਟ ਦਾਇਰ ਕਰਨ ਤੋਂ (ਬਾਕੀ ਸਫ਼ਾ 30 ’ਤੇ)

# ਮੇਲਾ ਮਾਘੀ: ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ 'ਚ ਲੱਖਾਂ ਲੋਕਾਂ ਨੇ ਕੀਤਾ ਇਸ਼ਨਾਨ

ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼: ਮਾਘੀ ਮੇਲੇ ਦੌਰਾਨ ਲੱਖਾਂ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨ ਬਾਅਦ ਗੁਰੂ ਗੋਬਿੰਦ ਸਿੰਘ ਅਤੇ ਖਿਦਰਾਣੇ ਦੀ ਢਾਬ ਦੇ 40 ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ 'ਚ ਸੰਗਤ ਪੁੱਜੀ। ਭਾਈ ਮਹਾ ਸਿੰਘ ਦੀਵਾਨ ਹਾਲ ਵਿਖੇ ਢਾਡੀ ਦਰਬਾਰ ਲਾਇਆ ਗਿਆ, ਜਿਥੇ ਸਾਰੀ ਰਾਤ ਢਾਡੀਆਂ ਨੇ ਸ਼ਹੀਦ ਸਿੰਘਾਂ ਦੀਆਂ ਵਾਰਾਂ ਦਾ ਗਾਇਨ ਕੀਤਾ। ਪ੍ਰਸ਼ਾਸਨ ਵੱਲੋਂ ਸ਼ਹਿਰ ਦੀਆਂ ਸਾਰੀਆਂ ਸੜਕਾਂ ਉੱਪਰ ਗੁਰਦੁਆਰੇ ਤੋਂ ਕਰੀਬ ਤਿੰਨ ਤੋਂ ਚਾਰ ਕਿਲੋਮੀਟਰ ਦੂਰ ਵਾਹਨ ਰੋਕ ਲਏ ਸਨ, ਜਿਸ ਕਰਕੇ ਸ਼ਰਧਾਲੂਆਂ ਨੂੰ ਤੁਰ ਕੇ ਆਉਣ ਵਿੱਚ ਭਾਰੀ ਦਿੱਕਤ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸੰਗਤ ਦੇ ਅਰਾਮ ਵਾਸਤੇ ਸਰੋਵਰ ਦੇ ਚਹੁੰ ਪਾਸੀਂ ਬਣੀ ਪਰਿਕਰਮਾ ਵਿੱਚ ਮੈਟ ਵਿਛਾ ਕੇ ਉਪਰ ਗੱਦੇ ਤੇ ਰਜਾਈਆਂ ਰੱਖੀਆਂ ਹੋਈਆਂ ਸਨ। ਸਰਾਂ ਦੇ ਕਮਰਿਆਂ ਅਤੇ ਹਾਲ ਕਮਰਿਆਂ 'ਚ ਵੀ ਸੰਗਤ ਦੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ। ਦਰਬਾਰ ਸਾਹਿਬ ਦੇ ਕਿਵਾੜ



ਵੀ ਸਾਰੀ ਰਾਤ ਖੁੱਲ੍ਹੇ ਰੱਖੇ ਗਏ, ਜਿਸ ਕਰਕੇ ਧੱਕਾ ਮੁੱਕੀ ਤੋਂ ਬਚਾਅ ਰਿਹਾ। ਮੈਨੇਜਰ ਬਲਦੇਵ ਸਿੰਘ ਨੇ ਦੱਸਿਆ ਕਿ ਕਿਸੇ ਹੰਗਾਮੀ ਹਾਲਤ ਨਾਲ ਨਜਿੱਠਣ ਵਾਸਤੇ ਆਫਤ ਬਚਾਓ ਦਸਤੇ ਦੇ ਕਰੀਬ ਦੋ ਦਰਜਨ ਗੋਤਾਖੋਰਾਂ ਦਾ ਵੀ ਪ੍ਰਬੰਧ ਕੀਤਾ ਗਿਆ। ਦਰਬਾਰ ਸਾਹਿਬ ਕੰਪਲੈਕਸ 'ਚ ਦਰਜਨਾਂ ਕਰਮਚਾਰੀ ਵੀ ਚੌਕਸੀ ਉੱਪਰ ਲਗਾਏ ਗਏ। ਪ੍ਰਸ਼ਾਦ ਵਾਸਤੇ ਕਰੀਬ ਤਿੰਨ ਦਰਜਨ ਕਰਮਚਾਰੀ ਦੂਸਰੇ ਗੁਰਦੁਆਰਿਆਂ ਤੋਂ ਸੱਦੇ ਗਏ ਸਨ। ਇਸ ਦੌਰਾਨ ਸ਼ਰਧਾਲੂਆਂ ਨੇ ਟਿੱਬੀ ਸਾਹਿਬ ਕੰਪਲੈਕਸ ਵਿਖੇ ਗੁਰਦੁਆਰਾ ਟਿੱਬੀ ਸਾਹਿਬ, ਰਕਾਬਗੰਜ ਸਾਹਿਬ, ਦਾਤਣ ਸਾਹਿਬ ਦੇ ਵੀ ਦਰਸ਼ਨ ਕੀਤੇ। ਨਿਹੰਗ ਸਿੰਘਾਂ ਵੱਲੋਂ ਛਾਉਣੀਆਂ ਵਿੱਚ ਦਸਮ ਗ੍ਰੰਥ ਦੇ ਪਾਠ ਦੇ ਭੋਗ ਪਾਏ ਗਏ।

**ਜ਼ਿਆਦਾ ਦੂਰ ਬਣੇ ਆਰਜ਼ੀ ਬੱਸ ਅੱਡਿਆਂ ਕਾਰਨ ਸੰਗਤ ਪ੍ਰੇਸ਼ਾਨ**

ਸ਼ਹਿਰ ਦੀਆਂ ਸਾਰੀਆਂ ਸੜਕਾਂ ਉਪਰ ਸ਼ਹਿਰੋਂ ਤਿੰਨ ਤੋਂ ਚਾਰ ਕਿਲੋਮੀਟਰ ਦੂਰ ਆਰਜ਼ੀ ਬੱਸ ਅੱਡੇ ਬਣਾਏ ਗਏ, ਜਿਸ ਕਰਕੇ ਲੋਕਾਂ ਨੂੰ ਤੁਰ ਕੇ ਦਰਬਾਰ ਸਾਹਿਬ ਤੱਕ ਪੁੱਜਣਾ ਪਿਆ। ਇਸ ਮੌਕੇ ਬੱਚਿਆਂ ਅਤੇ ਔਰਤਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਭਾਵੇਂ ਪ੍ਰਸ਼ਾਸਨ ਵੱਲੋਂ ਕੁੱਝ ਵੈਨਾਂ ਸ਼ਰਧਾਲੂਆਂ ਨੂੰ ਲਿਆਉਣ ਤੇ ਲਿਜਾਣ ਵਾਸਤੇ ਲਾਈਆਂ ਗਈਆਂ ਸਨ ਤੇ ਆਟੋ ਰਿਕਸ਼ਾ ਵੀ ਲੱਗੇ ਹੋਏ ਸਨ ਪਰ ਇਹ ਬਹੁਤ ਘੱਟ ਗਿਣਤੀ ਵਿੱਚ ਸਨ। ਸ਼ਰਧਾਲੂਆਂ ਦੀ ਮੰਗ ਹੈ ਕਿ ਨਿੱਜੀ ਵਾਹਨ ਦੀ ਪਾਰਕਿੰਗ ਸ਼ਹਿਰ ਵਿੱਚ ਗੁਰਦੁਆਰੇ ਦੇ ਨੇੜੇ ਬਣਾਈ ਜਾਵੇ।

# ਸਿੱਖ ਪਰਿਵਾਰ ਵੱਲੋਂ ਦਾਨ ਕੀਤੀ ਜ਼ਮੀਨ 'ਤੇ ਬਣੇਗੀ ਪਿੰਡ ਦੀ ਪਹਿਲੀ ਮਸਜਿਦ



ਮਲੇਰਕੋਟਲਾ/ਏ.ਟੀ.ਨਿਊਜ਼ : ਜ਼ਿਲ੍ਹਾ ਮਲੇਰਕੋਟਲਾ ਦੇ ਪਿੰਡ ਉਮਰਪੁਰਾ ਵਿਖੇ ਪਿੰਡ ਦੇ ਵਸਨੀਕ ਮੁਸਲਮਾਨ ਭਾਈਚਾਰੇ ਨੂੰ ਪਿੰਡ ਦੇ ਸਾਬਕਾ ਸਰਪੰਚ ਸੁਖਜਿੰਦਰ ਸਿੰਘ ਨੋਨੀ ਅਤੇ ਉਨ੍ਹਾਂ ਦੇ ਭਰਾ ਅਵਨਿਦਰ ਸਿੰਘ ਨੇ ਪਿੰਡ 'ਚ ਤਕਰੀਬਨ 6 ਵਿਸਵੇ ਜਗ੍ਹਾ ਜੋ ਕਿ ਮੇਨ ਰੋਡ ਦੇ ਨਾਲ ਲੱਗਦੀ ਹੈ ਮਸਜਿਦ ਬਣਾਉਣ ਲਈ ਦਾਨ ਦਿਤੀ।

ਇਸ ਮੌਕੇ 'ਤੇ ਪਿੰਡ ਦੇ ਮੁਸਲਿਮ ਭਾਈਚਾਰੇ ਨੇ ਮਸਜਿਦ ਦਾ ਨੀਂਹ ਪੱਥਰ ਰੱਖਣ ਲਈ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੂੰ ਸੱਦਾ ਦਿੱਤਾ। ਨੀਹ ਪੱਥਰ ਮੌਕੇ ਸ਼ਾਹੀ ਇਮਾਮ ਨੇ ਕਿਹਾ ਕਿ ਇਸ ਮਸਜਿਦ 'ਚ ਨਮਾਜ਼ ਤਾਂ ਮੁਸਲਿਮ ਭਾਈਚਾਰੇ ਦੇ ਲੋਕ ਅਦਾ ਕਰਨਗੇ ਪਰ ਉਨ੍ਹਾਂ ਦੀਆਂ ਨਮਾਜ਼ਾਂ ਦਾ ਸਵਾਬ ਸਿੱਖ ਭਾਈਚਾਰੇ ਦੇ ਇਸ ਪਰਵਾਰ ਨੂੰ ਮਿਲੇਗਾ ਜਿਸਨੇ ਆਪਣੇ ਹਿੱਸੇ ਦੀ ਜ਼ਮੀਨ 'ਚੋਂ ਮਸਜਿਦ ਲਈ ਜਗ੍ਹਾ ਦਾਨ ਕੀਤੀ ਹੈ।

ਇਸ ਮੌਕੇ ਪਿੰਡ ਉਮਰਪੁਰਾ ਦੇ ਪੰਚ ਤੇਜਵੰਤ ਸਿੰਘ ਵਲੋਂ 2 ਲੱਖ ਰੁਪਏ ਮਸਜਿਦ ਨੂੰ ਰਾਸ਼ੀ ਦਾਨ ਕੀਤੀ ਗਈ ਤੇ ਇਨ੍ਹਾਂ ਦੇ ਇਲਾਵਾ ਰਵਿੰਦਰ ਸਿੰਘ ਗਰੇਵਾਲ ਨੇ ਵੀ 1 ਲੱਖ ਰੁਪਏ ਮਸਜਿਦ ਨੂੰ ਦਾਨ ਰਾਸ਼ੀ ਭੇਟ ਕੀਤੀ। ਜ਼ਿਕਰਯੋਗ ਹੈ ਕਿ 1947 ਤੋਂ ਬਾਅਦ ਹੁਣ ਤਕ ਇਸ ਪਿੰਡ ਵਿੱਚ ਕੋਈ ਮਸਜਿਦ ਮੌਜੂਦ ਨਹੀਂ ਸੀ ਤੇ ਪਿੰਡ ਦੇ ਵਸਨੀਕ ਮੁਸਲਮਾਨ ਭਾਈਚਾਰੇ ਨੂੰ ਨਮਾਜ਼ ਪੜ੍ਹਨ ਲਈ ਨਾਲ ਲੱਗਦੇ ਪਿੰਡਾਂ 'ਚ ਜਾਣਾ ਪੈਂਦਾ ਸੀ। ਅੱਜ ਪਿੰਡ ਉਮਰਪੁਰਾ ਵਿਖੇ ਮਸਜਿਦ ਦਾ ਨੀਹ ਪੱਥਰ ਰੱਖਣ ਸਮੇਂ ਮੁਸਲਮਾਨ ਭਾਈਚਾਰਾ ਖ਼ੁਸ਼ ਤੇ ਭਾਵੁਕ ਨਜ਼ਰ ਆ ਰਿਹਾ ਸੀ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਇਆ ਗਿਆ ਮਾਘੀ ਦਾ ਪਵਿੱਤਰ ਦਿਹਾੜਾ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ 'ਚ ਮਾਘੀ ਦਾ ਪਵਿੱਤਰ ਦਿਹਾੜਾ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਸ਼ਰਧਾਲੂਆਂ ਵੱਲੋਂ ਚਾਲੀ ਮੁਕਤਿਆਂ ਦੀ ਯਾਦ 'ਚ ਇਹ ਪਵਿੱਤਰ ਦਿਹਾੜਾ ਦੇਸ਼ ਵਿਦੇਸ਼ਾਂ ਵਿੱਚ ਵੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਦੇ ਚੱਲਦੇ ਪਵਿੱਤਰ ਦਿਹਾੜੇ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈਆਂ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਪਹੁੰਚੇ ਸ਼ਰਧਾਲੂਆਂ ਨੇ ਸੰਗਤ ਨੇ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਤੇ ਰਸਬੀਨੀ ਗੁਰਬਾਣੀ ਦਾ ਆਨੰਦ ਮਾਣਿਆ।

ਇਸ ਦੌਰਾਨ ਸੱਚਖੰਡ ਆਏ ਸ਼ਰਧਾਲੂਆਂ ਦਾ ਕਹਿਣਾ ਸੀ ਕਿ ਅੱਜ-ਕੱਲ੍ਹ ਦੀ ਨੌਜਵਾਨ



ਪੀੜੀ ਮਾਘੀ ਵਰਗੇ ਪਵਿੱਤਰ ਤਿਉਹਾਰਾਂ ਨੂੰ ਭੁੱਲਦੀ ਜਾ ਰਹੀ ਹੈ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਮਾਘੀ ਦਾ ਮਤਲਬ ਕੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਮਾਘੀ ਦੇ ਪਵਿੱਤਰ ਤਿਉਹਾਰ ਬਾਰੇ ਜਾਣੂ ਕਰਾਉਣਾ ਚਾਹੀਦਾ ਹੈ। ਮਾਘੀ ਦੇ ਨਾਲ ਸੰਗਰਾਂਦ ਵੀ ਹੈ ਤੇ ਮਾਘੀ ਦਾ ਤਿਉਹਾਰ ਚਾਲੀ ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਸ਼ਰਧਾਲੂਆਂ ਦਾ ਕਹਿਣਾ ਸੀ ਕਿ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਵਾਹਿਗੁਰੂ ਦੇ ਘਰ ਝੋਲੀਆਂ ਭਰਨ ਲਈ ਪੁੱਜੇ ਹਾਂ ਉਥੋਂ ਜੋ ਮੰਗੋ ਉਹੀ ਮਿਲਦਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੀ ਵੋਟਰ ਸੂਚੀ ਲਈ 24 ਜਨਵਰੀ ਤੱਕ ਲਏ ਜਾ ਰਹੇ ਦਾਅਵੇ ਤੇ ਇਤਰਾਜ਼

ਮੋਗਾ/ਏ.ਟੀ.ਨਿਊਜ਼: ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਚੰਡੀਗੜ੍ਹ ਦੇ ਦਿਸ਼ਾ ਨਿਰਦੇਸਾਂ ਤਹਿਤ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਵਿਸ਼ੇਸ਼ ਸਾਰੰਗਲ ਦੀ ਅਗਵਾਈ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਮਿਤੀ 21 ਅਕਤੂਬਰ 2023 ਤੋਂ ਮਿਤੀ 15 ਦਸੰਬਰ 2024 ਤੱਕ ਪ੍ਰਾਪਤ ਹੋਏ ਫ਼ਾਰਮਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕਰ ਦਿੱਤੀ ਗਈ ਸੀ। ਤਿਆਰ ਕੀਤੀ ਗਈ ਵੋਟਰ ਸੂਚੀ ਸਬੰਧਤ ਰਿਵਾਇਜਿੰਗ ਅਥਾਰਟੀ ਦੇ ਦਫ਼ਤਰ ਵਿੱਚ ਦੇਖਣ ਲਈ ਉਪਲੱਬਧ ਹੈ। ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਤੋਂ ਬਾਅਦ ਹੁਣ ਇਸ ਸੂਚੀ ਲਈ 24 ਜਨਵਰੀ 2025 ਤੱਕ ਦਾਅਵੇ/ਇਤਰਾਜ਼ ਸਮੂਹ ਰਿਵਾਇੰਜਿੰਗ ਅਥਾਰਟੀਜ਼ ਵੱਲੋਂ ਪ੍ਰਾਪਤ ਕੀਤੇ ਜਾ ਰਹੇ ਹਨ।

ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਉਕਤ ਦੇ ਮੱਦੇਨਜਰ ਜੇਕਰ ਕਿਸੇ ਵੱਲੋਂ ਸ਼੍ਰੋਮਣੀ ਗੁਰਦੁਆਰਾਪ੍ਰਬੰਧਕ ਕਮੇਟੀ (ਬੋਰਡ) ਦੀ ਵੋਟਰ ਸੂਚੀ ਸਬੰਧੀ ਕੋਈ ਦਾਅਵਾ (ਫ਼ਾਰਮ-1 ਕੇਸਾਧਾਰੀ ਸਿੱਖ ਲਈ) ਅਤੇ ਇਤਰਾਜ (ਦਰਖਾਸਤ ਰਾਹੀਂ) ਜਮ੍ਹਾਂ ਕਰਵਾਉਣਾਂ ਹੈ ਤਾਂ ਉਹ ਸਬੰਧਿਤ ਰਿਵਾਇਜ਼ਿੰਗ ਅਥਾਰਿਟੀ ਪਾਸ ਮਿਤੀ 24 ਜਨਵਰੀ 2025 ਤੱਕ ਦੇ ਸਕਦਾ ਹੈ। ਉਹਨਾਂ ਦੱਸਿਆ ਕਿ ਬੋਰਡ ਚੋਣ ਹਲਕਾ ਨੰਬਰ 22-ਧਰਕਮੋਟ ਦੀ ਰਿਵਾਇਜਿੰਗ ਅਥਾਰਟੀ

(**ਬਾਕੀ ਸਫ਼ਾ 31 'ਤੇ**)

# ਗੁ. ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ ਮਨਾਇਆ

ਕਰਤਾਰਪੁਰ ਸਾਹਿਬ (ਪਾਕਿਸਤਾਨ) / ਏ.ਟੀ.ਨਿਊਜ਼: ਮਾਘ ਦੀ ਸੰਗਰਾਂਦ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਸਾਈਂ ਮੀਆਂ ਮੀਰ ਜੀ ਦੇ ਗੱਦੀਨਸ਼ੀਨ ਸਾਈਂ ਸੱਯਦ ਅਲੀ ਰਜ਼ਾ ਕਾਦਰੀ ਦੀ ਅਗਵਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ ਪੂਰੀ ਸ਼ਰਧਾ ਭਾਵਨਾ ਤੇ ਪ੍ਰੇਮ ਸਤਿਕਾਰ ਸਹਿਤ ਮਨਾਇਆ ਗਿਆ। ਇਸ ਸਬੰਧੀ ਸ੍ਰੀ ਦਰਬਾਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਾਜੈਕਟ ਮੈਨੇਜਮੈਂਟ ਸ੍ਰੀ ਕਰਤਾਰਪੁਰ ਸਾਹਿਬ ਦੇ ਸਹਿਯੋਗ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ। ਇਸ ਸਮਾਗਮ 'ਚ ਸ਼ਾਮਲ ਹੋਣ ਲਈ ਭਾਰਤ ਵੱਲੋਂ 500 ਸੰਗਤਾਂ ਦਾ ਇਕ ਵੱਡਾ ਜੱਥਾ ਪਹੁੰਚਿਆ, ਜਿਸ ਦਾ ਸਾਈਂ ਅਲੀ ਰਜ਼ਾ ਕਾਦਰੀ ਅਤੇ ਪਾਕਿਸਤਾਨ ਦੀਆਂ ਸਿੱਖ ਸੰਗਤਾਂ ਵੱਲੋਂ ਸੰਗਤਾਂ ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਜੀ ਦੇ



ਨੀਂਹ ਪੱਥਰ ਰੱਖਣ ਦੇ ਦਿਹਾੜੇ ਨੂੰ ਮਨਾਉਣ ਮੌਕੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਰੱਖੇ ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਭਾਈ ਮਨਦੀਪ ਸਿੰਘ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ। ਸਮਾਗਮ ਦੀ ਸੰਪੂਰਤਾ ਦੀ ਅਰਦਾਸ ਅਤੇ ਮਾਘ ਮਹੀਨੇ ਦੇ ਵਿਆਖਿਆ ਅਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਇਤਿਹਾਸ ਮੁੱਖ ਗ੍ਰੰਥੀ ਭਾਈ ਗੋਬਿੰਦ ਸਿੰਘ ਸ੍ਰੀ ਕਰਤਾਰਪੁਰ ਸਾਹਿਬ ਵੱਲੋਂ ਸਰਵਣ ਕਰਾਇਆ ਗਿਆ। ਭਾਈ ਇੰਦਰਜੀਤ ਸਿੰਘ ਮੈਂਬਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਅਤੇ ਹੋਰ ਥਾਵਾਂ ਤੋਂ ਆਈਆਂ ਸਿੱਖ ਸੰਗਤਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸਾਈਂ ਮੀਆਂ ਮੀਰ ਜੀ ਦੇ ਗੱਦੀਨਸ਼ੀਨ ਸਾਈਂ ਸਾਈਂ ਅਲੀ ਰਜ਼ਾ ਕਾਦਰੀ ਨੇ ਕਿਹਾ ਕਿ ਸਾਈਂ ਮੀਆਂ ਮੀਰ ਜੀ ਦੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਪਰਿਵਾਰਕ ਸਾਂਝ ਰਹੀ ਹੈ। ਗੁਰੂ ਅਰਜਨ ਦੇਵ ਜੀ ਨੇ 1 ਮਾਘ 1588 ਈਸਵੀ ਨੂੰ ਸਾਈਂ ਮੀਆਂ ਮੀਰ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾ ਕੇ ਇਸ ਭਾਈਚਾਰਕ ਸਾਂਝ ਨੂੰ ਗੂੜ੍ਹਾ ਕਰ ਦਿੱਤਾ। ਸੱਯਦ ਅਲੀ ਰਜਾ ਕਾਦਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੁਸਲਿਮ ਫ਼ਕੀਰਾਂ ਨੂੰ ਅੰਗ ਬਣਾਇਆ ਹੈ, ਜੋ ਸਾਡੇ ਲਈ ਮਾਣ ਹੈ ਅਤੇ ਇਹ ਸਾਡੇ ਦੋਹਾਂ ਲਈ ਸਰਬ ਸਾਂਝੀਵਾਲਤਾ ਦਾ ਵਧੀਆ ਸੰਦੇਸ਼ ਹੈ। ਉਹਨਾਂ ਕਿਹਾ ਕਿ ਮੁਸਲਿਮ ਫ਼ਕੀਰ ਪੰਥ ਦਾ ਹਿੱਸਾ ਹਨ ਅਤੇ ਇਨ੍ਹਾਂ ਨੂੰ ਕਦੇ ਵੀ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਸਮਾਗਮ ਦੀ ਅਖੀਰ ਸੱਯਦ ਅਲੀ ਰਜਾ ਕਾਦਰੀ ਅਤੇ ਚੜ੍ਹਦੀ ਕਲਾ ਗਰੁੱਪ ਦੇ ਮੁੱਖ ਸੰਪਾਦਕ ਜਗਜੀਤ ਸਿੰਘ ਦਰਦੀ ਵੱਲੋਂ ਭਾਰਤ ਅਤੇ ਹੋਰਨਾਂ ਦੇਸ਼ਾਂ ਤੋਂ ਆਏ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਪਦਮਸ੍ਰੀ ਜਗਜੀਤ ਸਿੰਘ ਦਰਦੀ, ਹਰਪ੍ਰੀਤ ਸਿੰਘ ਦਰਦੀ, ਪ੍ਰਾਜੈਕਟ ਮੈਨੇਜਮੈਂਟ ਦੇ ਚੀਫ ਅੱਬੂ ਬਕਰ ਅਫ਼ਤਾਬ, ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗਿਆਨੀ ਪ੍ਰਤਾਪ ਸਿੰਘ, ਨਾਨਕ ਸਾਈਂ ਫ਼ਾਊਂਡੇਸ਼ਨ ਦੇ ਚੇਅਰਮੈਨ ਰੁਪਿੰਦਰ ਸਿੰਘ ਸ਼ਾਮਪੁਰਾ, ਨਾਭਾ ਵੰਸ਼ ਦੇ ਮਹਾਰਾਣੀ ਪ੍ਰੀਤੀ ਕੌਰ, ਡਾ. ਲਖਬੀਰ ਸਿੰਘ ਭਾਗੋਵਾਲੀਆ, ਅੰਮ੍ਰਿਤਪਾਲ ਸਿੰਘ ਦਰਦੀ ਪਟਿਆਲਾ, ਬੀਬੀ ਜਸਵਿੰਦਰ ਕੌਰ ਦਰਦੀ, ਭਾਈ ਗੁਰਦੇਵ ਸਿੰਘ, ਹਰਨੂਰ ਸਿੰਘ ਸ਼ਾਮਪੁਰਾ ਗੁਰਭਿੰਡਰ ਸਿੰਘ, ਦਲਜੀਤ ਸਿੰਘ ਕਾਹਲੋਂ, ਪਲਵਿੰਦਰ ਸਿੰਘ ਲੰਬੜਦਾਰ, ਗਿਆਨੀ ਹਰਬੰਸ ਸਿੰਘ ਹੰਸਪਾਲ, ਕੁਲਵੰਤ ਸਿੰਘ ਸਾਬਕਾ ਕੌਂਸਲਰ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਕਫ ਬੋਰਡ ਪਾਕਿਸਤਾਨ ਅਤੇ ਪਾਕਿਸਤਾਨ ਸਰਕਾਰ ਦੇ ਨੁਮਾਇੰਦੇ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

**ਸਾਈਂ ਸਇਅਦ ਅਲੀ ਰਜਾ ਕਾਦਰੀ ਨੇ ਫੁੱਲਾਂ ਦੀ ਵਰਖਾ ਕਰਕੇ ਭਾਰਤੀ ਸੰਗਤਾਂ ਦਾ ਕੀਤਾ ਸੁਆਗਤ**

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪੁੱਜੀਆਂ ਭਾਰਤੀ ਸੰਗਤਾਂ ਉੱਤੇ ਸਾਈਂ ਸੱਯਦ ਅਲੀ ਰਜਾ ਕਾਦਰੀ ਅਤੇ ਉਥੋਂ ਦੀਆਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰ ਕੇ ਨਿੱਘਾ ਸਵਾਗਤ ਕੀਤਾ। ਸਾਈਂ ਸੱਯਦ ਅਲੀ ਰਜਾ ਕਾਦਰੀ, ਇੰਦਰਜੀਤ ਸਿੰਘ ਮੈਂਬਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨੀ ਸਿੱਖਾਂ ਨੇ ਸੰਗਤਾਂ 'ਤੇ ਫੁੱਲਾਂ ਦੀ ਵਰਖਾ ਕਰਦਿਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਭਾਰਤੀ ਸੰਗਤਾਂ ਵੱਲੋਂ ਵੀ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹੇ ਗਏ ਜਿਸ ਦਾ ਸੰਗਤਾਂ ਨੇ ਆਨੰਦ ਮਾਣਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਸ਼ਰਧਾ ਦੀ ਜ਼ਮੀਨ 'ਤੇ ਪੈਂਦੀਆਂ ਰਹੀਆਂ ਨਿੱਜੀ ਗੁਹਾਰਾਂ

ਮਾਘੀ ਮੇਲੇ ਦੀਆਂ ਕਾਨਫ਼ਰੰਸਾਂ ਪੰਥਕ ਮੁੱਦਿਆਂ ਦੇ ਦੁਆਲ਼ੇ ਘੁੰਮਦੀਆਂ ਰਹੀਆਂ। ਪੰਜਾਬ ਦੀ ਰਾਜਨੀਤੀ ਦੇ ਵਿੱਚ ਇਹ ਇੱਕ ਖ਼ਾਸ ਦਿਨ ਸੀ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਦੇ ਉੱਤੇ ਤਿੰਨ ਕਾਨਫ਼ਰੰਸਾਂ ਹੋਈਆਂ। ਪਹਿਲੀ ਕਾਨਫ਼ਰੰਸ 'ਅਕਾਲੀ ਦਲ ਬਾਦਲ' ਦੀ ਸੀ। ਆਪਣੀ ਸਿਆਸੀ ਜ਼ਮੀਨ ਬਚਾਉਣ ਦੇ ਲਈ ਕਾਫ਼ੀ ਲੰਬੇ ਸਮੇਂ ਤੋਂ ਜੱਦੋਜਹਿਦ ਇਹ ਪਾਰਟੀ ਕਰਦੀ ਆ ਰਹੀ ਹੈ ਤੇ ਕੱਲ੍ਹ ਵੀ ਸਿਆਸੀ ਜ਼ਮੀਨ ਬਚਾਉਣ ਦੇ ਲਈ ਪੰਡਾਲ ਦੇ ਵਿੱਚ ਜ਼ਮੀਨ 'ਤੇ ਬੈਠ ਕੇ ਪਰਿਵਾਰ ਦੀ ਆਨ ਬਾਨ ਨੂੰ ਬਹਾਲ ਰੱਖਣ ਦੇ ਲਈ ਕੋਸ਼ਿਸ਼ਾਂ ਕਰਦੇ ਜਾਪੇ। ਸੁਖਬੀਰ ਬਾਦਲ ਨੇ ਲੋਕਾਂ ਨੂੰ ਵਿਸ਼ਵਾਸ ਬਹਾਲੀ ਦੀ ਗੁਹਾਰ ਲਗਾਈ ਤੇ ਲੋਕਾਂ ਦੇ ਲਈ ਹਰ ਕੁਰਬਾਨੀ ਦੇਣ ਦੀ ਗੱਲ ਕੀਤੀ। ਇਕੱਠ ਕਾਫ਼ੀ ਭਰਵਾਂ ਸੀ ਪਰ ਵੱਡੇ ਲੀਡਰ ਗ਼ੈਰਹਾਜ਼ਰ ਸਨ। ਇੱਥੋਂ ਤੱਕ ਕਿ ਬਿਕਰਮ ਸਿੰਘ ਮਜੀਠੀਆ ਦੀ ਗ਼ੈਰਹਾਜ਼ਰੀ ਦੀ ਚਰਚਾ ਵੀ ਲੋਕਾਂ ਦੀ ਜੁਬਾਨ 'ਤੇ ਰਹੀ। ਹਰਜਿੰਦਰ ਸਿੰਘ ਧਾਮੀ ਵੀ ਇਸ ਕਾਨਫ਼ਰੰਸ ਦਾ ਹਿੱਸਾ ਨਹੀਂ ਸਨ, ਖ਼ੈਰ ਉਹਨਾਂ ਦੀ ਗੱਲ ਵੀ ਕਿਸੇ ਨੇ ਨਹੀਂ ਕੀਤੀ। ਅਕਾਲੀ ਦਲ ਬਾਦਲ ਪਾਰਟੀ ਵੱਲੋਂ ਸਟੇਜ 'ਤੇ ਸਿਰਫ਼ ਇੱਕ ਹੀ ਮਤਾ ਲਿਆਂਦਾ ਗਿਆ, ਬੇਨਤੀ ਕੀਤੀ ਗਈ ਕਿ ਜੋ 'ਫ਼ਖ਼ਰ-ਏ-ਕੌਮ' ਐਵਾਰਡ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਸੀ, ਤੇ ਜੋ ਅਕਾਲ ਤਖ਼ਤ ਸਾਹਿਬ ਨੇ ਵਾਪਸ ਲੈ ਲਿਆ ਹੈ, ਉਸ ਫ਼ੈਸਲੇ 'ਤੇ ਪੁਨਰ ਵਿਚਾਰ ਕੀਤਾ ਜਾਵੇ। ਸੰਗਤਾਂ ਦੇ ਹੱਥ ਖੜੇ ਕਰਵਾ ਕੇ ਮਤੇ ਸਬੰਧੀ ਏਕਤਾ ਦਿਖਾਈ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਤੱਕ ਇਹ ਕਦੇ ਨਹੀਂ ਹੋਇਆ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਕੋਈ ਸਿਆਸੀ ਪਾਰਟੀ ਮੁੜ ਵਿਚਾਰ ਲਈ ਕਹੇ। ਮੁਕਦੀ ਗੱਲ ਸੁਖਬੀਰ ਬਾਦਲ ਦੀ ਸਪੀਚ ਪ੍ਰਕਾਸ਼ ਸਿੰਘ ਬਾਦਲ ਦੁਆਲ਼ੇ ਹੀ ਘੁੰਮਦੀ ਰਹੀ। ਪੰਜਾਬ ਦੇ ਕਈ ਗੰਭੀਰ ਮੁੱਦੇ ਮੂੰਹ ਅੱਡੀ ਖੜ੍ਹੇ ਨੇ ਖ਼ਾਸ ਕਰਕੇ ਕਿਸਾਨੀ ਦਾ ਮੁੱਦਾ। ਪਰ ਕੋਈ ਗੱਲ ਸੁਖਬੀਰ ਬਾਦਲ ਵੱਲੋਂ ਨਹੀਂ ਕੀਤੀ ਗਈ ਹਾਲਾਂਕਿ ਬਲਵਿੰਦਰ ਸਿੰਘ ਭੂੰਦੜ ਨੇ ਇਸ ਵਿਸ਼ੇ 'ਤੇ ਚਰਚਾ ਕੀਤੀ। ਸੁਖਬੀਰ ਬਾਦਲ ਹਮੇਸ਼ਾ ਹੀ ਲੋਕਾਂ ਸਾਹਮਣੇ ਇਸ ਤਰ੍ਹਾਂ ਪੇਸ਼ ਹੁੰਦੇ ਨੇ, ਜਿਵੇਂ ਉਹਨਾਂ ਦੇ ਨਾਲ ਧੱਕਾ ਹੋ ਰਿਹਾ ਹੋਵੇ। ਸੋਚਦੇ ਨੇ ਕਿ ਜੇ ਉਹਨਾਂ ਨਾਲ ਧੱਕਾ ਹੋ ਰਿਹੈ ਤਾਂ ਅਕਾਲੀ ਦਲ ਨਾਲ ਧੱਕਾ ਹੋ ਰਿਹੈ। ਤੇ ਫੇਰ ਕਹਿੰਦੇ ਨੇ ਕਿ ਜੇ ਦੋਵਾਂ ਨਾਲ ਧੱਕਾ ਹੋ ਰਿਹਾ ਤਾਂ ਪੰਥ ਨਾਲ ਧੱਕਾ ਹੋ ਰਿਹੈ। ਇੱਕ ਖ਼ੁਦਗਰਜ਼ੀ ਵਾਲੇ ਫਰੇਮ ਦੇ ਵਿੱਚੋਂ ਸੁਖਬੀਰ ਬਾਦਲ ਬਾਹਰ ਨਹੀਂ ਨਿਕਲ ਰਹੇ। ਕਹਿੰਦੇ ਅਸੀਂ ਸਾਰੇ ਦੋਸ਼ ਝੋਲੀ ਵਿੱਚ ਪੁਆ ਲਏ ਨੇ। ਸੋਚਣ ਵਾਲੀ ਗੱਲ ਹੈ ਕਿ ਸੁਖਬੀਰ ਬਾਦਲ ਨੇ ਲੰਘੇ ਦਿਨੀਂ ਹੀ ਕਿਹਾ ਸੀ ਕਿ ਬੇਅਦਬੀ ਕਾਂਡ ਸਮੇਂ ਮੈਂ ਗ਼ੈਰ ਹਾਜ਼ਰ ਸੀ ਪਰ ਪ੍ਰਕਾਸ਼ ਸਿੰਘ ਬਾਦਲ ਤਾਂ ਹਾਜ਼ਰ ਸੀ। ਪਤਾ ਨਹੀਂ ਕਿਉਂ ਸੁਖਬੀਰ ਬਾਦਲ ਨਿਆਣਿਆਂ ਵਾਲੀ ਸਿਆਸਤ ਖੇਡ ਰਿਹਾ ਹੈ। ਪਿਓ ਭਾਵ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕਦੇ ਪਾਰਟੀ ਦੇ ਕਿਸੇ ਬੰਦੇ ਨੂੰ ਓਏ ਕਰਕੇ ਨਹੀਂ ਸੀ ਬੁਲਾਇਆ ਤੇ ਪੁੱਤ ਸਟੇਜਾਂ 'ਤੇ ਜਨਤਕ ਸਭ ਦੇ ਉੱਤੇ ਦੂਸ਼ਣਬਾਜ਼ੀ ਕਰ ਰਿਹੈ। ਸਵਾਲ ਤਾਂ ਇਹ ਵੀ ਉਠਦਾ ਹੈ ਕਿ ਜਦੋਂ ਸੁਖਬੀਰ ਬਾਦਲ ਕਹਿੰਦੇ ਸੀ ਕਿ ਸਰਕਾਰ ਭਾਵੇਂ ਕੈਪਟਨ ਦੀ ਹੋਵੇ, ਭਾਵੇਂ ਭਗਵੰਤ ਮਾਨ ਦੀ, ਅਫ਼ਸਰ ਮੇਰੀ ਵੱਧ ਮੰਨਦੇ ਨੇ। ਤੇ ਫੇਰ ਮਾਹੌਲ ਖ਼ਰਾਬ ਹੁੰਦਾ ਕਿਉਂ ਨਹੀਂ ਰੋਕ ਸਕੇ ? ਖ਼ੈਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲੀ ਦਲ ਢਹਿ ਢਹਿ ਕੇ ਉੱਠਦਾ ਰਿਹੈ।

ਦੂਜੀ ਸਟੇਜ ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਮੇਲਾ ਮਾਘੀ ਮੌਕੇ ਕੀਤੀ ਗਈ। ਕਾਨਫ਼ਰੰਸ ਦੌਰਾਨ 15 ਨੁਕਾਤੀ ਮਤਾ ਪਾਸ ਕੀਤਾ ਤੇ ਪਾਰਟੀ ਦਾ ਨਾਂਅ 'ਅਕਾਲੀ ਦਲ ਵਾਰਿਸ ਪੰਜਾਬ ਦੇ' ਐਲਾਨ ਕੀਤਾ। ਇਸ ਪਾਰਟੀ ਨੇ ਆਪਣੇ ਆਪ ਨੂੰ ਬਾਦਲ ਪਾਰਟੀ ਦੇ ਬਦਲ ਵਜੋਂ ਪੇਸ਼ ਕੀਤਾ। ਪਾਰਟੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਬਣਾਇਆ। ਨਸਲਾਂ ਤੇ ਫ਼ਸਲਾਂ ਦੀ ਗੱਲ ਕੀਤੀ ਤੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰਨ ਦੀ ਗੱਲ ਕਹੀ, ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਜਥੇਦਾਰਾਂ ਦਾ 2 ਦਸੰਬਰ ਦੇ ਮਤੇ ਨੂੰ ਲੈ ਕੇ ਧੰਨਵਾਦ ਕੀਤਾ। ਇੱਕ ਐਸੀ ਲਕੀਰ ਖਿੱਚੀ ਕਿ ਜੇ ਸਾਰੇ ਵਾਅਦੇ ਨੇਪਰੇ ਚੜ੍ਹਨ ਤਾਂ ਕਹਾਂਗੇ ਕਿ ਬਾਦਲਕਿਆਂ ਦੀ ਜ਼ਮੀਨ ਖਿਸਕਾਉਣ ਵਾਲੀ ਕਾਨਫ਼ਰੰਸ ਸੀ। ਬਾਕੀ ਹੁੰਦਾ ਪਤਾ ਨਹੀਂ ਕੀ ਹੈ ? ਕੁਲ ਮਿਲਾ ਕੇ ਇਹ ਕਾਨਫ਼ਰੰਸ ਵੀ ਪ੍ਰਭਾਵਸ਼ਾਲੀ ਸੀ ਪਰ ਅਕਾਲੀ ਦਲ ਤੇ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵਾਲੀ ਗੱਲ ਹਾਲੇ ਬਣੀ ਨਹੀਂ ਹੈ।

ਤੀਜੀ ਕਾਨਫ਼ਰੰਸ ਸਿਮਰਨਜੀਤ ਸਿੰਘ ਮਾਨ ਦੀ ਸੀ। ਹਮੇਸ਼ਾ ਦੀ ਤਰ੍ਹਾਂ ਇਸ ਕਾਨਫ਼ਰੰਸ ਦੇ ਵਿੱਚ ਵੀ ਮਾਨ ਨੇ ਗਰਮੀ ਦਿਖਾਈ ਤੇ ਕਿਹਾ "ਜਦੋਂ ਤੁਹਾਨੂੰ ਕੋਈ ਪੁੱਛੇ ਕਿੱਥੋਂ ਆਏ ਹੋ ? ਤਾਂ ਕਹਿ ਦਿਓ ਕਿ ਅਸੀਂ ਮਾਘੀ ਤੋਂ ਆਏ ਹਾਂ ਤੇ ਖ਼ਾਲਿਸਤਾਨੀ ਹਾਂ।" ਹਰ ਵਾਰ ਦੀ ਤਰ੍ਹਾਂ ਇਹ ਤਿੱਖਾ ਬਿਆਨ ਚਰਚਾ ਦੇ ਵਿੱਚ ਵੀ ਰਿਹਾ। ਬਾਕੀ ਇਸ ਸਟੇਜ ਦੇ ਉੱਤੇ ਜੁਝਾਰੂ ਧਿਰਾਂ ਇੱਕਠੀਆਂ ਹੋਈਆਂ ਸਨ। ਦਲ ਖ਼ਾਲਸਾ ਇਸ ਸਟੇਜ ਦਾ ਹਿੱਸਾ ਬਣਿਆ। ਸਿਮਰਨਜੀਤ ਸਿੰਘ ਮਾਨ ਇੱਕ ਅਜਿਹਾ ਸਿਆਸਤਦਾਨ ਹੈ, ਜੋ ਕਿ ਇੱਕ ਬੁਝਾਰਤ ਹੈ। ਪਤਾ ਨਹੀਂ ਕਿਹੜੇ ਸਮੇਂ ਕੀ ਕਹਿ ਦੇਵੇ ਤੇ ਕੀ ਕਰ ਦੇਵੇ।

ਸਿੱਖ ਖਲਾਅ ਦੀ ਅਗਵਾਈ ਕਿਸ ਪਾਰਟੀ ਦੇ ਹੱਕ ਦੇ ਵਿੱਚ ਜਾਵੇਗੀ ?, ਇਹ ਸ਼੍ਰੋਮਣੀ ਕਮੇਟੀ ਦੀ ਚੋਣ ਤੋਂ ਸਾਫ਼ ਹੋ ਜਾਵੇਗਾ। ਰਹੀ ਗੱਲ ਕਾਨਫ਼ਰੰਸਾਂ ਦੇ ਵਿੱਚ ਇਕੱਠ ਦੀ ਤਾਂ ਇਕੱਠ ਨੂੰ ਸੱਚ ਨਾ ਮੰਨਿਆ ਜਾਏ ਕਿਉਂਕਿ ਬਾਦਲ ਪਾਰਟੀ ਜਨਤਕ ਇਕੱਠ ਕਰਨ ਦੇ ਵਿੱਚ ਮਾਹਿਰ ਹੈ। ਇਕੱਠ ਤਾਂ 2022 ਤੇ 2024 ਦੀਆਂ ਚੋਣਾਂ ਸਮੇਂ ਵੀ ਇਹਨਾਂ ਦੀਆਂ ਕਾਨਫ਼ਰੰਸਾਂ ਦੇ ਵਿੱਚ ਹੁੰਦਾ ਸੀ ਪਰ ਇਕੱਠ ਕਦੇ ਵੀ ਵੋਟਾਂ ਦੇ ਵਿੱਚ ਨਹੀਂ ਬਦਲਦੇ ਹੁੰਦੇ। ਬੱਸ ਭਰਾ ਮਾਰੂ ਜੰਗ ਸ਼ੁਰੂ ਹੋ ਗਈ ਹੈ, ਸੰਜੀਦਾ ਤਰੀਕੇ ਦੇ ਨਾਲ ਸੋਚਣ ਲਈ ਕੋਈ ਵੀ ਤਿਆਰ ਨਹੀਂ। ਇਹ ਲੋਕ ਖ਼ੁਦ ਆਪਣੇ ਮੁਫਾਦਾਂ ਦੇ ਲਈ ਨੁਕਸਾਨ ਕਰਦੇ ਨੇ ਤੇ ਨਾਂਅ ਲੋਕਾਂ ਦੇ ਲਾਉਂਦੇ ਨੇ। ਚੇਤਨਾ ਦਾ ਪੱਧਰ ਤੇ ਵਾਅਦਿਆਂ ਦੀ ਪਕਿਆਈ ਕਿਸੇ ਵੀ ਧਿਰ ਵਿੱਚ ਨਜ਼ਰ ਨਹੀਂ ਆ ਰਹੀ। ਬੱਸ ਆਪਣੀ ਹੋਂਦ ਬਚਾਉਣ ਦੇ ਲਈ ਜਦੋਜਹਿਦ ਕਰ ਰਹੇ ਨੇ।

# ਬਿਖੜੇ ਰਾਹਾਂ 'ਤੇ ਕਦੋਂ ਤੱਕ ਚਲੇਗੀ ਪੰਥਕ ਰਾਜਨੀਤੀ ?



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਦੇਸ਼ ਦੀ ਪੁਰਾਣੀ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਜਿਸ ਦਾ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਧਾਰਮਿਕ ਤੇ ਰਾਜਨੀਤਕ ਸਿਆਸਤ ਵਿੱਚ ਅਹਿਮ ਰੋਲ ਰਿਹਾ ਹੈ ਅਤੇ ਜੋ ਕਿ 1920 ਵਿੱਚ ਆਪਣੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਹੀ ਪੰਥ ਅਤੇ ਪੰਜਾਬ ਦੇ ਹੱਕਾਂ- ਹਿਤਾਂ ਲਈ ਸੰਘਰਸ਼ ਕਰਦੀ ਰਹੀ ਹੈ, ਅੱਜ ਗੰਭੀਰ ਸੰਕਟ ਵਿਚੋਂ ਗੁਜ਼ਰਦੀ ਨਜ਼ਰ ਆ ਰਹੀ ਹੈ। 2017 ਤੋਂ ਬਾਅਦ ਇਹ ਪੰਜਾਬ ਵਿੱਚ ਹੋਣ ਵਾਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰਦੀ ਰਹੀ ਹੈ। ਇਸ ਤੋਂ ਇਲਾਵਾ ਪੰਚਾਇਤਾਂ ਅਤੇ ਮਿਊਂਸਪਲ ਅਦਾਰਿਆਂ, ਜਿਨ੍ਹਾਂ ਨੂੰ ਸਥਾਨਕ ਸਰਕਾਰਾਂ ਵੀ ਕਿਹਾ ਜਾਂਦਾ ਹੈ, ਦੀਆਂ ਚੋਣਾਂ ਵਿੱਚ ਵੀ ਇਸ ਦੀ ਕਾਰਗੁਜ਼ਾਰੀ ਬੇਹੱਦ ਕਮਜ਼ੋਰ ਰਹੀ ਹੈ। ਇਸ ਸਮੇਂ ਇਸ ਦੇ ਵੱਖ-ਵੱਖ ਧੜਿਆਂ ਦਾ ਜੋ ਵਤੀਰਾ ਨਜ਼ਰ ਆ ਰਿਹਾ ਹੈ, ਉਸ ਨੂੰ ਮੁੱਖ ਰੱਖਦਿਆਂ ਇਸ ਗੱਲ ਦਾ ਵੀ ਕੋਈ ਭਰੋਸਾ ਨਹੀਂ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਇਸ ਦਾ ਮੁੜ ਉਭਾਰ ਹੋ ਸਕੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਧੜੇ ਜਿਸ ਨੂੰ 'ਸ਼੍ਰੋਮਣੀ ਅਕਾਲੀ ਦਲ (ਬਾਦਲ)' ਵੀ ਆਖਿਆ ਜਾਂਦਾ ਹੈ, ਦੇ ਲੀਡਰਾਂ ਅਤੇ ਇਸੇ ਦਲ ਵਿਚੋਂ ਨਿਕਲੇ ਹੋਏ ਕੁਝ ਹੋਰ ਅਕਾਲੀ ਆਗੂਆਂ ਦੀਆਂ ਪਿਛਲੀਆਂ ਗ਼ਲਤੀਆਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੀ ਜਵਾਬਦੇਹੀ ਕਰਨ ਅਤੇ ਭਵਿੱਖ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਅਤੇ ਇਕਮੁੱਠਤਾ ਲਈ ਪਿਛਲੇ ਸਾਲ 2 ਦਸੰਬਰ ਨੂੰ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ, ਜਿਥੇ ਉਨ੍ਹਾਂ ਨੂੰ ਧਾਰਮਿਕ ਸਜ਼ਾ ਸੁਣਾਈ ਸੀ, ਉਥੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ 7 ਮੈਂਬਰੀ ਕਮੇਟੀ ਬਣਾ ਕੇ ਅਕਾਲੀ ਦਲ ਦਾ ਮੁੜ ਤੋਂ ਪੁਨਰਗਠਨ ਕਰਨ ਦਾ ਆਦੇਸ਼ ਵੀ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਅਤੇ ਇਸੇ ਧੜੇ ਦੇ ਹੋਰ ਬਾਗੀ ਆਗੂਆਂ ਨੇ ਸਿੰਘ ਸਾਹਿਬਾਨ ਦੇ ਆਦੇਸ਼ਾਂ ਦੇ ਮੁਤਾਬਕ ਆਪਣੀਆਂ ਧਾਰਮਿਕ ਸਜ਼ਾਵਾਂ ਤਾਂ ਪੂਰੀਆਂ ਕਰ ਲਈਆਂ ਹਨ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪੁਨਰਗਠਨ ਬਾਰੇ ਸਿੰਘ ਸਾਹਿਬਾਨ ਨੇ ਜੋ ਆਦੇਸ਼ ਦਿੱਤੇ ਹਨ, ਉਨ੍ਹਾਂ ਦੀ ਪੂਰਤੀ ਕਰਨ ਸੰਬੰਧੀ ਅਕਾਲੀ ਆਗੂਆਂ ਵਿੱਚ ਇਕਸੁਰਤਾ ਨਜ਼ਰ ਨਹੀਂ ਆ ਰਹੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੇ ਇਸ ਸੰਬੰਧ ਵਿੱਚ ਕੁਝ ਕਾਨੂੰਨੀ ਨੁਕਤੇ ਉਠਾਏ ਹਨ। ਉਨ੍ਹਾਂ ਦਾ ਮਤ ਹੈ ਕਿ ਜੇਕਰ ਸਿੰਘ ਸਾਹਿਬਾਨ ਦੇ ਆਦੇਸ਼ ਦੇ ਮੁਤਾਬਿਕ ਉਨ੍ਹਾਂ ਵਲੋਂ ਬਣਾਈ 7 ਮੈਂਬਰੀ ਕਮੇਟੀ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਕਰ ਕੇ ਦਲ ਦਾ ਨਵੇਂ ਸਿਰੇ ਤੋਂ ਪ੍ਰਧਾਨ ਚੁਣਨ ਦੀ ਪ੍ਰਕਿਰਿਆ ਨੂੰ ਉਹ ਸਵੀਕਾਰ ਕਰ ਲੈਂਦੇ ਹਨ, ਤਾਂ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਕਮਿਸ਼ਨ ਵੱਲੋਂ ਮਾਨਤਾ ਰੱਦ ਹੋ ਸਕਦੀ ਹੈ। ਇਸ ਸੰਬੰਧ ਵਿੱਚ ਇਨ੍ਹਾਂ



ਆਗੂਆਂ ਵਲੋਂ ਕੁਝ ਜਾਣੇ-ਪਛਾਣੇ ਵਕੀਲਾਂ ਤੋਂ ਪ੍ਰਾਪਤ ਕੀਤੀ ਗਈ ਕਾਨੂੰਨੀ ਰਾਇ ਦਾ ਵੀ ਹਵਾਲਾ ਦਿੱਤਾ ਜਾ ਰਿਹਾ ਹੈ। ਦੂਜੇ ਪਾਸੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ ਨੇ 6 ਜਨਵਰੀ ਨੂੰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਵਾਲੇ ਦਿਨ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਮੁੜ ਇਹ ਆਦੇਸ਼ ਦਿੱਤਾ ਹੈ ਕਿ ਉਹ ਸਿੰਘ ਸਾਹਿਬਾਨ ਵਲੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਆਦੇਸ਼ਾਂ 'ਤੇ ਅਮਲ ਕਰਨ ਅਤੇ ਇਸ ਸੰਬੰਧੀ ਕੋਈ ਵੀ ਆਨਾਕਾਨੀ ਨਹੀਂ ਕੀਤੀ ਜਾਣੀ ਚਾਹੀਦੀ। ਗਿਆਨੀ ਰਘਬੀਰ ਸਿੰਘ ਦੇ ਇਸ ਬਿਆਨ ਨਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਦੀ ਸਮੱਸਿਆ ਇੱਕ ਵਾਰ ਫ਼ਿਰ ਵੱਧ ਗਈ ਨਜ਼ਰ ਆਉਂਦੀ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਮਾਲਵੇ ਦੇ ਪਿੰਡ ਬਰਕੰਦੀ ਵਿੱਚ 3-4 ਜ਼ਿਲ੍ਹਿਆਂ ਦੇ ਵਰਕਰਾਂ ਨਾਲ ਬਕਾਇਦਾ ਇੱਕ ਮੀਟਿੰਗ ਵੀ ਕੀਤੀ ਗਈ ਹੈ ਜਿਸ ਵਿੱਚ ਉਨ੍ਹਾਂ ਨੇ ਆਪਣਾ ਇਹ ਦੋਸ਼ ਦੁਹਰਾਇਆ ਹੈ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਕਰਨ ਲਈ ਰਾਜ ਦੀ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਨੂੰ ਮਜ਼ਬੂਤ ਕਰਨਾ ਬੇਹੱਦ ਜ਼ਰੂਰੀ ਹੈ।

ਦੂਜੇ ਪਾਸੇ ਡਿਬਰੂਗੜ੍ਹ ਜੇਲ੍ਹ ਵਿੱਚ ਐਨ.ਐਸ.ਏ. ਅਧੀਨ ਨਜ਼ਰਬੰਦ ਖਡੂਰ ਸਾਹਿਬ ਤੋਂ ਲੋਕਸਭਾ ਦੇ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹਲਕਾ ਫ਼ਰੀਦਕੋਟ ਤੋਂ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੇ ਸਮਰਥਕਾਂ ਵਲੋਂ ਮਿਲ ਕੇ ਸਿਆਸੀ ਸਰਗਰਮੀ ਆਰੰਭ ਦਿਤੀ ਹੈ। ਇਸ ਨਾਲ ਸਿੰਘ ਸਾਹਿਬਾਨ ਜਾਂ ਹੋਰ ਧਿਰਾਂ ਵਲੋਂ ਅਕਾਲੀ ਦਲ ਵਿੱਚ ਏਕਤਾ ਕਰਵਾਉਣ ਦੇ ਜੋ ਯਤਨ ਕੀਤੇ ਜਾ ਰਹੇ ਹਨ, ਇਕ ਤਰ੍ਹਾਂ ਨਾਲ ਉਨ੍ਹਾਂ ਲਈ ਵੀ ਗੁੰਝਲਾਂ ਪੈਦਾ ਹੋਣਗੀਆਂ। ਜੇਕਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਅਕਾਲੀ ਦਲ ਦੇ ਪੁਨਰਗਠਨ ਸੰਬੰਧੀ ਆਪਣੀ ਵਰਤਮਾਨ ਪਹੁੰਚ 'ਤੇ ਕਾਇਮ ਰਹਿੰਦੀ ਹੈ ਤਾਂ ਇਸ ਗੱਲ ਦੀ ਪੂਰੀ-ਪੂਰੀ ਸੰਭਾਵਨਾ ਹੈ, ਕਿ ਇਸ ਦਲ ਵਿਚੋਂ ਬਾਗੀ ਹੋ ਕੇ ਬਾਹਰ ਨਿਕਲੇ ਆਗੂ ਜੋ ਪਹਿਲਾਂ 'ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਨਾਂਅ ਹੇਠ ਵਿਚਰਦੇ ਰਹੇ ਹਨ, ਵੱਲੋਂ ਵੀ ਮੁੜ ਇਕ ਨਵਾਂ ਅਕਾਲੀ ਦਲ ਖੜ੍ਹਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਇਹ ਤਿੰਨ ਅਕਾਲੀ ਦਲ ਵਿਚਰਦੇ ਨਜ਼ਰ ਆ ਸਕਦੇ ਹਨ। ਪਰ ਅਕਾਲੀ ਦਲਾਂ ਦੀ ਗਿਣਤੀ ਇਥੋਂ ਤਕ ਹੀ ਸੀਮਤ ਨਹੀਂ ਹੈ। ਪੰਜਾਬ ਦੀ ਸਿਆਸਤ ਵਿੱਚ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ (1920), ਸ਼ੇਰ-ਏ-ਪੰਜਾਬ ਅਕਾਲੀ ਦਲ ਅਤੇ ਇੰਟਰਨੈਸ਼ਨਲ ਪੰਥਕ ਦਲ ਆਦਿ ਹੋਰ ਵੀ ਪੰਥਕ ਸੰਗਠਨ ਸਰਗਰਮ ਹਨ।

ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਦਾ ਜਿਥੇ ਪੰਜਾਬ ਦੀ ਸਿਆਸਤ 'ਤੇ ਗਹਿਰਾ ਅਸਰ ਪੈ ਰਿਹਾ ਹੈ, ਉਥੇ ਦੇਸ਼ ਦੀ ਕੌਮੀ ਸਿਆਸਤ ਵਿੱਚ ਵੀ ਘੱਟ ਗਿਣਤੀਆਂ ਵਿਰੋਧੀ ਸਿਆਸੀ ਤਾਕਤਾਂ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ ਅਤੇ ਘੱਟ ਗਿਣਤੀਆਂ ਨਾਲ ਸੰਬੰਧਿਤ ਲੋਕ ਦਿਨੋ-ਦਿਨ ਅਸੁਰੱਖਿਅਤ ਹੁੰਦੇ ਜਾ ਰਹੇ ਹਨ। ਕਿਸੇ ਸਮੇਂ ਦੇਸ਼ ਦੀ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਦਾ ਬੜਾ ਮਹੱਤਵ ਮੰਨਿਆ ਜਾਂਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇਸ਼ ਭਰ ਵਿੱਚ ਵਿਚਰਦੇ ਸਨ। ਸਿੱਖ ਪੰਥ ਦੇ ਨਾਲ-ਨਾਲ ਦੂਜੀਆਂ ਘੱਟ ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਵਿਰੁੱਧ ਵੀ ਬੇਬਾਕੀ ਨਾਲ ਬੋਲਦੇ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਜਬਰ ਤੇ ਜ਼ੁਲਮ ਦੇ ਵਿਰੋਧੀ ਅਤੇ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਵਜੋਂ ਜਾਣਿਆ ਤੇ ਦੇਖਿਆ ਜਾਂਦਾ ਸੀ। ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਦੀ ਜੀਵਨ ਸ਼ੈਲੀ ਵੀ ਬੇਹੱਦ ਸਾਦੀ ਹੁੰਦੀ ਸੀ ਅਤੇ ਉਹ ਆਮ ਕਰਕੇ ਆਪਣੇ ਦੌਰਿਆਂ ਦੌਰਾਨ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰੂ ਘਰਾਂ ਵਿੱਚ ਹੀ ਵਿਸ਼ਰਾਮ ਕਰਦੇ ਸਨ ਅਤੇ ਗੁਰੂ ਘਰਾਂ ਦੇ ਲੰਗਰਾਂ ਵਿਚੋਂ ਹੀ ਪ੍ਰਸ਼ਾਦਾ ਛਕਦੇ ਸਨ। ਉਹ ਹਮੇਸ਼ਾ ਲੋਕਾਂ ਦੀ ਪਹੁੰਚ ਵਿੱਚ ਰਹਿੰਦੇ ਸਨ। ਉਨ੍ਹਾਂ ਸਮਿਆਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਵੀ ਕੌਮੀ ਪੱਧਰ ਦਾ ਰੁਤਬਾ ਤੇ ਪ੍ਰਭਾਵ ਹੁੰਦਾ ਸੀ। 1975 ਵਿੱਚ ਐਮਰਜੈਂਸੀ ਸਮੇਂ 19 ਮਹੀਨਿਆਂ ਤੱਕ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਸਫ਼ਲਤਾ ਨਾਲ ਮੋਰਚਾ ਚਲਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਪੂਰੇ ਦੇਸ਼ ਵਿੱਚ ਜਮਹੂਰੀਅਤ ਦੀ ਮੁੜ ਬਹਾਲੀ ਲਈ ਵੱਡਾ ਰੋਲ ਅਦਾ ਕੀਤਾ ਸੀ ਅਤੇ ਇਸ ਨਾਲ ਅਕਾਲੀ ਦਲ ਦੇ ਆਗੂ ਨਾਇਕ ਬਣ ਕੇ ਉੱਭਰੇ ਸਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਭਾਈਚਾਰੇ ਨਾਲ ਹੁੰਦੀ ਹਰ ਜ਼ਿਆਦਤੀ ਦੇ ਖ਼ਿਲਾਫ਼ ਸੰਘਰਸ਼ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਸੀ। ਸ਼੍ਰੋਮਣੀ ਅਕਾਲੀ ਦਲ ਦੀ ਇਸ ਮਜ਼ਬੂਤੀ ਕਾਰਨ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਪ੍ਰਭਾਵ ਬਣਿਆ ਰਹਿੰਦਾ ਸੀ।

ਬਿਨਾਂ ਸ਼ੱਕ ਧਰਮ ਯੁੱਧ ਮੋਰਚੇ ਦੇ ਅਸਫ਼ਲ ਰਹਿਣ ਤੋਂ ਬਾਅਦ ਸਾਕਾ ਨੀਲਾ ਤਾਰਾ ਵਰਗਾ ਦੁਖਦਾਈ ਘਟਨਾਕ੍ਰਮ ਵਾਪਰਨ ਤੇ ਨਵੰਬਰ, 1984 ਵਿੱਚ ਹੋਏ ਸਿੱਖ ਕਤਲੇਆਮ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪੰਥਕ ਸੰਗਠਨਾਂ ਨੂੰ ਵੱਡੀ ਢਾਅ ਲੱਗੀ ਸੀ ਪਰ ਹੌਲੀ-ਹੌਲੀ ਸਿੱਖ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਇਸ ਸਦਮੇਂ ਤੋਂ ਉੱਭਰ ਆਇਆ ਸੀ। ਪਰ ਬਾਅਦ ਦੇ ਧਾਰਮਿਕ ਤੇ ਸਿਆਸੀ ਘਟਨਾਕ੍ਰਮਾਂ ਨਾਲ ਇਸ ਦੇ ਠੀਕ ਤਰ੍ਹਾਂ ਨਾ ਨਿਪਟ ਸਕਣ ਕਾਰਨ ਅਕਾਲੀ ਦਲ ਮੁੜ ਕਮਜ਼ੋਰ ਹੋ ਗਿਆ।

ਅੱਜ ਦੀ ਸਥਿਤੀ ਇਹ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੁਲਾਈਆਂ ਗਈਆਂ ਕਈ ਮਹੱਤਵਪੂਰਨ ਮੀਟਿੰਗਾਂ ਤੋਂ ਵੀ ਗ਼ੈਰ-ਹਾਜ਼ਰ ਰਹਿੰਦੇ ਹਨ। ਅਜਿਹਾ ਇਸ ਲਈ ਵੀ ਹੁੰਦਾ ਹੈ, ਕਿਉਂਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਥਾਨਕ ਬੋਰਡਾਂ 'ਤੇ ਹੁਣ ਸ਼੍ਰੋਮਣੀ ਅਕਾਲੀ ਦਲ ਦਾ ਬਹੁਤਾ ਪ੍ਰਭਾਵ ਨਹੀਂ ਰਿਹਾ। ਉਨ੍ਹਾਂ 'ਤੇ ਸਥਾਨਕ ਸਰਕਾਰਾਂ ਜਾਂ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਦਾ ਪ੍ਰਭਾਵ ਵਧੇਰੇ ਦੇਖਿਆ ਜਾ ਸਕਦਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਪੂਰੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਭਾਵ ਤੋਂ ਬਾਹਰ ਜਾ ਕੇ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਦੇ ਪ੍ਰਭਾਵ ਅਧੀਨ ਜਾ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੌੜੀ ਸਮਝ ਕਾਰਨ ਹਰਿਆਣਾ ਦੇ ਸਿੱਖ ਭਾਈਚਾਰੇ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਗ਼ਾਵਤ ਕਰਦਿਆਂ ਆਪਣੀ ਵੱਖਰੀ ਗੁਰਦੁਆਰਾ ਕਮੇਟੀ ਬਣਾ ਲਈ ਹੈ। ਹਰਿਆਣੇ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਕਾਫ਼ੀ ਹੱਦ ਤੱਕ ਘਟ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਇਸ ਸਮੇਂ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) 'ਤੇ ਹੀ ਬਾਕੀ ਬਚਿਆ ਹੈ। ਇਸ ਦਾ ਹੀ ਇਹ ਸਿੱਟਾ ਨਿਕਲਿਆ ਹੈ ਕਿ ਸਿੱਖ ਘੱਟ ਗਿਣਤੀ ਦੇ ਮਸਲਿਆਂ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੀ ਕੋਈ ਵੀ ਗੱਲ ਨਾ ਤਾਂ ਹੁਣ ਪੰਜਾਬ ਦੀ ਸਰਕਾਰ ਸੁਣਦੀ ਹੈ ਅਤੇ ਨਾ ਹੀ ਕੇਂਦਰ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ। ਪਿਛਲੇ 2 ਸਾਲਾਂ ਤੋਂ ਮੁਹਾਲੀ ਤੇ ਚੰਡੀਗੜ੍ਹ ਦੀ ਸਰਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚਾ ਲੱਗਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਥੋਂ ਤੱਕ ਕਿ ਸਿੰਘ ਸਾਹਿਬਾਨ ਨੇ ਵੀ ਇਸ ਸੰਬੰਧੀ ਕਾਫ਼ੀ ਸਰਗਰਮੀ ਦਿਖਾਈ ਸੀ। ਸਿੰਘ ਸਾਹਿਬਾਨ ਨੇ ਇਸ ਸੰਬੰਧੀ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਲਈ ਇਕ ਕਮੇਟੀ ਦਾ ਵੀ ਗਠਨ ਕੀਤਾ ਸੀ ਪਰ ਕੇਂਦਰ ਸਰਕਾਰ ਨੇ ਸਿੰਘ ਸਾਹਿਬਾਨ ਵਲੋਂ ਬਣਾਈ ਗਈ ਕਮੇਟੀ ਨੂੰ ਮੀਟਿੰਗ ਲਈ ਵੀ ਕੋਈ ਸਮਾਂ ਨਹੀਂ ਦਿੱਤਾ। ਪਿਛਲੇ 10 ਮਹੀਨਿਆਂ ਤੋਂ ਹਰਿਆਣਾ ਸਰਕਾਰ ਕੇਂਦਰ ਸਰਕਾਰ ਦੀ ਸ਼ਹਿ 'ਤੇ ਕਿਸਾਨ ਅੰਦੋਲਨ ਦਾ ਬਹਾਨਾ ਬਣਾ ਕੇ ਪੰਜਾਬ ਤੋਂ ਦਿੱਲੀ ਨੂੰ ਜਾਂਦੇ ਰਸਤੇ ਪੱਕੇ ਤੌਰ 'ਤੇ ਬੰਦ ਕਰਕੇ ਬੈਠੀ ਹੈ। ਪੰਜਾਬ ਦੇ ਆਮ ਲੋਕ, ਸਨਅਤਕਾਰ ਤੇ ਵਪਾਰੀ ਦਿੱਲੀ ਆਉਣ-ਜਾਣ ਲਈ ਪਿੰਡਾਂ ਦੀਆਂ ਛੋਟੀਆਂ-ਮੋਟੀਆਂ ਸੜਕਾਂ ਰਾਹੀਂ ਸਫ਼ਰ ਕਰਨ ਲਈ ਮਜਬੂਰ ਹਨ। ਲੋਕਾਂ ਨੂੰ ਦਿੱਲੀ ਪਹੁੰਚਣ ਅਤੇ ਦਿੱਲੀ ਤੋਂ ਪੰਜਾਬ ਆਉਣ ਲਈ ਕਈ-ਕਈ ਘੰਟੇ ਵਧੇਰੇ ਸਮਾਂ ਲਗਦਾ ਹੈ।

(ਬਾਕੀ ਸਫ਼ਾ 31 'ਤੇ)

# ਕਿਹੜੇ ਪਾਸੇ ਤੁਰ ਪਏ ਅਕਾਲੀ ਦਲ ਦੇ ਆਗੂ



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
9592093472



ਸਿੱਖ ਨੇ ਖ਼ਾਲਸਾ ਪੰਥ ਜੱਥੇਬੰਦੀ ਦਾ ਨਰੋਆ ਅੰਗ ਹੋਣ ਅਤੇ ਜੀਊਣ ਵਿੱਚ ਮਾਣ ਮਹਿਸੂਸ ਕਰਨਾ ਹੈ। ਸਾਡੇ ਸਤਿਗੁਰੂ ਜੀ ਨੇ ਸਾਨੂੰ ਖ਼ਾਲਸਾ ਜੱਥੇਬੰਦੀ ਬਖਸਿਸ਼ ਕੀਤੀ ਹੈ। ਇਸ ਜੱਥੇਬੰਦੀ ਪ੍ਰਤੀ ਸਿੱਖ ਦੀ ਸਮਝ ਬਹੁ ਪੱਖੀ ਤਥਾ ਅਮੀਰ ਚਾਹੀਦੀ ਹੈ। ਜੇਕਰ ਸਿੱਖ ਆਪਣੀ ਖ਼ਾਲਸਾ ਜੱਥੇਬੰਦੀ ਦੀ ਸਮਝ ਤੋਂ ਬਗੈਰ ਜ਼ਿੰਦਗੀ ਜੀਊ ਰਿਹਾ ਹੈ ਤਾਂ ਉਹ ਜਿੰਦਗੀ ਊਣੀ ਹੈ ਮੁਕੰਮਲ ਨਹੀਂ। ਸਾਡਾ ਇਤਿਹਾਸ ਗਵਾਹ ਹੈ ਗੁਰੂ ਜੀ ਦੀ ਸਰੀਰਕ ਹਯਾਤੀ ਸਮੇਂ ਅਤੇ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਬਖਸ਼ਿਸ਼ ਸਮੇਂ ਤੋਂ ਗੁਰੂ ਜੀ ਦੀ ਨਦਰਿ ਦੇ ਪਾਤਰ ਸਿੱਖ ਖ਼ਾਲਸਾ ਜੱਥੇਬੰਦੀ ਬਾਰੇ ਪੂਰੀ ਸਮਝਦਾਰ ਹੋਣਾ ਅਤੇ ਸੰਸਾਰ ਨੂੰ ਆਪਣੇ ਸਿੱਖ ਤਥਾ ਖ਼ਾਲਸਾ ਜੱਥੇਬੰਦੀ ਦਾ ਹਿੱਸਾ ਦੱਸਣਾ ਬਹੁਤ ਵੱਡਾ ਫ਼ਕਰ ਮੰਨਿਆ ਕਰਦੇ ਆਏ ਹਨ। ਸਮੇਂ ਦੇ ਗੇੜ ਨਾਲ ਬਹੁਤ ਸਾਰੇ ਸਿੱਖ ਕਹਾਉਣ ਵਾਲੇ ਹਿੱਸੇ ਵਿਚੋਂ ਖ਼ਾਲਸਾ ਜੱਥੇਬੰਦੀ ਦੀ ਮਹੱਤਤਾ ਘਟਣੀ ਆਰੰਭ ਹੋਣੀ ਸ਼ੁਰੂ ਹੋਈ। ਕਾਰਨ ਆਪਣੇ ਜਾਤੀ ਧੜੇ ਬਣਾਉਣ ਦੀ ਕਮਜ਼ੋਰੀ ਨੇ ਮੰਡਰਾਉਣਾ ਸ਼ੁਰੂ ਕਰ ਦਿੱਤਾ। ਜਿਵੇਂ ਧੜਿਆਂ ਨੂੰ ਸਿੱਖ ਕਹਾਉਣ ਵਾਲਿਆਂ ਨੇ ਵਧੇਰੇ ਮਹੱਤਤਾ ਦੇਣੀ ਆਰੰਭੀ ਇਸ ਵਿਚੋਂ ਹੀ ਸੰਪਰਦਾਵਾਂ, ਡੇਰੇ, ਹੋਰ ਸ਼ਖਸੀ ਉਭਾਰ ਉਭਰਨੇ ਆਰੰਭ ਹੋਏ। ਸਿੱਖ ਕਹਾਉਣ ਵਾਲਿਆਂ ਅੰਦਰੋਂ ਖ਼ਾਲਸਾ ਜੱਥੇਬੰਦੀ ਪ੍ਰਤੀ ਲਗਾਓ ਘਟਦਾ ਘਟਦਾ ਅੱਜ ਵਾਲੇ ਦੁੱਖਦਾਈ ਦੌਰ ਤੱਕ ਪੁੱਜ ਗਿਆ ਹੈ। ਜਾਤਾਂ ਗੋਤਾਂ ਦੀ ਅਹਿਮੀਅਤ ਵੀ ਇਸੇ ਕਮਜ਼ੋਰੀ ਦੀ ਲਾਗ ਵਾਲਾ ਨ ਮੁਰਾਦ ਰੋਗ ਹੈ। ਪਿੰਡਾਂ ਦੇ ਨਾਮ ਵੀ ਇਸ ਕਮਜ਼ੋਰੀ ਦਾ ਅੰਗ ਹੈ। ਇਸੇ ਤਰ੍ਹਾਂ ਇਲਾਕਿਆਂ ਨਾਲ ਜੋੜ ਕੇ ਆਪਣੀ ਪਹਿਚਾਣ ਖ਼ਾਲਸਾ ਜੱਥੇਬੰਦੀ ਤੋਂ ਬਾਹਰੀ ਦਰਸਾਉਣੀ ਵੀ ਹਉਮੈ ਰੋਗ ਹੀ ਹੈ।

ਜਦੋਂ ਸਿੱਖ ਕਹਾਉਣ ਵਾਲੇ ਧੜਿਆਂ ਵਿੱਚ ਖੜ੍ਹੇ ਹੋਣਗੇ, ਧੜਿਆਂ ਲਈ ਸੋਚਣਗੇ, ਧੜਿਆਂ ਲਈ ਕੰਮ ਕਰਨਗੇ ਤਾਂ ਸਾਰੇ ਠੰਡੇ ਦਿਲ ਦਿਮਾਗ ਨਾਲ ਸੋਚੀਏ ਖ਼ਾਲਸਾ ਜੱਥੇਬੰਦੀ ਦਾ ਰੁਤਬਾ ਧੜੇ ਬਾਜਾਂ ਦੀ ਨਿਗਾਹ ਵਿੱਚ ਕੀ ਅਰਥ ਰੱਖੇਗਾ? ਭਾਵ ਉਨ੍ਹਾਂ ਲਈ ਖ਼ਾਲਸਾ ਜੱਥੇਬੰਦੀ ਦੀ ਕੋਈ ਅਹਿਮੀਅਤ ਨਹੀਂ ਰਹਿ ਗਈ। ਵਰਤਮਾਨ ਸਮੇਂ ਖ਼ਾਲਸਾ ਜੱਥੇਬੰਦੀ ਕਿੱਥੇ ਹੈ? ਕਿੰਨੇ ਕੁ ਹਨ ਜੋ ਖ਼ੁਦ ਨੂੰ ਖ਼ਾਲਸਾ ਜੱਥੇਬੰਦੀ ਦੇ ਨਰੋਆ ਅੰਗ ਕਰਕੇ ਜਾਣਦੇ ਹਨ। ਖ਼ਾਲਸਾ ਜੱਥੇਬੰਦੀ ਲਈ ਜੀਊ ਰਹੇ ਹਨ। ਆਪਣੀ ਆਪਣੀ ਜੱਥੇਬੰਦੀ ਲਈ ਹੀ ਖ਼ੁਦ ਵਾਰਨੇ ਬਲਿਹਾਰਨੇ ਕਰਨ ਵਿੱਚ ਯਕੀਨ ਰੱਖਦੇ ਹਨ। ਖ਼ਾਲਸਾ ਜੱਥੇਬੰਦੀ ਹੀ ਖ਼ਾਲਸਾ ਪੰਥ ਹੈ। ਕਦੇ ਹਰ ਸਿੱਖ ਖ਼ਾਲਸਾ ਪੰਥ ਦੀਆਂ ਗੂੰਜਾਂ ਪਾਉਣ ਲਈ ਸਿਰ ਧੜ ਦੀ ਬਾਜ਼ੀ ਲਾਉਣ ਤੱਤਪਰ ਹੋਇਆ ਕਰਦੇ ਸਨ। ਅੱਜ ਖ਼ੁਦ ਲਈ ਜਾਂ ਆਪਣੀ ਨਿਗੂਣੀ ਧੜੇਬੰਦੀ ਲਈ ਖ਼ਾਲਸਾ ਪੰਥ ਦੀ ਅਜ਼ਮਤ ਤਥਾ ਸਿਧਾਂਤ ਦਾਅ 'ਤੇ ਲਾਉਣ ਲੱਗਿਆਂ ਰਾਈ ਮਾਤਰ ਵੀ ਸ਼ਰਮ ਨਹੀਂ ਕਰਦੇ।


ਅੱਜ ਖ਼ਾਲਸਾ ਪੰਥ ਤਥਾ ਜੱਥੇਬੰਦੀ ਦਾ ਜੋ ਨਿਘਾਰ ਹੈ ਇਹ ਆਰੰਭ ਤੋਂ ਲੈ ਕੇ ਹੁਣ ਤੱਕ ਸਭ ਤੋਂ ਵੱਡਾ ਨਿਘਾਰ ਹੈ। ਖ਼ਾਲਸਾ ਪੰਥ ਤਥਾ ਜੱਥੇਬੰਦੀ ਦੇ ਸਿਧਾਂਤ ਤਥਾ ਮਰਯਾਦਾ ਪੜ੍ਹਨੀ ਸਮਝਣੀ ਹੀ ਬੰਦ ਵਾਂਗ ਹੀ ਹੈ ਜੀਊਣ ਦੀ ਅਮਲੀ ਕਿਰਿਆ ਤੇ ਸੁਰਤਿ ਸੋਚ ਵਿਚੋਂ ਕੋਹਾਂ ਦੂਰ!

ਵੀਹਵੀਂ ਸਦੀ ਦਾ ਆਰੰਭ ਸਿੰਘ ਸਭਾ ਲਹਿਰ ਦੇ ਤੇਜ ਪਰਤਾਪ ਵਾਲਾ ਸੀ ਉਸ ਵਕਤ ਸਿੱਖ ਕਹਾਉਣ ਵਾਲਿਆਂ ਦੀ ਸੰਪਰਦਾਈ ਤੇ ਨਿਹੰਗ ਜੱਥੇਬੰਦੀਆਂ ਕਿਧਰੇ ਵੀ ਖ਼ਾਲਸਾ ਪੰਥ ਤਥਾ ਜੱਥੇਬੰਦੀ ਲਈ ਕੰਮ ਕਰਦੀਆਂ ਰੜਕ ਨਹੀਂ ਸਨ ਰਹੀਆਂ। ਨਾ ਹੀ ਇਨ੍ਹਾਂ ਵਿਚੋਂ ਕਿਸੇ ਦੀ ਭੂਮਿਕਾ ਖ਼ਾਲਸਾ ਜੱਥੇਬੰਦੀ ਦੀ ਵਫ਼ਾ ਤੇ ਮਜ਼ਬੂਤੀ ਸਵੀਕਾਰਦੀ ਸੀ।


ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਸਾਕਾ ਗੁਰੂ ਕਾ ਬਾਗ, ਸਾਕਾ ਜੈਤੋਂ ਸਭ ਸਿੰਘ ਸਭਾ ਲਹਿਰ ਦੇ ਵਾਰਸ ਖ਼ਾਲਸਾ ਜੱਥੇਬੰਦੀ ਦੀ ਜ਼ਿੰਮੇਵਾਰੀ ਵਜੋਂ ਨਿਭਾਅ ਰਹੇ ਸਨ। ਇਹੀ ਖ਼ਾਲਸਾ ਜੱਥੇਬੰਦੀ ਦੇ ਵਾਰਸ ਵਿਰਸੇ ਪ੍ਰਤੀ, ਇਤਿਹਾਸਕ ਅਸਥਾਨਾਂ ਦੀ ਆਭਾ ਮਾਣ ਮਹੱਤਤਾ ਲਈ ਖ਼ਾਲਸਾ ਜੱਥੇਬੰਦੀ ਦੇ ਨਰੋਆ ਅੰਗ ਖ਼ੁਦ ਨੂੰ ਜਾਣ ਜੂਝਦੇ ਹਨ ਸਿਰ ਧੜ ਦੀਆਂ ਬਾਜ਼ੀਆਂ ਲਾਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪੰਥਕ ਵਫ਼ਾਦਾਰ ਤੇ ਪਹਿਰੇਦਾਰ ਜੱਥੇਬੰਦੀਆਂ ਖੜੀਆਂ ਕਰਦੇ ਹਨ।' ਪੰਥ ਵੱਸੇ ਮੈਂ ਉਝੜਾਂ ਮਨ ਚਾਓ ਘਨੇਰਾ', 'ਪੰਥ ਕੀ ਜੀਤ,' 'ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ' ਵਰਗੇ ਬੋਲੇ , ਬਾਲ ਬਿਰਧ ਜਵਾਨਾਂ ਦੀਆਂ ਰੂਹਾਂ ਵਿਚੋਂ ਬੇਮੁਹਾਰੇ ਨਿਕਲਦੇ ਸਨ।ਅੱਜ ਖ਼ਾਲਸਾ ਜੱਥੇਬੰਦੀ ਸਾਡੀ ਬਾਰੇ ਅਸੀਂ ਖ਼ੁਦ ਵੀ ਕੰਮ ਕਰਨ ਤੋਂ ਝਿਜਕ ਰਹੇ ਹਾਂ। ਜੇ ਅਸੀਂ ਮਾੜੀ ਮੋਟੀ ਹਿਲ ਜੁਲ ਕਰਦੇ ਵੀ ਹਾਂ ਸਾਡੇ ਸਾਹਮਣੇ ਪੰਥਕ ਹਿਤ ਦੀ ਥਾਂ ਆਪਣੀ ਹੋਂਦ ਤੇ ਧੜੇਬੰਦੀ ਦਾ ਮਹੱਤਵ ਵੱਧ ਹੁੰਦਾ ਹੈ। ਅੱਜ ਕੱਲ੍ਹ ਸਾਰਿਆਂ ਦਾ ਧਿਆਨ ਘੱਟ ਜਾਂ ਵੱਧ ਬਾਦਲਕਿਆਂ ਵੱਲੋਂ ਖ਼ਾਲਸਾ ਪੰਥ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਣ ਦੀ ਵਾਰ ਵਾਰ ਕੋਸ਼ਿਸ਼ 'ਤੇ ਕੇਂਦ੍ਰਿਤ ਹੈ।

2007 ਤੋਂ ਤੇ 2015 ਤੋਂ ਤਾਂ ਇਨ੍ਹਾਂ ਬਾਦਲ ਦਲ ਦੇ ਆਗੂਆਂ ਨੇ ਹੱਦ ਹੀ ਕਰ ਦਿੱਤੀ ਹੈ। ਤਖ਼ਤ ਦੇ ਜੱਥੇਦਾਰ ਘਰ ਦੀ ਖੇਤੀ ਸਮਝ ਕੇ ਗੁਲਾਮਾਂ ਵਰਗੇ ਵਿਹਾਰ ਕਰਨ ਦੀਆਂ ਕਰੂਰ ਚਾਲਾਂ ਚੱਲੀਆਂ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੇ ਖ਼ਾਲਸਾ ਪੰਥ ਦੀ ਅਜ਼ਮਤ ਨੂੰ ਇਨ੍ਹਾਂ ਬੁਰੀ ਤਰ੍ਹਾਂ ਢਾਹ ਲਾਈ ਹੈ। ਅਕਾਲ ਤਖ਼ਤ ਸਾਹਿਬ ਇਨ੍ਹਾਂ ਲਈ ਪੰਥਕ ਮਾਣ ਸਨਮਾਨ ਦਾ ਧੁਰਾ ਨਹੀਂ ਹੈ। ਇਹ ਨਗਰ ਪਾਲਿਕਾ ਦੇ ਦਫ਼ਤਰ ਨਾਲੋਂ ਵੀ ਘਟੀਆ ਵਿਹਾਰ ਲਈ ਸਦਾ ਬਜਿੱਦ ਰਹਿੰਦੇ ਹਨ। ਕਾਰਨ ਬੜਾ ਸਪੱਸ਼ਟ ਹੈ ਇਹ ਖ਼ਾਲਸਾ ਜੱਥੇਬੰਦੀ ਦੀ ਮਹਾਨਤਾ ਨੂੰ ਨਾ ਤੇ ਪਹਿਚਾਣਦੇ ਜਾਣਦੇ ਹਨ ਨਾ ਹੀ ਕਦਰਦਾਨ ਹਨ। ਕਿੰਨੇ ਕੀਤੇ ਗੁਨਾਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗਿੜਗਿੜਾ ਕੇ ਪ੍ਰਵਾਨ ਕਰਨ ਲਈ ਮਜ਼ਬੂਰ ਹੋਏ ਹਨ ਇਹ ਸਾਰੇ ਗੁਨਾਹ ਇਨ੍ਹਾਂ ਖ਼ਾਲਸਾ ਪੰਥ ਨੂੰ ਪਿੱਠ ਦੇ ਰਾਜਸੱਤਾ ਦੀ ਹਵਸ ਨਾਲ ਕੀਤੇ ਹਨ। ਹੁਣ ਜਦੋਂ 2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਤੋਂ ਇਨ੍ਹਾਂ ਦੇ ਧੜੇ ਨੂੰ ਬੜੇ ਸਪਸ਼ਟ ਆਦੇਸ਼ ਦਿੱਤੇ ਗਏ ਹਨ। ਆਗੂਆਂ ਦੀ ਯੋਗਤਾ ਨੂੰ ਰੱਦ ਕਰ ਦਿੱਤਾ ਗਿਆ ਹੈ। ਅਸਤੀਫ਼ੇ ਮਨਜ਼ੂਰ ਕਰਨ ਦਾ ਆਦੇਸ਼ ਹੈ। ਨਵੇਂ ਸਿਰੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਨਵੀਂ ਭਰਤੀ ਕਰਕੇ ਜੱਥੇਬੰਦਕ ਢਾਂਚਾ ਉਸਾਰਨ ਦੀ ਹਦਾਇਤ ਹੈ ਇਨ੍ਹਾਂ ਆਦੇਸ਼ਾਂ 'ਤੇ ਅਮਲ ਤੋਂ ਕਿਉਂ ਭੱਜ ਰਹੇ ਹਨ। ਕੂੜੇ ਬਹਾਨੇ ਬਣਾ ਕੇ ਆਦੇਸ਼ਾਂ ਦੇ ਅਮਲ ਤੋਂ ਟਾਲ ਮਟੋਲ ਕੀਤਾ ਜਾ ਰਿਹਾ ਹੈ। ਸਿੱਖ ਸੰਗਤਾਂ ਦੇ ਮਨ ਵਿੱਚ ਇਨ੍ਹਾਂ ਦੀ ਬੇਈਮਾਨੀ ਵਾਲੀ ਸੋਚ ਕੰਡੇ ਵਾਂਗ ਚੁੱਭ ਰਹੀ ਹੈ। ਤਾਰੀਖਾਂ ਵਧਾਉਣ ਦਾ ਬਹਾਨਾ ਅੰਦਰਲਾ ਕਪਟ ਹੈ ਕਿ ਯਾ ਖੁਦਾ ਸਾਨੂੰ ਆਦੇਸ਼ ਮੰਨਣ ਤੋਂ ਛੁਟਕਾਰਾ ਮਿਲ ਜਾਵੇ। ਸੰਗਤ ਸਵਾਲ ਕਰਕੇ ਪੁੱਛ ਰਹੀ ਹੈ ਕਿ ' ਬਾਦਲ ਦਲੀਏ ਕਿਧਰ ਨੂੰ ਜਾ ਰਹੇ ਹਨ'। ਅਸਤੀਫ਼ੇ ਮਨਜ਼ੂਰ ਕਿਉਂ ਨਹੀਂ? ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਗਠਨ ਵਾਲੀਆਂ ਸੱਤ ਸ਼ਖ਼ਸੀਅਤਾਂ ਚੋਂ ਬਹੁਤਿਆਂ ਨੇ ਜ਼ਿੰਮੇਵਾਰੀ ਦਾ ਬਿਸਮਿੱਲਾਹ ਕਿਉਂ ਨਹੀਂ ਪੜ੍ਹਿਆ? ਕਿਉਂ ਖਾਮੋਸ਼ ਹਨ ਇਹ ਸ਼ਖ਼ਸੀਅਤਾਂ? ਕੀ ਅਕਾਲ ਤਖ਼ਤ ਸਾਹਿਬ ਨਾਲੋਂ ਸਿਆਸੀ ਆਕਾਵਾਂ ਦਾ ਦਬਦਬਾ ਵਧੇਰੇ ਹੈ? ਬਾਦਲ ਦਲੀਆਂ ਦਾ ਦੋਗਲਾਪਣ ਇਨ੍ਹਾਂ ਲਈ ਹੀ ਕੱਫ਼ਣ ਦਾ ਆਖ਼ਰੀ ਕਿੱਲ ਨਾ ਬਣ ਜਾਵੇ ! ਇਨ੍ਹਾਂ ਨੂੰ ਖ਼ੁਦ ਆਪਣੀਆਂ ਹਰਕਤਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਤੇ ਖ਼ਾਲਸਾ ਪੰਥ ਤੋਂ ਬਖਸ਼ਾ ਲੈਣਾ ਚਾਹੀਦਾ ਹੈ।

# ਕਦੇ ਵੀ ਟੁੱਟ ਸਕਦੈ ਭਾਰਤ-ਚੀਨ ਵਿਚਾਲ਼ੇ ਹੋਇਆ ਸਮਝੌਤਾ



ਮੁਖ਼ਤਾਰ ਗਿੱਲ



ਰੂਸ ਦੇ ਸ਼ਹਿਰ ਕਜ਼ਾਨ ਵਿਚ ਅਕਤੂਬਰ 2024 ਨੂੰ ਬ੍ਰਿਕਸ ਸਿਖਰ ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਰਮਿਆਨ ਇੱਕ ਸੰਖੇਪ ਜਿਹੀ ਮੁਲਾਕਾਤ ਦੌਰਾਨ ਭਾਰਤ-ਚੀਨ ਦੇ ਰਿਸ਼ਤਿਆਂ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਬਣੀ ਸਹਿਮਤੀ ਨੂੰ ਅਜੇ ਤਿੰਨ ਮਹੀਨੇ ਵੀ ਨਹੀਂ ਹੋਏ ਕਿ ਦੋਵਾਂ ਦੇਸ਼ਾਂ ਦਰਮਿਆਨ ਹੋਇਆ 'ਸਮਝੌਤਾ' ਲੜਖੜਾਉਣ ਲੱਗਾ ਹੈ। ਹਾਲ ਹੀ ਵਿੱਚ ਚੀਨ ਨੇ ਹੈਤਾਨ ਸੂਬੇ 'ਚ ਦੋ ਪ੍ਰਸ਼ਾਸਕੀ ਕਾਊਂਟੀਆਂ ਬਣਾਉਣ ਦਾ ਐਲਾਨ ਕਰ ਦਿੱਤਾ ਹੈ ਜਿਸ ਦੇ ਅਧਿਕਾਰ ਖੇਤਰ ਦੇ ਕੁਝ ਹਿੱਸੇ ਭਾਰਤ ਦੇ ਯੂਟੀ ਲੱਦਾਖ 'ਚ ਆਉਂਦੇ ਹਨ। ਇਸ ਤੋਂ ਪਹਿਲਾਂ ਚੀਨ ਨੇ ਭਾਰਤ ਦੀ ਸਰਹੱਦ ਨੇੜੇ ਬ੍ਰਹਮ ਪੁੱਤਰ ਦਰਿਆ ਉੱਤੇ ਇੱਕ ਵਿਸ਼ਾਲ ਬੰਨ੍ਹ (ਡੈਮ) ਬਣਾਉਣ ਦਾ ਐਲਾਨ ਕੀਤਾ ਸੀ।

ਤਿੱਬਤ ਵਿੱਚ ਕੈਲਾਸ਼ ਪਰਬਤ ਦੇ ਨੇੜੇ ਬ੍ਰਹਮ ਪੁੱਤਰ ਨਦੀ (ਤਿੱਬਤ ਵਿੱਚ ਜਿਸ ਦਾ ਨਾਂ ਯਾਰਲੁੰਗ ਸਾਂਗਪੋ ਹੈ) ਉੱਤੇ ਦੁਨੀਆਂ ਦੇ ਸਭ ਤੋਂ ਉੱਚੇ ਪਣ ਬਿਜਲੀ ਬੰਨ੍ਹ (ਬੁਨਿਆਦੀ ਢਾਂਚਾ ਪ੍ਰਾਜੈਕਟ) ਬਣਾਉਣ ਨੂੰ ਮਨਜ਼ੂਰੀ ਦਿੱਤੀ ਸੀ ਜਿਸ ਉੱਤੇ ਅੰਦਾਜ਼ਨ 137 ਅਰਬ ਡਾਲਰ ਦਾ ਖ਼ਰਚ ਆਵੇਗਾ। ਬ੍ਰਹਮ ਪੁੱਤਰ (ਯਾਰਲੁੰਗ ਸਾਂਗਪੋ) ਅਸਾਮ ਤੋਂ ਹੁੰਦੀ ਹੋਈ ਬੰਗਲਾਦੇਸ਼ ਪਹੁੰਚਦੀ ਹੈ। ਚੀਨ ਵੱਲੋਂ ਤਿੱਬਤ 'ਚ ਬ੍ਰਹਮ ਪੁੱਤਰ ਦਰਿਆ 'ਤੇ ਵੱਡਾ ਡੈਮ ਬਣਾਉਣ ਦੀ ਯੋਜਨਾ ਅਤੇ ਦੋ ਪ੍ਰਸ਼ਾਸਕੀ ਕਾਊਂਟੀਆਂ ਸਥਾਪਤ ਕਰਨ ਦਾ ਐਲਾਨ ਕਰਨ ਤੋਂ ਕੁਝ ਦਿਨ ਬਾਅਦ ਭਾਰਤ ਨੇ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕੇਗਾ ਤੇ ਲਗਾਤਾਰ ਨਿਗਰਾਨੀ ਜਾਰੀ ਰੱਖੇਗਾ।

ਭਾਰਤ ਨੂੰ ਖ਼ਦਸ਼ਾ ਹੈ ਕਿ ਚੀਨ ਇੱਕ ਤਰ੍ਹਾਂ ਪਾਣੀ ਨੂੰ ਹਥਿਆਰ ਬਣਾ ਕੇ ਭਾਰਤ ਦੇ ਲੱਦਾਖ, ਅਸਾਮ ਆਦਿ 'ਤੇ ਕੰਟਰੋਲ ਕਰਨ ਦੀ ਇੱਛਾ ਰੱਖਦਾ ਹੈ। ਚੀਨ ਵੱਲੋਂ ਤਜਵੀਜ਼ ਕੀਤੇ ਬੰਨ੍ਹ 'ਤੇ ਆਪਣੀ ਪਹਿਲੀ ਪ੍ਰਤੀਕਿਰਿਆ ਦਿੰਦਿਆਂ ਨਵੀਂ ਦਿੱਲੀ ਨੇ ਬੀਜਿੰਗ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਉੱਪਰਲੇ ਖੇਤਰ ਵਿੱਚ ਗਤੀਵਿਧੀਆਂ ਨਾਲ ਬ੍ਰਹਮ ਪੁੱਤਰ ਦੇ ਹੇਠਲੇ ਰਾਜਾਂ ਦੇ ਹਿੱਤਾਂ ਨੂੰ ਨੁਕਸਾਨ ਨਾ ਪੁੱਜੇ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਚੀਨ ਦੇ ਉਕਤ ਫ਼ੈਸਲੇ ਬਾਰੇ ਨਾਜਾਇਜ਼ ਕਬਜ਼ੇ ਦਾ ਇਲਜ਼ਾਮ ਲਾਉਂਦਿਆਂ ਇਸ ਖ਼ਿਲਾਫ਼ ਸਖ਼ਤ ਵਿਰੋਧ ਜਤਾਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਲਗਾਤਾਰ ਨਿਗਰਾਨੀ ਰੱਖਾਂਗੇ ਤੇ ਆਪਣੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕਾਂਗੇ।

ਅਜਿਹੀਆਂ ਕਿਆਸ-ਅਰਾਈਆਂ ਹਨ ਕਿ ਇਸ ਡੈਮ ਨਾਲ ਅਰੁਣਾਚਲ ਪ੍ਰਦੇਸ਼ ਦੇ ਨਾਲ-ਨਾਲ ਅਸਾਮ 'ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਚੀਨੀ ਧਿਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਉੱਪਰਲੇ ਖੇਤਰਾਂ 'ਚ ਗਤੀਵਿਧੀਆਂ ਦੇ ਨਾਲ ਬ੍ਰਹਮ ਪੁੱਤਰ ਦੇ ਹੇਠਲੇ ਰਾਜਾਂ ਦੇ ਹਿੱਤ ਪ੍ਰਭਾਵਿਤ ਨਾ ਹੋਣ। ਚੀਨ ਦੀ ਇਸ ਯੋਜਨਾ ਨੇ ਭਾਰਤ ਤੇ ਬੰਗਲਾਦੇਸ਼ ਨੂੰ ਫ਼ਿਕਰ 'ਚ ਪਾਇਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਚੀਨ ਨੇ ਬੀਤੇ ਸਾਲ 25 ਦਸੰਬਰ ਨੂੰ ਤਿੱਬਤ 'ਚ ਭਾਰਤ ਨਾਲ ਲੱਗਦੀ ਸਰਹੱਦ ਨੇੜੇ ਬ੍ਰਹਮ ਪੁੱਤਰ ਨਦੀ 'ਤੇ ਦੁਨੀਆਂ ਦਾ ਸਭ ਤੋਂ ਵੱਡਾ ਬੰਨ੍ਹ ਬਣਾਉਣ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਸੀ। ਦਰਅਸਲ, ਹਾਲ ਹੀ ਵਿੱਚ ਚੀਨ ਦੇ ਦੋ ਫ਼ੈਸਲਿਆਂ ਨੇ ਭਾਰਤ ਦੇ ਸਾਹਮਣੇ ਇਹ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਜੇ ਅਸਲ ਵਿੱਚ ਇਸ ਤਰ੍ਹਾਂ ਹੁੰਦਾ ਰਹੇਗਾ ਤਾਂ ਫ਼ਿਰ ਚੀਨ ਤੋਂ ਕੋਈ ਸੁਹਿਰਦ ਉਮੀਦ ਦੀ ਕੀ ਤੁਕ ਬਣੇਗੀ?

ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਜਟਿਲ ਮਸਲਿਆਂ ਦਾ ਕੀ ਬਣੇਗਾ? ਚੀਨ ਵੱਲੋ ਇਸ ਤਰ੍ਹਾਂ ਦੀਆਂ ਹਰਕਤਾਂ (ਮਿਸਾਲ ਲਈ ਬ੍ਰਹਮ ਪੁੱਤਰ ਦਰਿਆ 'ਤੇ ਪਣ ਬਿਜਲੀ ਬੰਨ੍ਹ (ਡੈਮ) ਬਣਾਉਣ ਦੀ ਤਜਵੀਜ਼ ਅਤੇ ਹੈਤਾਨ ਸੂਬੇ ਵਿੱਚ ਦੋ ਪ੍ਰਸ਼ਾਸਕੀ ਕਾਊਂਟੀਆਂ ਬਣਾਉਣ ਦੀ ਯੋਜਨਾ) ਤਦ ਸਾਹਮਣੇ ਆ ਰਹੀਆਂ ਹਨ ਜਦ ਦੋਵਾਂ ਦੇਸ਼ਾਂ ਨੇ ਲਗਪਗ ਸਾਢੇ ਚਾਰ ਸਾਲਾਂ ਤੋਂ ਸਰਹੱਦੀ ਮਸਲਿਆਂ 'ਤੇ ਜਾਰੀ ਸਭ ਰੇੜਕੇ ਦੂਰ ਕਰ ਕੇ ਮਸਲੇ ਦੇ ਹੱਲ ਲਈ ਠੋਸ ਕਦਮ ਚੁੱਕਣ ਦਾ ਫ਼ੈਸਲਾ ਲਿਆ ਸੀ।

ਭਾਰਤ ਵਿੱਚ ਚੀਨੀ ਦੂਤਘਰ ਦੇ ਤਰਜਮਾਨ ਯੂ ਜਿੰਗ ਨੇ ਕਿਹਾ ਕਿ ਬ੍ਰਹਮ ਪੁੱਤਰ ਨਦੀ 'ਤੇ ਡੈਮ ਬਣਾਉਣ ਸਬੰਧੀ ਪ੍ਰਾਜੈਕਟ ਦਾ ਹੇਠਲੇ ਇਲਕਿਆਂ 'ਤੇ ਕੋਈ ਨਕਾਰਾਤਮਕ ਪ੍ਰਭਾਵ ਨਹੀਂ ਪਵੇਗਾ। ਚੀਨ ਨੇ ਦਾਅਵਾ ਕੀਤਾ ਕਿ ਉਸ ਵੱਲੋਂ ਆਪਣੇ ਇਲਾਕੇ ਵਿੱਚ ਸਾਂਗਪੋ (ਬ੍ਰਹਮ ਪੁੱਤਰ) ਨਦੀ 'ਤੇ ਪਣ ਬਿਜਲੀ ਪ੍ਰਾਜੈਕਟ (ਡੈਮ) ਬਣਾਇਆ ਜਾਵੇਗਾ ਜਿਸ ਦਾ ਮਕਸਦ ਸਵੱਛ ਊਰਜਾ ਦੇ ਵਿਕਾਸ ਵਿੱਚ ਤੇਜ਼ੀ ਲਿਆਉਣਾ ਤੇ ਜਲਵਾਯੂ ਬਦਲਾਅ 'ਤੇ ਅਤਿਅੰਤ ਹਾਈਡਰੋਲੋਜੀਕਲ ਆਫ਼ਤਾਂ ਦਾ ਟਾਕਰਾ ਕਰਨਾ ਹੈ। ਦੂਤਘਰ ਦੇ ਤਰਜਮਾਨ ਨੇ ਇਹ ਵੀ ਕਿਹਾ ਕਿ ਚੀਨ ਹਮੇਸ਼ਾ ਸਰਹੱਦ ਪਾਰ ਨਦੀਆਂ ਦੇ ਵਿਕਾਸ ਲਈ ਜ਼ਿੰਮੇਵਾਰ ਰਿਹਾ ਹੈ। ਉਨ੍ਹਾਂ ਹੇਠਲੇ ਇਲਾਕਿਆਂ 'ਚ ਪੈਂਦੇ ਦੇਸ਼ਾਂ ਨਾਲ ਸੰਚਾਰ ਕਾਇਮ ਰੱਖਣ ਤੇ ਸਹਿਯੋਗ ਵਧਾਉਣ ਦਾ ਭਰੋਸਾ ਦਿਵਾਇਆ।

ਇਸ ਤੋਂ ਪਹਿਲਾਂ ਭਾਰਤ ਤੇ ਚੀਨ ਵਿਚਾਲੇ ਬਣੀ ਵਿਸ਼ੇਸ਼ ਪ੍ਰਤੀਨਿਧੀ ਪੱਧਰ ਦੀ ਮੀਟਿੰਗ ਪਿਛਲੇ ਦਿਨੀਂ ਬੀਜਿੰਗ ਵਿੱਚ ਹੋਈ ਸੀ। ਬੈਠਕ ਵਿੱਚ ਭਾਰਤ ਦੀ ਨੁਮਾਇੰਦਗੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਕੀਤੀ ਜਦਕਿ ਵਿਦੇਸ਼ ਮੰਤਰੀ ਵਾਂਗ ਯੀ ਚੀਨ ਤੋਂ ਵਿਸ਼ੇਸ਼ ਪ੍ਰਤੀਨਿਧੀ ਸਨ। ਭਾਰਤ-ਚੀਨ ਦਰਮਿਆਨ ਸਰਹੱਦੀ ਵਿਵਾਦ ਸੁਲਝਾਉਣ ਲਈ ਇਸ ਤੋਂ ਪਹਿਲਾਂ 22 ਵਾਰ ਗੱਲਬਾਤ ਹੋ ਚੁੱਕੀ ਹੈ। ਡੋਵਾਲ ਖ਼ੁਦ 2014 ਤੋਂ 2019 ਤੱਕ ਇਸ ਗੱਲਬਾਤ ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ। ਭਾਰਤ ਤੇ ਚੀਨ ਵਿਚਾਲੇ ਕਈ ਪੱਧਰ 'ਤੇ ਮੁਲਾਕਾਤਾਂ ਹੋਈਆਂ ਹਨ। ਇਨ੍ਹਾਂ ਜ਼ਰੀਏ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਸਾਲ 2020 ਤੋਂ ਆਏ ਤਣਾਅ ਨੂੰ ਘੱਟ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਦਰਅਸਲ, ਵਿਵਾਦ ਪੂਰਬੀ ਲੱਦਾਖ ਦੇ ਕਈ ਸਰਹੱਦੀ ਇਲਾਕਿਆਂ ਨਾਲ ਜੁੜਿਆ ਸੀ।

ਹਾਲਾਂਕਿ ਤਲਖ਼ੀ ਦੀ ਸ਼ੁਰੂਆਤ ਅਸਲ ਕੰਟਰੋਲ ਰੇਖਾ 'ਤੇ 15 ਜੂਨ 2020 ਨੂੰ ਗਲਵਾਨ ਵਾਦੀ ਦੀ ਝੜਪ ਨਾਲ ਹੋਈ ਸੀ। ਇਸ ਗੱਲਬਾਤ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਮਝੌਤਾ ਭਾਰਤ ਤੇ ਚੀਨ ਦੇ ਮੁਖੀਆਂ ਵਿਚਾਲੇ 21 ਅਕਤੂਬਰ 2024 ਨੂੰ ਹੋਇਆ ਸੀ ਜਿਸ ਵਿੱਚ ਸਰਹੱਦਾਂ 'ਤੇ ਤਣਾਅ ਘਟਾਉਣ ਲਈ ਸਹਿਮਤੀ ਬਣੀ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਝੌਤੇ ਦਾ ਸਵਾਗਤ ਕਰਦਿਆਂ ਮਤਭੇਦਾਂ ਤੇ ਵਿਵਾਦਾਂ ਨਾਲ ਢੁੱਕਵੇਂ ਢੰਗ ਨਾਲ ਸਿੱਝਣ ਤੇ ਇਨ੍ਹਾਂ ਨੂੰ ਅਮਨ-ਚੈਨ ਖ਼ਰਾਬ ਨਾ ਕਰਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਸੀ।

ਸਰਕਾਰ ਨੇ ਇਹ ਵੀ ਦੱਸਿਆ ਕਿ ਹੁਣ ਦੇਪਸਾਂਗ ਤੇ ਡੈਮਚੋਕ ਵਿੱਚ ਫ਼ੌਜ ਨੂੰ ਪਹਿਲਾਂ ਵਾਂਗ ਪੈਟਰੋਲਿੰਗ ਤੇ ਆਜੜੀਆਂ ਨੂੰ ਆਉਣ-ਜਾਣ ਦੀ ਆਗਿਆ ਦੇਣ ਬਾਰੇ ਚੀਨ ਨਾਲ ਸਹਿਮਤੀ ਬਣੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲਿਨ ਜਿਆਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੁਲਕ ਵਾਰਤਾ ਅਤੇ ਸੰਪਰਕ ਰਾਹੀਂ ਆਪਸੀ ਵਿਸ਼ਵਾਸ ਨੂੰ ਵਧਾ ਕੇ ਭਾਰਤ ਨਾਲ ਹਮੇਸ਼ਾ ਗੱਲਬਾਤ ਕਰਨ ਲਈ ਤਿਆਰ ਹੈ। ਕੀ ਦੋਵਾਂ ਦੇਸ਼ਾਂ ਵਿਚਾਲੇ ਮਸਲੇ ਸੁਲਝ ਗਏ ਹਨ? ਇਨ੍ਹਾਂ ਮੁਲਾਕਾਤਾਂ ਤੇ ਸਮਝੌਤਿਆਂ ਦੇ ਬਾਵਜੂਦ ਅਜਿਹੇ ਕਿਹੜੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਅਜੇ ਵੀ ਸਾਫ਼ ਤੇ ਸਪਸ਼ਟ ਨਹੀਂ ਹੈ।ਮੈਕਮੋਹਨ ਰੇਖਾ ਅੱਜ ਵੀ ਸਰਹੱਦੀ ਵਿਵਾਦ 'ਚ ਰੁਕਾਵਟ ਬਣੀ ਹੋਈ ਹੈ ਕਿਉਂਕਿ ਚੀਨ ਮੈਕਮੋਹਨ ਰੇਖਾ ਨੂੰ ਮਾਨਤਾ ਨਹੀਂ ਦਿੰਦਾ। ਪਿਛਲੇ ਕੁਝ ਸਮੇਂ ਤੋਂ ਭਾਰਤ ਤੇ ਚੀਨ ਦਰਮਿਆਨ ਸੰਵਾਦ ਦੀ ਪ੍ਰਕਿਰਿਆ ਨੇ ਤੇਜ਼ੀ ਫ਼ੜੀ ਸੀ। ਉਦੋਂ ਤੋਂ ਇਹ ਮੰਨਿਆ ਜਾਣ ਲੱਗਾ ਸੀ ਕਿ ਦੋਵਾਂ ਦੇਸ਼ਾਂ ਵਿਚਾਲੇ ਤਲਖ਼ੀ, ਤਣਾਅ ਤੇ ਟਕਰਾਅ ਦੇ ਲੰਬੇ ਦੌਰ ਤੋਂ ਅੱਗੇ ਨਿਕਲਦੇ ਹੋਏ ਹੁਣ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਬੰਧ ਲੀਹ 'ਤੇ ਆ ਸਕਦੇ ਹਨ।

(ਬਾਕੀ ਸਫ਼ਾ 31 'ਤੇ)

# ਕਿਉਂ ਡਿੱਗ ਰਹੀ ਹੈ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ

**ਡਾ. ਬਿਕਰਮ ਸਿੰਘ ਵਿਰਕ**



ਪਿਛਲੇ ਕੁੱਝ ਸਮੇਂ ਤੋਂ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਵਿੱਚ ਲਗਾਤਾਰ ਗਿਰਾਵਟ ਵੇਖਣ ਨੂੰ ਮਿਲ ਰਹੀ ਹੈ।ਅਮਰੀਕਾ ਵਿੱਚ ਟਰੰਪ ਸਰਕਾਰ ਦੀ ਆਮਦ ਉਪਰੰਤ ਉਸ ਦੁਆਰਾ ਆਪਣੇ ਦੇਸ਼ ਦੀ ਕਰੰਸੀ ਨੂੰ ਮਜ਼ਬੂਤ ਕੀਤੇ ਜਾਣ ਦੇ ਬਿਆਨਾਂ ਅਤੇ ਇਰਾਦਿਆਂ ਦੇ ਸਨਮੁੱਖ ਕਈ ਦੇਸ਼ਾਂ ਦੀਆਂ ਕਰੰਸੀਆਂ ਵਿੱਚ ਡਾਲਰ ਦੇ ਮੁਕਾਬਲੇ ਭਾਰੀ ਗਿਰਾਵਟ ਵੇਖਣ ਨੂੰ ਮਿਲੀ ਹੈ, ਜਿਨ੍ਹਾਂ ਵਿੱਚ ਸਾਡੇ ਦੇਸ਼ ਦਾ ਰੁਪਇਆ ਵੀ ਸ਼ਾਮਿਲ ਹੈ। 27 ਦਸੰਬਰ ਨੂੰ ਇਸ ਵਿੱਚ ਸਭ ਤੋਂ ਜ਼ਿਆਦਾ 28 ਪੈਸੇ ਦੀ ਗਿਰਾਵਟ ਇੱਕ ਦਿਨ ਵਿੱਚ ਹੀ ਹੋ ਗਈ ਅਤੇ ਇਹ ਜੂਨ 24 ਤੋਂ ਬਾਅਦ ਇੱਕ ਦਿਨ ਵਿੱਚ ਹੋਣ ਵਾਲੀ ਸਭ ਤੋਂ ਵੱਡੀ ਗਿਰਾਵਟ ਸੀ। ਇਸ ਦਿਨ ਇੱਕ ਡਾਲਰ ਦੇ ਮੁਕਾਬਲੇ ਭਾਰਤੀ ਰੁਪਈਆ 85.54 ’ਤੇ ਬੰਦ ਹੋਇਆ ਜੋ ਕਿ ਹੁਣ ਤੀਕਰ ਦਾ ਸਭ ਤੋਂ ਹੇਠਲਾ ਪੱਧਰ ਹੈ। ਇੱਕ ਵੇਲੇ ਤਾਂ ਇਹ ਗਿਰਾਵਟ 55 ਪੈਸੇ ਤੀਕਰ ਪਹੁੰਚ ਗਈ ਸੀ ਪਰ ਫ਼ਿਰ ਕੇਂਦਰੀ ਰਿਜ਼ਰਵ ਬੈਂਕ ਵੱਲੋਂ ਦਖਲ ਦਿੰਦਿਆਂ ਡਾਲਰ ਦੀ ਮਾਰਕੀਟ ਵਿੱਚ ਵਿਕਰੀ ਕੀਤੀ ਗਈ ਜੋ ਕਿ ਅਕਸਰ ਇਸ ਦੁਆਰਾ ਰੁਪਏ ਦੀ ਡਿੱਗਦੀ ਕੀਮਤ ਨੂੰ ਠੁਮਣਾ ਦੇਣ ਲਈ ਕੀਤਾ ਜਾਂਦਾ ਹੈ, ਤਾਂ ਕਿਤੇ ਜਾ ਕੇ ਭਾਰਤੀ ਰੁਪਈਆ ਡਾਲਰ ਦੇ ਮੁਕਾਬਲੇ ਕੁਝ ਸੰਭਲਿਆ। ਇਸ ਵਰਤਾਰੇ ਕਾਰਨ ਹੀ ਦੇਸ਼ ਦੇ ਵਿਦੇਸ਼ੀ ਮੁਦਰਾ ਦੇ ਭੰਡਾਰ ਵਿੱਚ ਵੀ ਕਮੀ ਆਈ ਅਤੇ ਇਹ 653 ਅਰਬ ਡਾਲਰ ਰਹਿ ਗਿਆ ਜੋ ਕਿ 6 ਮਹੀਨੇ ਦਾ ਸਭ ਤੋਂ ਹੇਠਲਾ ਪੱਧਰ ਹੈ। ਇੰਝ 2024 ਦੌਰਾਨ ਹੀ ਰੁਪਏ ਦੀ ਕੀਮਤ ਵਿੱਚ 3 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਗਿਰਾਵਟ ਲਗਾਤਾਰ ਜਾਰੀ ਹੈ ਅਤੇ ਪਿਛਲੇ ਇੱਕ ਮਹੀਨੇ ਦੌਰਾਨ ਹੀ ਰੁਪਈਆ ਡਾਲਰ ਦੇ ਮੁਕਾਬਲੇ 84 ਰੁਪਏ ਤੋਂ 85 ਰੁਪਏ ਤੀਕਰ ਡਿਗ ਪਿਆ ਹੈ। ਪਹਿਲਾਂ 83 ਰੁਪਏ ਤੋਂ 84 ਰੁਪਏ ਤੀਕਰ ਦੀ ਗਿਰਾਵਟ ਨੂੰ ਕੋਈ 14 ਮਹੀਨੇ ਦਾ ਸਮਾਂ ਲੱਗਿਆ ਸੀ। ਮਾਹਿਰਾਂ ਦਾ ਅਨੁਮਾਨ ਹੈ ਕਿ ਇਹ ਛੇਤੀ ਹੀ 86 ਰੁਪਏ ਜਾਂ ਉਸ ਤੋਂ ਵੀ ਹੇਠਲੇ ਪੱਧਰ 86.5 ਰੁਪਏ ਅਤੇ 87 ਰੁਪਏ ਤੀਕਰ ਵੀ ਜਾ ਸਕਦਾ ਹੈ।

### ਭਾਰਤੀ ਅਰਥ-ਵਿਵਸਥਾ ਉੱਪਰ ਅਸਰ

ਕਿਉਂਕਿ ਜ਼ਿਆਦਤਰ ਅੰਤਰ-ਰਾਸ਼ਟਰੀ ਵਪਾਰ ਅਮਰੀਕੀ ਡਾਲਰ ਵਿਚ ਹੀ ਹੁੰਦਾ ਹੈ ਅਤੇ ਇਸ ਲਈ ਹਰੇਕ ਦੇਸ਼ ਨੂੰ ਆਪਣੀਆਂ ਦਰਾਮਦਾਂ ਦੀਆਂ ਅਦਾਇਗੀਆਂ ਡਾਲਰ ਵਿੱਚ ਹੀ ਕਰਨੀਆਂ ਪੈਂਦੀਆਂ ਹਨ। ਭਾਰਤ ਸਮੇਤ ਅਨੇਕ ਦੇਸ਼ ਅਜਿਹੇ ਹਨ, ਜਿਨਾਂ ਦੀਆਂ ਸਾਲਾਨਾ ਦਰਾਮਦਾਂ ਇਨ੍ਹਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਬਰਾਮਦਾਂ ਤੋਂ ਵਧੇਰੇ ਹੁੰਦੀਆਂ ਹਨ ਅਤੇ ਅੰਤਰ-ਰਾਸ਼ਟਰੀ ਵਪਾਰ ਵਿੱਚ ਇਨ੍ਹਾਂ ਨੂੰ ਵਪਾਰਕ ਘਾਟੇ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ। ਘਰੇਲੂ ਕਰੰਸੀ ਦੇ ਡਾਲਰ ਦੇ ਮੁਕਾਬਲੇ ਡਿਗਣ ਦਾ ਇੱਕ ਹੋਰ ਮਾਰੂ ਅਸਰ ਇਹ ਹੁੰਦਾ ਹੈ ਕਿ ਦਰਾਮਦਾਂ ਦੀ ਕੁਲ ਰਾਸ਼ੀ ਭਾਰਤੀ ਰੁਪਏ ਵਿੱਚ ਵਧ ਜਾਂਦੀ ਹੈ। ਦੂਸਰਾ ਇਸ ਨਾਲ ਦੇਸ਼ ਦਾ ਵਪਾਰਕ ਘਾਟਾ ਵਧ ਜਾਂਦਾ ਹੈ ਜੋ ਕਿ ਬਾਅਦ ਵਿੱਚ ਫ਼ਿਰ ਚਾਲੂ ਵਿੱਤੀ ਘਾਟੇ ਵਿਚਲੇ ਵਾਧੇ ਵਿੱਚ ਹੋਰ ਇਜ਼ਾਫ਼ਾ ਕਰਦਾ ਹੈ।

ਰੁਪਏ ਦੇ ਇਸ ਤਰ੍ਹਾਂ ਨਾਲ ਡਾਲਰ ਦੇ ਮੁਕਾਬਲੇ ਡਿਗਣ ਕਾਰਨ ਦੇਸ਼ ਦਾ ਸਾਲਾਨਾ ਦਰਾਮਦ ਬਿੱਲ 15 ਅਰਬ ਡਾਲਰ ਵਧ ਸਕਦਾ ਹੈ। ਜੇਕਰ ਰੁਪਏ ਵਿੱਚ ਇਹ ਰਾਸ਼ੀ ਆਂਕੀ ਜਾਵੇ ਤਾਂ ਇਹ ਕੋਈ 1.28 ਲੱਖ ਕਰੋੜ ਰੁਪਏ ਦੇ ਆਸ-ਪਾਸ ਬਣਦੀ ਹੈ। ਭਾਰਤ ਵਿੱਚ ਸਭ ਤੋਂ ਵੱਡਾ ਦਰਾਮਦ ਖ਼ਰਚ ਕੱਚੇ ਤੇਲ ’ਤੇ ਹੁੰਦਾ ਹੈ ਕਿਉਂਕਿ ਭਾਰਤ ਵਿੱਚ ਤੇਲ ਦੀ ਖਪਤ ਦਾ 90 ਫ਼ੀਸਦੀ ਤੋਂ ਵਧੇਰੇ ਹਿੱਸਾ ਦਰਾਮਦਾਂ ਰਾਹੀਂ ਪੂਰਾ ਕੀਤਾ ਜਾਂਦਾ ਹੈ। ਕੱਚੇ ਤੇਲ ਦੀਆਂ ਅੰਤਰ-ਰਾਸ਼ਟਰੀ ਪੱਧਰ ’ਤੇ ਕੀਮਤਾਂ ਘਟਣ ਸਦਕਾ ਸ਼ਾਇਦ ਰੁਪਏ ਦੇ ਡਿਗਣ ਕਾਰਨ ਹੋਣ ਵਾਲੇ ਨੁਕਸਾਨ ਦੀ ਭਾਰਪਾਈ ਹੋ ਜਾਵੇ, ਪ੍ਰੰਤੂ ਬਾਕੀ ਉਤਪਾਦਾਂ ਉਪਰ ਵਾਧੂ ਖ਼ਰਚ ਹੋਣ ਤੋਂ ਨਹੀਂ ਬਚਾਇਆ ਜਾ ਸਕਦਾ। ਇਸ ਵੇਲੇ ਕੱਚੇ ਤੇਲ ਦੀ ਅੰਤਰ-ਰਾਸ਼ਟਰੀ ਕੀਮਤ 70 ਤੋਂ 75 ਡਾਲਰ ਪ੍ਰਤੀ ਬੈਰਲ ਦੇ ਦਰਮਿਆਨ ਹੈ ਅਤੇ ਇਸ ਵਿੱਚ ਪਿਛਲੇ ਸਮੇਂ ਵਿੱਚ ਗਿਰਾਵਟ ਵੇਖਣ ਨੂੰ ਮਿਲੀ ਹੈ।

ਕੱਚੇ ਤੇਲ ਤੋਂ ਇਲਾਵਾ ਹੋਰ ਜਿਹੜੀਆਂ ਪ੍ਰਮੁੱਖ ਚੀਜ਼ਾਂ ਲਈ ਭਾਰਤ ਦਰਾਮਦਾਂ ’ਤੇ ਨਿਰਭਰ ਕਰਦਾ ਹੈ, ਉਨ੍ਹਾਂ ਵਿਚੋਂ ਕੁਝ ਦਾ ਉਤਪਾਦਨ ਦੇਸ਼ ਦੇ ਅੰਦਰ ਹੀ ਕੀਤਾ ਜਾ ਸਕਦਾ ਹੈ ਅਤੇ ਇੰਝ ਇਨ੍ਹਾਂ ਚੀਜ਼ਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰਤਾ ਰਾਹੀਂ ਵਿਦੇਸ਼ੀ ਮੁਦਰਾ ਦੀ ਬੱਚਤ ਕੀਤੀ ਜਾ ਸਕਦੀ ਹੈ। ਅਜਿਹੀਆਂ ਵਸਤਾਂ ਵਿੱਚ ਖੇਤੀ ਆਧਾਰਿਤ ਕੁਝ ਵਸਤਾਂ ਅਤੇ ਦੋ ਖਾਧ ਪਦਾਰਥ, ਖੁਰਾਕੀ ਤੇਲ ਅਤੇ ਦਾਲਾਂ ਸ਼ਾਮਿਲ ਹਨ। ਸਾਲ 2023-24 ਵਿੱਚ ਇਕੱਲੇ ਖੁਰਾਕੀ ਤੇਲ (ਇਨ੍ਹਾਂ ਵਿੱਚ ਸੋਇਆਬੀਨ, ਸੂਰਜਮੁਖੀ, ਪਾਮ ਆਇਲ ਆਦਿ ਪ੍ਰਮੱਖ ਸਨ) ਦੀ ਦਰਮਾਦ 15 ਅਰਬ ਡਾਲਰ (1.27 ਲੱਖ ਕਰੋੜ ਰੁਪਏ) ਸੀ ਅਤੇ ਜੇਕਰ ਡਾਲਰ ਦੀ ਕੀਮਤ ਵਿੱਚ ਦੋ ਰੁਪਏ ਦੀ ਵੀ ਗਿਰਾਵਟ ਹੋ ਜਾਂਦੀ ਹੈ ਤਾਂ ਇਨ੍ਹਾਂ ਦਰਾਮਦਾਂ ਉਪਰ ਹੀ ਭਾਰਤੀ ਰੁਪਏ ਵਿੱਚ ਤਿੰਨ ਹਜ਼ਾਰ ਕਰੋੜ ਰੁਪਏ ਦਾ ਵਾਧਾ ਹੋ ਜਾਵੇਗਾ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਾਲ 2006-07 ਵਿੱਚ ਇਨ੍ਹਾਂ ਤੇਲਾਂ ਦੀ ਦਰਾਮਦ ਦਾ ਕੁਲ ਖ਼ਰਚ ਕੋਈ ਦੋ ਅਰਬ ਡਾਲਰ ਸੀ, ਜੋ ਕਿ 7 ਗੁਣਾ ਵਧ ਗਿਆ ਹੈ। ਚਲੋ ਕੱਚਾ ਤੇਲ ਦਰਾਮਦ ਕਰਨਾ ਤਾਂ ਦੇਸ਼ ਦੀ ਮਜਬੂਰੀ ਹੈ, ਕਿਉਂਕਿ ਇਸ ਦੀ ਦੇਸ਼ ਵਿਚ ਸੀਮਤ ਪੈਦਾਵਾਰ ਹੈ। ਪ੍ਰੰਤੂ ਖੁਰਾਕੀ ਤੇਲਾਂ ਦਾ ਉਤਪਾਦਨ ਤਾਂ ਸਰਕਾਰ ਦੇਸ਼ ਦੇ ਅੰਦਰ ਹੀ ਕਿਸਾਨਾਂ ਨੂੰ ਇਨ੍ਹਾਂ ਫ਼ਸਲਾਂ ਦਾ ਢੁਕਵਾਂ ਮੁੱਲ ਦੇ ਕੇ ਕਰਵਾ ਸਕਦੀ ਹੈ। ਅਜਿਹਾ ਕੀਤੇ ਜਾਣ ਨਾਲ ਦੇਸ਼ ਦੇ ਖੇਤੀ ਖੇਤਰ ਨੂੰ ਵੀ ਹੁਲਾਰਾ ਮਿਲੇਗਾ ਅਤੇ ਨਾਲ ਹੀ ਅਰਬਾਂ ਡਾਲਰ ਦੀ ਵਿਦੇਸ਼ੀ ਮੁਦਰਾ ਦੀ ਵੀ ਬੱਚਤ ਹੋਵੇਗੀ।

ਇਸੇ ਤਰ੍ਹਾਂ ਹੀ ਸਾਲ 2023-24 ਵਿੱਚ ਦੇਸ਼ ਵਿੱਚ ਕੋਈ ਪੌਣੇ ਚਾਰ ਅਰਬ ਡਾਲਰ ਮੁੱਲ ਦੀਆਂ 46.5 ਲੱਖ ਟਨ ਦਾਲਾਂ ਦੀ ਦਰਾਮਦ ਕੀਤੀ ਗਈ ਅਤੇ ਇਸ ਵਿੱਚ ਇੱਕ ਸਾਲ ਦੇ ਅਰਸੇ ਦੌਰਾਨ ਹੀ 93 ਫ਼ੀਸਦੀ ਦਾ ਵਾਧਾ ਹੋਇਆ। ਭਾਰਤੀ ਰੁਪਏ ਵਿੱਚ ਦਾਲਾਂ ਦੀ ਇਹ ਦਰਾਮਦ ਰਾਸ਼ੀ ਕੋਈ 32 ਹਜ਼ਾਰ ਕਰੋੜ ਰੁਪਏ ਬਣਦੀ ਹੈ। ਕਰੀਬ ਏਨੀ ਕੁ ਹੀ ਰਾਸ਼ੀ ਨਾਲ ਕੇਂਦਰ ਸਰਕਾਰ ਪੰਜਾਬ ਵਿਚੋਂ ਇਕ ਸੀਜ਼ਨ ਦੌਰਾਨ ਝੋਨੇ ਦੀ ਫ਼ਸਲ ਦੀ ਖਰੀਦ ਕਰਦੀ ਹੈ। ਜੇਕਰ ਇਹੀ ਪੈਸਾ ਕਿਸਾਨਾਂ ਨੂੰ ਦਾਲਾਂ ਦੇ ਉਤਪਾਦਨ ਦਾ ਸਹੀ ਮੁੱਲ ਦੇ ਕੇ ਇਸ ਪਾਸੇ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਇਸ ਦੇ ਅਨੇਕ ਫ਼ਾਇਦੇ ਹੋ ਸਕਦੇ ਹਨ। ਇੱਕ ਤਾਂ ਅਰਬਾਂ ਡਾਲਰ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ ਅਤੇ ਇਸ ਦੇ ਨਾਲ ਹੀ ਪੰਜਾਬ ਵਰਗੇ ਸੂਬੇ ਜੋ ਕਿ ਪਾਣੀ ਦੀ ਕਮੀ ਨਾਲ ਜੂਝ ਰਹੇ ਹਨ, ਵਿੱਚ ਫ਼ਸਲੀ ਵਿਭਿੰਨਤਾ ਸਦਕਾ ਪਾਣੀ ਦੀ ਬੱਚਤ ਹੋ ਸਕੇਗੀ।

ਖੁਰਾਕੀ ਤੇਲ ਅਤੇ ਦਾਲਾਂ ਤੋਂ ਇਲਾਵਾ ਇੱਕ ਹੋਰ ਵੱਡੀ ਮੱਦ ਹੈ ਕੋਇਲਾ, ਜਿਸ ਨਾਲ ਥਰਮਲ ਪਲਾਂਟ ਚਲਾਏ ਜਾਂਦੇ ਹਨ। ਅੱਜ ਵੀ ਦੇਸ਼ ਵਿੱਚ 75 ਫ਼ੀਸਦੀ ਬਿਜਲੀ ਦਾ ਉਤਪਾਦਨ ਕੋਇਲਾ ਅਧਾਰਤ ਥਰਮਲ ਪਲਾਂਟਾਂ ਰਾਹੀਂ ਹੁੰਦਾ ਹੈ। ਮਾਹਿਰਾਂ ਅਨੁਸਾਰ ਜੇਕਰ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿੱਚ 1 ਰੁਪਏ ਦੇ ਬਰਾਬਰ ਗਿਰਾਵਟ ਹੁੰਦੀ ਹੈ ਤਾਂ ਇਸ ਮਹਿੰਗੇ ਹੋਏ ਕੋਇਲੇ ਕਾਰਨ ਬਿਜਲੀ ਦੀ ਲਾਗਤ ਵਿੱਚ ਪ੍ਰਤੀ ਯੂਨਿਟ 4 ਪੈਸੇ ਦਾ ਵਾਧਾ ਹੁੰਦਾ ਹੈ। ਬਿਜਲੀ ਕਿਉਂਕਿ ਹਰ ਸਨਅਤੀ ਇਕਾਈ ਦੀ ਪ੍ਰਮੁੱਖ ਖਪਤ ਹੈ, ਇਸ ਲਈ ਇਸ ਦੇ ਮਹਿੰਗੇ ਹੋਣ ਦਾ ਅਸਰ ਸਨਅਤ ਦੁਆਰਾ ਪੈਦਾ ਕੀਤੇ ਜਾਣ ਵਾਲੇ ਉਤਪਾਦਾਂ ਉੱਪਰ ਵੀ ਪਵੇਗਾ ਅਤੇ ਉਨ੍ਹਾਂ ਦੀਆਂ ਕੀਮਤਾਂ ਵੀ ਵਧਣਗੀਆਂ, ਜੋ ਕਿ ਅੱਗੇ ਚੱਲ ਕੇ ਮਹਿੰਗਾਈ ਦਰ ਵਿੱਚ ਵਾਧਾ ਕਰਨਗੀਆਂ।ਇਨਾਂ ਤੋਂ ਇਲਾਵਾ ਦਸ ਹਜ਼ਾਰ ਰੁਪਏ ਤੋਂ ਹੇਠਲੇ ਮੁੱਲ ਦੇ ਸਮਾਰਟ ਫ਼ੋਨਾਂ ਦੀਆਂ ਕੀਮਤਾਂ ਵੀ ਕਾਫ਼ੀ ਵਧ ਸਕਦੀਆਂ ਹਨ, ਕਿਉਂਕਿ ਇਨ੍ਹਾਂ ਫ਼ੋਨਾਂ ਦਾ ਉਤਪਾਦਨ ਤਾਂ ਭਾਵੇਂ ਭਾਰਤ ਵਿੱਚ ਹੋ ਰਿਹਾ ਹੈ ਪ੍ਰੰਤੂ ਅਜੇ ਵੀ ਇਨ੍ਹਾਂ ਦੇ 80 ਤੋਂ 90 ਫ਼ੀਸਦੀ ਪੁਰਜ਼ੇ ਵਿਦੇਸ਼ਾਂ ਵਿਚੋਂ ਹੀ ਦਰਾਮਦ ਕੀਤੇ ਜਾਂਦੇ ਹਨ।

### ਵਧੇਰੇ ਸਵੈ-ਨਿਰਭਰਤਾ ਨਾਲ ਘੱਟ ਸਕਦਾ ਹੈ ਵਪਾਰਕ ਘਾਟਾ

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਖੇਤੀ ਆਧਾਰਿਤ ਵਸਤਾਂ ਜਿਵੇਂ ਕਿ ਦਾਲਾਂ, ਤੇਲ, ਕਪਾਹ ਆਦਿ ਦਾ ਉਤਪਾਦਨ ਦੇਸ਼ ਵਿੱਚ ਹੀ ਕਿਸਾਨਾਂ ਨੂੰ ਚੰਗਾ ਮੁੱਲ ਦੇ ਕੇ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਚੀਜ਼ਾਂ ਦੀਆਂ ਦਰਾਮਦਾਂ ਘਟਾਈਆਂ ਜਾ ਸਕਦੀਆਂ ਹਨ। ਇੰਝ ਹੀ ਦੇਸ਼ ਵਿੱਚ ਬਹੁਤ ਵੱਡੇ ਕੋਇਲੇ ਦੇ ਭੰਡਾਰ ਵੀ ਮੌਜੂਦ ਹਨ ਅਤੇ ਇਨ੍ਹਾਂ ਵਿੱਚ ਕੋਇਲੇ ਦੀ ਹੋਰ ਖੁਦਾਈ ਕਰਕੇ ਇਸ ਦੀ ਦਰਾਮਦ ਘਟਾਈ ਜਾ ਸਕਦੀ ਹੈ।

ਅੱਜ ਦਾ ਯੁੱਗ ਸੂਰਜੀ ਊਰਜਾ ਅਤੇ ਹੋਰ ਗੈਰ-ਰਵਾਇਤੀ ਸੋਮਿਆਂ ਰਾਹੀਂ ਊਰਜਾ ਪੈਦਾ ਕਰਨ ਦਾ ਹੈ। ਇਸ ਲਈ ਦੇਸ਼ ਵਿੱਚ ਲਗਾਤਾਰ ਅਜਿਹੇ ਸੋਮਿਆਂ ਤੇ ਵਧੇਰੇ ਨਿਵੇਸ਼ ਦੀ ਜ਼ਰੂਰਤ ਹੈ ਤਾਂ ਜੋ ਇਨ੍ਹਾਂ ਦੇ ਉਤਪਾਦਨ ਲਈ ਮੰਗਵਾਏ ਜਾਣ ਵਾਲੇ ਕੋਇਲੇ ’ਤੇ ਖ਼ਰਚ ਨੂੰ ਘਟਾਇਆ ਜਾ ਸਕੇ। ਇਸ ਨਾਲ ਥਰਮਲ ਪਲਾਂਟਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਅਜਿਹੇ ਸਾਰਥਿਕ ਯਤਨਾਂ ਨਾਲ ਹੀ ਇਸ ਪ੍ਰਕਾਰ ਦੇ ਵਾਧੂ ਵਿਦੇਸ਼ੀ ਮੁਦਰਾ ਦੇ ਖ਼ਰਚ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਡਾਲਰ ਦੇ ਮਜ਼ਬੂਤ ਹੋਣ ਦੀ ਸੂਰਤ ਵਿੱਚ ਹੋਣ ਵਾਲੇ ਵਿੱਤੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

# ਇਨਕਲਾਬ ਦੀ ਖੇਤੀ

**ਡਾ. ਚਮਨ ਲਾਲ**

ਕੀ ਇਨਕਲਾਬ ਦੀ ਵੀ ਖੇਤੀ ਹੋ ਸਕਦੀ ਹੈ ? ਸ਼ਾਇਦ ਹਾਂ, ਸ਼ਾਇਦ ਨਹੀਂ ? ਪਰ ਕਲਾਕਾਰ ਦੀ ਕਲਪਨਾ ਵਿੱਚ ਤਾਂ ਜ਼ਰੂਰ ਹੋ ਸਕਦੀ ਹੈ ! ਪੰਜਾਬ ਵਿੱਚ 2020-21 ਦੌਰਾਨ ਚੱਲੇ ਕਿਸਾਨੀ ਘੋਲ ਨੇ ਸੈਂਕੜੇ ਕਵਿਤਾਵਾਂ, ਕਹਾਣੀਆਂ ਤੇ ਕੁਝ ਨਾਵਲਾਂ ਨੂੰ ਜਨਮ ਦਿੱਤਾ, ਪਰ ਸੋਸ਼ਲ ਮੀਡੀਆ ਅਤੇ ਕੈਮਰੇ ਦੇ ਯੁੱਗ ਵਿੱਚ ਹਜ਼ਾਰਾਂ, ਬਲਕਿ ਲੱਖਾਂ ਫ਼ੋਟੋਆਂ ਵੀ ਖਿੱਚੀਆਂ ਗਈਆਂ। ਦੁਨੀਆਂ ਦੇ ਇਤਿਹਾਸ ਵਿੱਚ ਨਿਵੇਕਲੇ ਤੌਰ ’ਤੇ ਦਰਜ ਇਸ ਲੰਮੇ ਕਿਸਾਨੀ ਘੋਲ ਦਾ ਦਸਤਾਵੇਜ਼ੀਕਰਨ, ਫ਼ੋਟੋਆਂ ਖਿੱਚਣ ਤੋਂ ਅਗਲਾ ਜ਼ਰੂਰੀ ਕੰਮ ਹੈ। ਇਹ ਦਸਤਾਵੇਜ਼ ਛਾਪੇ ਰੂਪ ਵਿੱਚ ਵੀ ਹੁੰਦੇ ਹਨ ਅਤੇ ਸਕਰੀਨ ’ਤੇ ਦਰਜ ਜਿਊਂਦੇ ਜਾਗਦੇ ਦ੍ਰਿਸ਼ਾਂ ਦੇ ਰੂਪ ਵਿੱਚ ਵੀ, ਜੋ ਸ਼ਾਇਦ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਤੋਂ ਕਿਤੇ ਵੱਧ ਅਸਰਅੰਦਾਜ਼ ਹੁੰਦੇ ਹਨ, ਖ਼ਾਸਕਰ ਘੋਲ ਦੇ ਖ਼ਤਮ ਹੋਣ ਤੋਂ ਬਾਅਦ ਇੱਕ ਵਿਲੱਖਣ ਇਤਿਹਾਸ ਰੂਪ ਵਿੱਚ ਜ਼ਿੰਦਾ ਰਹਿਣ ਲਈ। ਘੋਲ ਦੌਰਾਨ ਦੋ ਤਰ੍ਹਾਂ ਦੇ ਮੀਡੀਆ ਸਾਹਮਣੇ ਆਏ; ਇੱਕ ਜਿਸ ਨੂੰ ਗੋਦੀ ਮੀਡੀਆ ਦਾ ਲਕਬ ਦੇ ਦਿੱਤਾ ਗਿਆ ਹੈ ਅਤੇ ਇਸ ਲਕਬ ਨੇ ਸਮਾਜ ਵਿੱਚ ਮਕਬੂਲੀਅਤ ਵੀ ਹਾਸਿਲ ਕਰ ਲਈ ਹੈ ਕਿਉਂਕਿ ਇੰਨਾ ਵੱਡਾ ਇਤਿਹਾਸਕ ਘੋਲ ਦੁਨੀਆਂ ਦੇ ਮੀਡੀਆ ਵਿੱਚ ਕਾਫ਼ੀ ਸਹੀ ਤੌਰ ’ਤੇ ਦਰਜ ਹੋਇਆ, ਪਰ ਗੋਦੀ ਜਾਂ ਸਰਕਾਰ ਦੀ ਗੋਦੀ ਵਿੱਚ ਬੈਠੇ ਮੀਡੀਆ, ਖ਼ਾਸਕਰ ਹਿੰਦੋਸਤਾਨ ਦੇ ਬਿਜਲਈ ਗੋਦੀ ਮੀਡੀਆ ਨੇ ਇਸ ਦਾ ਅਕਸ ਵਿਗਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਗੋਦੀ ਮੀਡੀਆ ਨੇ ਕਦੇ ਇਸ ਨੂੰ ਖ਼ਾਲਿਸਤਾਨੀ ਕਹਿ ਕੇ ਤੇ ਕਦੇ ਨਕਸਲੀ ਕਹਿ ਕੇ ਭੰਡਿਆ। 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਨੇ ਕਿਸਾਨੀ ਘੋਲ ਦਾ ਅਕਸ ਤਾਂ ਨਹੀਂ ਵਿਗਾੜਿਆ, ਪਰ ਰਵੀਸ਼ ਕੁਮਾਰ ਜਾਂ ਰਾਜਦੀਪ ਸਰਦੇਸਾਈ ਜਿਹੇ ਕੁਝ ਪੱਤਰਕਾਰਾਂ ਨੂੰ ਛੱਡ ਕੇ ਗੋਦੀ ਬਿਜਲਈ ਮੀਡੀਆ ਦੇ ਹੋਰ ਐਂਕਰਾਂ ਦਾ ਪੂਰਾ ਜਲੂਸ ਕੱਢ ਦਿੱਤਾ।




ਨਿਸ਼ਠਾ ਜੈਨ ਸਮਾਜੀ ਹਕੀਕਤਾਂ ਨਾਲ ਪ੍ਰਤੀਬੱਧ ਫ਼ਿਲਮਸਾਜ਼ ਹੈ। ਉਸ ਨੂੰ ਸ਼ੁਰੂ ਤੋਂ ਹੀ ਇਸ ਘੋਲ ਨੇ ਇੱਕ ਦਸਤਾਵੇਜ਼ੀ ਫ਼ਿਲਮ ਬਣਾਉਣ ਦੀ ਪ੍ਰੇਰਣਾ ਦਿੱਤੀ। ਉਹ ਫ਼ਿਲਮੀ ਦੁਨੀਆ ਵਿੱਚ ਆਪਣੀ ਵਿਚਾਰਕ ਆਜ਼ਾਦੀ ਲਈ ਜਾਣੀ ਜਾਂਦੀ ਹੈ। ਉਸ ਦੇ ਫ਼ੇਸਬੁੱਕ ਸਫ਼ੇ ਤੋਂ ਉਸ ਦੀ ਵਿਚਾਰਕ ਪਰਪੱਕਤਾ ਅਤੇ ਸਾਫ਼ ਬਿਆਨੀ ਦੀਆਂ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ। ਸ਼ਹੀਦ ਊਧਮ ਸਿੰਘ ’ਤੇ ਬਣੀ ‘ਸਰਦਾਰ’ ਫ਼ਿਲਮ ਦੀ ਰੱਜ ਕੇ ਤਾਰੀਫ਼ ਹੋ ਰਹੀ ਸੀ ਤਾਂ ਉਦੋਂ ਉਸ ਨੇ ਇਸ ਦੀਆਂ ਇਤਿਹਾਸਕ ਅਤੇ ਕਲਾਤਮਿਕ ਊਣਤਾਈਆਂ ਬਾਰੇ ਖੁੱਲ੍ਹ ਕੇ ਲਿਖਿਆ। ਕਿਸਾਨੀ ਘੋਲ ਬਾਰੇ ਉਹ ਰਣਦੀਪ ਮੱਦੋਕੇ, ਮਨਦੀਪ ਪੂਨੀਆ ਵਰਗੇ ਉਨ੍ਹਾਂ ਸੁਹਿਰਦ ਸਿਰਜਣਾਤਮਕ ਨੌਜਵਾਨਾਂ ਨਾਲ ਜੁੜੀ, ਜੋ ਖ਼ਤਰੇ ਉਠਾ ਕੇ ਵੀ ਕਿਸਾਨੀ ਘੋਲ ਦੀ ਹਮਾਇਤ ਕਰਦੇ ਅਤੇ ਉਸ ਨੂੰ ਯੂ-ਟਿਊਬ ਆਦਿ ਰਾਹੀਂ ਲੋਕਾਂ ਤੱਕ ਪਹੁੰਚਾ ਰਹੇ ਸਨ। ਆਰਥਿਕ ਸਰੋਤਾਂ ਦੀ ਘਾਟ ਦੇ ਬਾਵਜੂਦ ਨਿਸ਼ਠਾ ਜੈਨ ਨੇ ਇਸ ਘੋਲ ’ਤੇ ਤਕਰੀਬਨ ਦੋ ਘੰਟੇ ਦੀ ਦਸਤਾਵੇਜ਼ੀ ਫ਼ਿਲਮ ਬਣਾ ਕੇ ਸਮਾਜ ਤੇ ਖ਼ਾਸਕਰ ਪੰਜਾਬ ਦੇ ਕਿਸਾਨੀ ਘੋਲ ਵਿੱਚ ਪਾਏ ਹਿੱਸੇ ਦੀ ਜਿਊਂਦੀ ਜਾਗਦੀ ਤਸਵੀਰ ਖਿੱਚ ਦਿੱਤੀ ਹੈ। ਪੂਰੀ ਫ਼ਿਲਮ ਪੰਜਾਬੀ ਵਿੱਚ ਹੀ ਹੈ ਅਤੇ ਪੰਜਾਬੋਂ ਬਾਹਰਲੇ ਦਰਸ਼ਕਾਂ ਲਈ ਸਕਰੀਨ ਦੇ ਦ੍ਰਿਸ਼ ਅਤੇ ਅੰਗਰੇਜ਼ੀ ਸਬ-ਟਾਈਟਲ ਹੀ ਫ਼ਿਲਮ ਨੂੰ ਸਮਝਣ ਦਾ ਵਸੀਲਾ ਹਨ।

ਫ਼ਿਲਮ ਦੀ ਸ਼ੁਰੂਆਤ ਪਿੱਠਭੂਮੀ ਵਿੱਚ ਗੁਰਬਾਣੀ ਦੇ ਪਾਠ ਅਤੇ ਕਿਸਾਨ ਆਗੂ ਦੀ ਤਕਰੀਰ ਨਾਲ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਮੁੱਖ ਕਿਸਾਨ ਆਗੂਆਂ ਵਿੱਚ ਖੱਬੇ ਪੱਖੀ ਅਤੇ ਭਗਤ ਸਿੰਘ ਦੇ ਵਿਚਾਰਾਂ ਨੂੰ ਮੰਨਣ ਵਾਲੇ ਸਨ ਅਤੇ ਹਨ। ਫ਼ਿਲਮ ਦੇ ਇੱਕ ਦ੍ਰਿਸ਼ ਵਿੱਚ ਇੱਕ ਕਿਸਾਨ ਕਾਰਕੁਨ ਦੇ ਹੱਥ ਵਿੱਚ ਭਗਤ ਸਿੰਘ ਦੀ ਲਿਖਤ ‘ਮੈਂ ਨਾਸਤਿਕ ਕਿਉਂ ਹਾਂ’ ਉਘਾੜੀ ਗਈ ਹੈ। ਇਸ ਤੋਂ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਆਮ ਕਿਸਾਨੀ ਲਈ ਗੁਰਬਾਣੀ ਆਪਣੇ ਘੋਲ ਲਈ ਵੱਡਾ ਪ੍ਰੇਰਣਾ ਸਰੋਤ ਸੀ, ਜਿਸਨੂੰ ਫ਼ਿਲਮ ਵਿੱਚ ਕਈ ਜਗ੍ਹਾ ਉਘਾੜਿਆ ਗਿਆ ਹੈ। ਜਿਵੇਂ ਜਦ 26 ਜਨਵਰੀ 2021 ਨੂੰ ਲਾਲ ਕਿਲੇ ’ਤੇ ਖਾਲਸਾਈ ਝੰਡਾ ਝੁਲਾਉਣ ਪਿੱਛੋਂ ਸਟੇਟ ਦੇ ਤਸ਼ੱਦਦ ਕਰਕੇ ਘੋਲ ਵਿੱਚ ਨਿਰਾਸ਼ਾ ਦਾ ਮਾਹੌਲ ਬਣ ਗਿਆ ਸੀ ਅਤੇ ਲੱਗਦਾ ਸੀ ਕਿ ਸ਼ਾਇਦ ਹੁਣ ਅੱਗੇ ਘੋਲ ਜਾਰੀ ਰੱਖਣਾ ਮੁਮਕਿਨ ਨਾ ਹੋਵੇ। ਉਸ ਵੇਲੇ ਦੋ ਚੀਜ਼ਾਂ ਨੇ ਕਿਸਾਨਾਂ ਦੇ ਹੌਸਲੇ ਟੁੱਟਣ ਨਹੀਂ ਦਿੱਤੇ। ਇੱਕ, ਉੱਤਰ ਪ੍ਰਦੇਸ਼ ਵਾਲੇ ਪਾਸੇ ਗਾਜ਼ੀਪੁਰ ਬਾਰਡਰ ’ਤੇ ਰਾਕੇਸ਼ ਟਿਕੈਤ ਦਾ ਜਜ਼ਬਾਤੀ ਹੋ ਕੇ ਰੋਣ ਦਾ ਦ੍ਰਿਸ਼ ਜੋ ਪੁਲਿਸ ਦੇ ਤਸ਼ੱਦਦ ਕਰਕੇ ਪੈਦਾ ਹੋਇਆ ਸੀ। ਇਸ ਨਾਲ ਪੂਰੀ ਕਿਸਾਨੀ ਵਿੱਚ ਇੱਕ ਨਵਾਂ ਜਜ਼ਬਾਤੀ ਤੂਫ਼ਾਨ ਉੱਠਿਆ। ਦੂਜਾ, ਪੰਜਾਬ ਦੇ ਕਿਸਾਨਾਂ ਵੱਲੋਂ ਸਿੰਘੂ ਅਤੇ ਟਿਕਰੀ ਬਾਰਡਰ ’ਤੇ ਭਾਵੁਕ ਹੋ ਕੇ ਗੁਰਬਾਣੀ ਦਾ ਲਗਾਤਾਰ ਸੰਗੀਤਕ ਸੁਰਾਂ ਵਿੱਚ ਉੱਚੀ ਉੱਚੀ ਆਵਾਜ਼ ਵਿੱਚ ਪਾਠ। ਦੋਵਾਂ ਚੀਜ਼ਾਂ ਨੇ ਨਿਰਾਸ਼ ਹੁੰਦੀ ਕਿਸਾਨੀ ਨੂੰ ਨਵੇਂ ਸਿਰਿਓਂ ਤਾਕਤ ਬਖ਼ਸ਼ੀ ਅਤੇ ਘੋਲ ਪਹਿਲਾਂ ਨਾਲੋਂ ਵੀ ਮਜ਼ਬੂਤ ਕਦਮਾਂ ਨਾਲ ਅੱਗੇ ਵਧਿਆ। ਇਹ ਦੋਵੇਂ ਦ੍ਰਿਸ਼ ਫ਼ਿਲਮ ਵਿੱਚ ਬੜੀ ਕਲਾਤਮਿਕ ਦ੍ਰਿਸ਼ਟੀ ਨਾਲ ਫ਼ਿਲਮਾਏ ਗਏ ਹਨ।

ਕੁੱਲ ਮਿਲਾ ਕੇ ਇਸ ਵੱਡੇ ਤੇ ਇਤਿਹਾਸਕ ਕਿਸਾਨ ਘੋਲ ਨੂੰ ਸਕਰੀਨ ’ਤੇ ਦੁਬਾਰਾ ਜਿਊਂਦਿਆਂ ਕਰਕੇ ਨਿਸ਼ਠਾ ਜੈਨ ਨੇ ਇਸ ਸੰਘਰਸ਼ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ। ਹੁਣ ਜਦ ਕਿਸਾਨ ਘੋਲ ਆਪਣੇ ਨਵੇਂ ਦੌਰ ਵਿੱਚ ਫ਼ਿਰ ਸਖ਼ਤ ਸੰਘਰਸ਼ ਦੇ ਰਾਹ ਤੁਰਿਆ ਹੋਇਆ ਹੈ, ਉਸ ਵੇਲੇ ਉਨ੍ਹਾਂ ਜਥੇਬੰਦੀਆਂ ਵਿੱਚ ਏਕਤਾ ਦੀ ਘਾਟ ਰੜਕਦੀ ਹੈ, ਜਿਨ੍ਹਾਂ ਨੇ ਤਿੰਨ ਖੇਤੀ ਕਾਨੂੰਨ ਤਾਂ ਵਾਪਸ ਕਰਵਾ ਦਿੱਤੇ, ਪਰ ਬਾਕੀ ਮੰਗਾਂ ਜਿਵੇਂ ਐੱਮ.ਐੱਸ.ਪੀ. ਦੀ ਮੰਗ, ਉੱਥੇ ਹੀ ਖੜ੍ਹੀਆਂ ਹਨ, ਜੋ ਕਿਸਾਨਾਂ ਲਈ ਜ਼ਿੰਦਗੀ-ਮੌਤ ਦੀ ਲੜਾਈ ਹੈ। ਕੀ ਸਾਰੀਆਂ ਕਿਸਾਨ ਜਥੇਬੰਦੀਆਂ ਫ਼ਿਰ ਉਹ ਏਕਾ ਦਿਖਾ ਸਕਣਗੀਆਂ, ਜਿਸ ਨਾਲ ਉਨ੍ਹਾਂ 2020-21 ਦਾ ਇਤਿਹਾਸ ਸਿਰਜਿਆ ਸੀ। ਸਰਕਾਰ ਤਾਂ ਤਿੰਨੇ ਕਾਨੂੰਨ ਨਵੇਂ ਰੂਪ ਵਿੱਚ ਲਿਆਉਣ ਨੂੰ ਤਿਆਰ ਬੈਠੀ ਹੈ। ਕੀ ਇਨਕਲਾਬ ਦੀ ਖੇਤੀ ਨੂੰ ਮੁੜ ਬੂਰ ਪਵੇਗਾ ਜਾਂ ਇਹ ਫ਼ਿਲਮ ਵਿੱਚ ਹੀ ਸੀਮਤ ਹੋ ਕੇ ਰਹਿ ਜਾਵੇਗੀ ?

# ਭਾਰਤ ਲਈ ਵੱਡੀ ਸਮੱਸਿਆ ਬਣਿਆ ਨਸ਼ਾ



ਸੁਨੀਲ ਕੁਮਾਰ ਮਾਹਲਾ

ਅੱਜ ਸੀਕਰ ਤੇ ਕੋਟਾ ਵਿੱਚ ਲੱਖਾਂ ਬੱਚੇ ਨੀਟ, ਜੇ.ਈ.ਈ. ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ ਅਤੇ ਡਰੱਗ ਮਾਫ਼ੀਆ ਬਹੁਤ ਸਾਰੇ ਬੱਚਿਆਂ ਨੂੰ ਉਨ੍ਹਾਂ ਦੇ ਤਣਾਅ, ਨਿਰਾਸ਼ਾ ਨੂੰ ਘਟਾਉਣ ਅਤੇ ਪੜ੍ਹਾਈ ਵਿੱਚ ਇਕਾਗਰਤਾ ਵਧਾਉਣ ਦੇ ਬਹਾਨੇ ਨਸ਼ਿਆਂ ਲਈ ਲੁਭਾਉਂਦਾ ਹੈ। ਅੱਜ-ਕੱਲ੍ਹ ਬੱਚਿਆਂ ਦੀ ਕੋਚਿੰਗ, ਹੋਸਟਲਾਂ ਅਤੇ ਸਕੂਲਾਂ ਵਿੱਚ ਨਸ਼ਿਆਂ ਦਾ ਇੱਕ ਵੱਡਾ ਜਾਲ਼ ਵਿਛਿਆ ਹੋਇਆ ਹੈ ਜਿਸ ਵਿੱਚ ਐੱਮ.ਡੀ., ਗਾਂਜਾ, ਅਫ਼ੀਮ, ਸਮੈਕ, ਹਸ਼ੀਸ਼, ਹੈਰੋਇਨ, ਕੋਕੀਨ, ਸਿੰਥੈਟਿਕ ਡਰੱਗਜ਼ ਵਰਗੇ ਖ਼ਤਰਨਾਕ ਨਸ਼ੇ ਸ਼ਾਮਲ ਹਨ। ਅੱਜ ਹਾਲਾਤ ਇਹ ਹਨ ਕਿ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਗੁਟਕਾ ਅਤੇ ਤੰਬਾਕੂ ਉਤਪਾਦ ਵੇਚਣ ਵਾਲੇ ਲੋਕ ਅਤੇ ਮੈਡੀਕਲ ਸਟੋਰ ਵੀ ਇਸ ਵਿੱਚ ਸ਼ਾਮਲ ਹਨ। ਅੱਜ ਇਹ ਨਸ਼ਾ ਮਾਫ਼ੀਆ ਅਤੇ ਤਸਕਰ ਰੇਲਵੇ ਸਟੇਸ਼ਨਾਂ 'ਤੇ ਖ਼ਾਲੀ ਪਾਰਕਾਂ, ਸੁੰਨਸਾਨ ਥਾਵਾਂ, ਦੂਰ-ਦੁਰਾਡੇ ਪਲੇਟਫ਼ਾਰਮਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉੱਥੋਂ ਨਸ਼ੇ ਦਾ ਧੰਦਾ ਜਾਰੀ ਰੱਖਦੇ ਹਨ। ਹਾਲ ਹੀ ਵਿੱਚ ਮੀਡੀਆ 'ਚ ਖ਼ਬਰਾਂ ਆਈਆਂ ਹਨ ਕਿ ਕੁਝ ਪੁਲਿਸ ਅਧਿਕਾਰੀ ਵੀ ਇਸ ਵਿੱਚ ਸ਼ਾਮਲ ਹਨ ਅਤੇ ਇਨ੍ਹਾਂ ਡਰੱਗ ਮਾਫ਼ੀਆ ਅਤੇ ਸਮੱਗਲਰਾਂ ਦੁਆਰਾ ਉਨ੍ਹਾਂ ਨੂੰ ਸਮੇਂ ਸਿਰ ਪੈਸਾ ਪਹੁੰਚਾਇਆ ਜਾਂਦਾ ਹੈ ਤਾਂ ਜੋ ਉਹ ਸ਼ਹਿਰ ਵਿੱਚ ਨਸ਼ਿਆਂ ਦੇ ਜਾਲ ਨੂੰ ਤੋੜ ਨਾ ਸਕਣ। ਦੇਸ਼ ਵਿੱਚ ਪਹਿਲਾਂ ਸਿਰਫ਼ ਪੰਜਾਬ ਹੀ ਸ਼ਰਾਬ ਦੀ ਮਾਰ ਹੇਠ ਸੀ ਪਰ ਅੱਜ ਦੇਸ਼ ਦੇ ਕਈ ਇਲਾਕੇ ਸ਼ਰਾਬ ਦੀ ਮਾਰ ਹੇਠ ਨਜ਼ਰ ਆ ਰਹੇ ਹਨ। ਪੰਜਾਬ ਦੀ ਸਰਹੱਦ ਨਾਲ ਲੱਗਦੇ ਰਾਜਸਥਾਨ ਦੇ ਹਨੂੰਮਾਨਗੜ੍ਹ ਤੇ ਗੰਗਾਨਗਰ ਖੇਤਰ ਵੀ ਨਸ਼ਿਆਂ ਤੋਂ ਅਛੂਤੇ ਨਹੀਂ ਹਨ ਕਿਉਂਕਿ ਗੰਗਾਨਗਰ ਦਾ ਇਲਾਕਾ ਪੰਜਾਬ ਤੇ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ ਤੇ ਹਨੂੰਮਾਨਗੜ੍ਹ ਪੰਜਾਬ ਨਾਲ ਜੁੜਿਆ ਹੋਇਆ ਹੈ।

ਪਾਕਿਸਤਾਨ ਸਰਹੱਦ 'ਤੇ ਨਸ਼ੇ ਭੇਜਣ ਲਈ ਡ੍ਰੋਨਾਂ ਦੀ ਵਰਤੋਂ ਕਰ ਰਿਹਾ ਹੈ। ਕਈ ਵਾਰ ਸੀਮਾ ਸੁਰੱਖਿਆ ਬਲ ਨੇ ਡਰੋਨਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਵੀ ਕੀਤੀ ਹੈ। ਅੱਜ ਇੱਥੇ ਟੀਕੇ, ਚਿੱਟਾ, ਅਫ਼ੀਮ, ਗਾਂਜਾ, ਹਸ਼ੀਸ਼ ਅਤੇ ਹੋਰ ਕਈ ਤਰ੍ਹਾਂ ਦੇ ਮਹਿੰਗੇ ਨਸ਼ੇ ਆਸਾਨੀ ਨਾਲ ਮਿਲ ਜਾਣਗੇ। ਇਸ ਸਬੰਧੀ ਖ਼ਬਰਾਂ ਹਰ ਰੋਜ਼ ਮੀਡੀਆ ਦੀਆਂ ਸੁਰਖੀਆਂ ਵਿੱਚ ਰਹਿੰਦੀਆਂ ਹਨ। ਨਸ਼ੇ ਦਾ ਸੇਵਨ ਕਰਨ ਵਾਲੀ ਨੌਜਵਾਨ ਪੀੜ੍ਹੀ ਵਿੱਚ ਵੱਡੀ ਗਿਣਤੀ ਮੁਟਿਆਰਾਂ ਦੀ ਵੀ ਹੈ। ਤੰਬਾਕੂ ਅਤੇ ਸ਼ਰਾਬ ਦਾ ਨਸ਼ਾ ਆਮ ਹੈ। ਅੱਜ-ਕੱਲ੍ਹ ਨੌਜਵਾਨਾਂ ਵਿਚ ਸੁੰਘਣ ਦਾ ਨਸ਼ਾ ਵੀ ਬਹੁਤ ਪ੍ਰਚਲਿਤ ਹੈ। ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਭਰ ਵਿੱਚ ਨਸ਼ਿਆਂ ਦੇ ਅੰਕੜੇ ਬਹੁਤ ਹੀ ਡਰਾਉਣੇ ਹਨ। ਅੰਕੜਿਆਂ ਅਨੁਸਾਰ ਅੱਜ ਤਕਰੀਬਨ 1.1 ਕਰੋੜ ਲੋਕ ਨਸ਼ੇ ਦਾ ਟੀਕਾ ਲਗਾਉਂਦੇ ਹਨ ਜਿਨ੍ਹਾਂ ਵਿੱਚੋਂ ਲਗਪਗ 13 ਲੱਖ ਨੂੰ ਐੱਚ.ਆਈ.ਵੀ., 55 ਕੁ ਲੱਖ ਨੂੰ ਹੈਪੇਟਾਈਟਸ-ਸੀ ਦੀ ਬਿਮਾਰੀ ਹੈ ਅਤੇ ਲਗਪਗ 10 ਲੱਖ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਐੱਚ.ਆਈ.ਵੀ. ਤੇ ਹੈਪੇਟਾਈਟਸ-ਸੀ ਦੋਵੇਂ ਹਨ। ਡਰੱਗ ਵਾਰ ਡਿਸਟਰਕਸ਼ਨ ਐਂਡ



ਵਰਡੋਮੀਟਰ ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਨਸ਼ੀਲੇ ਪਦਾਰਥਾਂ ਦਾ ਗ਼ੈਰ-ਕਾਨੂੰਨੀ ਵਪਾਰ ਲਗਪਗ 30 ਲੱਖ ਕਰੋੜ ਰੁਪਏ ਸਾਲਾਨਾ ਦਾ ਹੈ। ਨੈਸ਼ਨਲ ਡਰੱਗ ਡਿਪੈਂਡੈਂਟ ਟ੍ਰੀਟਮੈਂਟ (ਐੱਨ.ਡੀ.ਡੀ.ਟੀ.), ਏਮਜ਼ ਦੀ ਸਾਲ 2019 ਦੀ ਰਿਪੋਰਟ ਦੱਸਦੀ ਹੈ ਕਿ ਇਕੱਲੇ ਭਾਰਤ ਵਿੱਚ ਹੀ ਲਗਪਗ 16 ਕਰੋੜ ਲੋਕ ਸ਼ਰਾਬ ਦਾ ਸੇਵਨ ਕਰਦੇ ਹਨ। ਰਿਪੋਰਟ ਦੇ ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਦੀ ਲਗਪਗ 20 ਪ੍ਰਤੀਸ਼ਤ ਆਬਾਦੀ (10-75 ਸਾਲ ਦੇ ਵਿਚਕਾਰ) ਵੱਖ-ਵੱਖ ਕਿਸਮਾਂ ਦੇ ਨਸ਼ਿਆਂ ਦਾ ਸ਼ਿਕਾਰ ਹੈ। ਨਵੰਬਰ 2024 ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਨੇ ਰਾਜਧਾਨੀ ਦਿੱਲੀ ਵਿੱਚ 80 ਕਿੱਲੋਗ੍ਰਾਮ ਤੋਂ ਵੱਧ ਕੋਕੀਨ ਜ਼ਬਤ ਕੀਤੀ ਸੀ ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਤਕਰੀਬਨ 900 ਕਰੋੜ ਰੁਪਏ ਹੈ।


ਉਸੇ ਮਹੀਨੇ ਭਾਰਤੀ ਜਲ ਸੈਨਾ, ਗੁਜਰਾਤ ਏ.ਟੀ.ਐੱਸ. ਤੇ ਐੱਨ.ਸੀ.ਬੀ. ਨੇ ਗੁਜਰਾਤ ਤੱਟ ਤੋਂ 700 ਕਿੱਲੋਗ੍ਰਾਮ ਮੈਥਾਮਫ਼ੇਟਾਮਾਈਨ ਜ਼ਬਤ ਕੀਤੀ ਤੇ ਇਸ ਮਾਮਲੇ ਵਿੱਚ ਅੱਠ ਇਰਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਅਕਤੂਬਰ 2024 ਵਿੱਚ ਵੀ ਦਿੱਲੀ ਪੁਲਿਸ ਨੇ ਪੱਛਮੀ ਦਿੱਲੀ ਦੇ ਇੱਕ ਗੋਦਾਮ ਤੋਂ 200 ਕਿੱਲੋਗ੍ਰਾਮ ਕੋਕੀਨ ਜ਼ਬਤ ਕੀਤੀ ਸੀ ਜਿਸ ਦੀ ਕੀਮਤ ਲਗਭਗ 2400 ਕਰੋੜ ਰੁਪਏ ਦੱਸੀ ਜਾਂਦੀ ਹੈ। ਇਸ ਤੋਂ ਪਹਿਲਾਂ ਇੱਕ ਅਕਤੂਬਰ ਨੂੰ ਵੀ ਦਿੱਲੀ ਦੇ ਮਹੀਪਾਲਪੁਰ ਤੋਂ 562 ਕਿੱਲੋ ਕੋਕੀਨ ਬਰਾਮਦ ਹੋਈ ਸੀ। ਦੋਵਾਂ ਮਾਮਲਿਆਂ ਵਿੱਚ ਅੰਤਰਰਾਸ਼ਟਰੀ ਡਰੱਗ ਕਾਰਟਲ ਦਾ ਆਗੂ ਉਹੀ ਵਿਅਕਤੀ ਹੈ ਜੋ ਦੁਬਈ ਨਾਲ ਸਬੰਧਿਤ ਸੀ। ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਮਹੀਨਿਆਂ ਦੌਰਾਨ ਹੀ ਪੰਜਾਬ ਪੁਲਿਸ ਨੇ 153 ਵੱਡੇ ਆਪ੍ਰੇਟਰਾਂ ਸਮੇਤ 10,524 ਤਸਕਰਾਂ ਨੂੰ 13 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਸਮੇਤ 790 ਕਿੱਲੋਗ੍ਰਾਮ ਹੈਰੋਇਨ, 860 ਕਿੱਲੋਗ੍ਰਾਮ ਅਫ਼ੀਮ ਸਮੇਤ ਕਾਬੂ ਕੀਤਾ। ਸੰਨ 2024 'ਚ ਸੀਮਾ ਸੁਰੱਖਿਆ ਬਲ ਨੇ ਪਾਕਿਸਤਾਨ ਨਾਲ ਲੱਗਦੀ ਪੰਜਾਬ ਦੀ ਸਰਹੱਦ ਤੋਂ 183 ਡ੍ਰੋਨ ਜ਼ਬਤ ਕੀਤੇ ਜੋ ਕਿ 2023 ਵਿੱਚ ਬਰਾਮਦ ਕੀਤੇ ਗਏ 107 ਡ੍ਰੋਨਾਂ ਤੋਂ ਕਿਤੇ ਵੱਧ ਹਨ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪੰਜਾਬ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਇਰਾਨ ਦੇ ਅਖੌਤੀ ਗੋਲਡਨ ਕ੍ਰੀਸੈਂਟ ਤੋਂ ਤਸਕਰੀ ਕਰਨ ਵਾਲੇ ਨਸ਼ਿਆਂ ਦਾ ਇੱਕ ਆਵਾਜਾਈ ਪੁਆਇੰਟ ਅਤੇ ਬਾਜ਼ਾਰ ਹੈ।

ਹਿਮਾਚਲ 'ਚ ਵੀ ਪੁਲਿਸ ਨੇ 10 ਪੁਲਿਸ ਜ਼ਿਲ੍ਹਿਆਂ 'ਚ ਛਾਪੇਮਾਰੀ ਦੌਰਾਨ ਨਾਜਾਇਜ਼ ਨਸ਼ਾ ਤਸਕਰੀ ਦੇ ਮਾਮਲੇ 'ਚ 7 ਗ੍ਰਿਫ਼ਤਾਰੀਆਂ ਕੀਤੀਆਂ ਹਨ ਤੇ 100 ਗ੍ਰਾਮ ਚੂਰਾ-ਪੋਸਤ ਸਮੇਤ 10 ਕਿੱਲੋ ਚੂਰਾ ਪੋਸਤ ਬਰਾਮਦ ਕੀਤਾ। ਗੁਜਰਾਤ ਦੀ ਗੱਲ ਕਰੀਏ ਤਾਂ ਨੇਵੀ, ਐੱਨ.ਸੀ.ਬੀ., ਗੁਜਰਾਤ ਪੁਲਿਸ ਅਤੇ ਏ.ਟੀ.ਐੱਸ. ਦੀ ਸਾਂਝੀ ਟੀਮ ਨੇ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਫ਼ੜੀ ਸੀ ਅਤੇ ਇੱਕ ਕਿਸ਼ਤੀ ਵਿੱਚੋਂ 8 ਇਰਾਨੀ ਨਾਗਰਿਕਾਂ ਨੂੰ 700 ਕਿੱਲੋ ਮੈਥਾਮਫ਼ੇਟਾਮਾਈਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਕੀਮਤ ਲਗਪਗ 3500 ਕਰੋੜ ਰੁਪਏ ਦੱਸੀ ਜਾ ਰਹੀ ਹੈ।

ਮਈ 2024 'ਚ ਕੇਰਲ ਵਿੱਚ ਜ਼ਬਤ ਕੀਤੇ ਗਏ 2525 ਕਿੱਲੋ ਉੱਚ ਗੁਣਵੱਤਾ ਵਾਲੇ ਮੈਥਾਮਫ਼ੇਟਾਮਾਈਨ ਡਰੱਗ ਦੀ ਕੀਮਤ 25 ਹਜ਼ਾਰ ਕਰੋੜ ਰੁਪਏ ਦੱਸੀ ਜਾਂਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉੱਚ ਸਾਖਰਤਾ ਦਰ ਦੇ ਬਾਵਜੂਦ ਕੇਰਲ ਵਰਗਾ ਸੂਬਾ ਵੀ ਨਸ਼ਿਆਂ ਦੀ ਲਪੇਟ ਵਿੱਚ ਹੈ। ਅੱਜ ਨਸ਼ਾ ਤਸਕਰ ਨਸ਼ੇ ਫ਼ੈਲਾਉਣ ਲਈ ਟੈਕਨਾਲੋਜੀ ਦਾ ਸਹਾਰਾ ਲੈ ਰਹੇ ਹਨ ਜਿਵੇਂ ਕਿ ਡ੍ਰੋਨ ਤਸਕਰੀ, ਕੋਡ ਵਰਡ, ਸੋਸ਼ਲ ਨੈੱਟਵਰਕਿੰਗ ਸਾਈਟਾਂ ਦੀ ਵਰਤੋਂ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ। ਹਾਲਾਂਕਿ, ਸਰਕਾਰ ਦੇ ਨਾਲ-ਨਾਲ ਸੁਪਰੀਮ ਕੋਰਟ ਨੇ ਵੀ ਦੇਸ਼ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਇਨ੍ਹਾਂ ਦੇ ਵਧ ਰਹੇ ਪ੍ਰਸਾਰ ਦਾ ਨੋਟਿਸ ਲਿਆ ਹੈ। ਲੋਕ ਜਾਗਰੂਕਤਾ ਮੁਹਿੰਮਾਂ, ਨਸ਼ਾ ਛੁਡਾਊ ਅਤੇ ਮੁੜ-ਵਸੇਬਾ ਪ੍ਰੋਗਰਾਮ ਚੱਲ ਰਹੇ ਹਨ ਤੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਚੱਲ ਰਹੀ ਹੈ। ਇਸ ਦੇ ਬਾਵਜੂਦ ਭਾਰਤ ਨਸ਼ਿਆਂ ਦਾ ਗੜ੍ਹ ਬਣ ਰਿਹਾ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਨਸ਼ੇ ਬਹੁਤ ਹੀ ਗੁੰਝਲਦਾਰ ਤੇ ਬਹੁ-ਆਯਾਮੀ ਮੁੱਦਾ ਹਨ ਜੋ ਦੇਸ਼ ਦੀ ਜਨਤਕ ਸਿਹਤ ਤੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾ ਰਹੇ ਹਨ। ਨਸ਼ਿਆਂ 'ਚ ਲਗਾਤਾਰ ਵਾਧੇ ਕਾਰਨ ਨਿੱਜੀ ਜੀਵਨ ਵਿੱਚ ਉਦਾਸੀ, ਪਰਿਵਾਰਕ ਕਲੇਸ਼, ਪੇਸ਼ੇਵਰ ਅਯੋਗਤਾ ਤੇ ਸਮਾਜਿਕ ਸਹਿ-ਹੋਂਦ ਵਰਗੀਆਂ

ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਨਸ਼ਿਆਂ ਕਾਰਨ ਨਾ ਸਿਰਫ਼ ਧਨ-ਦੌਲਤ ਤੇ ਸਿਹਤ ਦਾ ਨੁਕਸਾਨ ਹੋ ਰਿਹਾ ਹੈ, ਦੇਸ਼ ਦੀ ਸਾਖ਼ ਵੀ ਦਾਅ 'ਤੇ ਲੱਗ ਰਹੀ ਹੈ। ਵਰਣਨਯੋਗ ਹੈ ਕਿ ਸਾਡੇ ਦੇਸ਼ 'ਚ ਨਾਰਕੋਟਿਕਸ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ 1985 ਲਾਗੂ ਕੀਤਾ ਗਿਆ ਸੀ ਜਿਸ ਨੂੰ ਪ੍ਰਭਾਵੀ ਬਣਾਉਣ ਲਈ 2014 ਵਿੱਚ ਇੱਕ ਸੋਧ ਬਿੱਲ ਲਿਆਂਦਾ ਗਿਆ ਸੀ। ਇਸ ਦੇ ਆਧਾਰ 'ਤੇ 2015 'ਚ ਨਵਾਂ ਕਾਨੂੰਨ ਬਣਾਇਆ ਗਿਆ ਸੀ ਪਰ ਭਾਰਤੀ ਕਾਨੂੰਨ ਕੁਝ ਹੱਦ ਤੱਕ ਲਚਕਦਾਰ ਹੈ ਤੇ ਨਸ਼ਾ ਤਸਕਰ, ਡਰੱਗ ਮਾਫ਼ੀਆ ਕਾਨੂੰਨ ਦੀ ਲਚਕਤਾ, ਸਿਆਸੀ ਮਿਲੀਭੁਗਤ ਤੇ ਪ੍ਰਭਾਵ ਦਾ ਫ਼ਾਇਦਾ ਉਠਾ ਕੇ ਪੁਲਿਸ ਤੇ ਕਾਨੂੰਨ ਦੀ ਪਕੜ ਤੋਂ ਆਸਾਨੀ ਨਾਲ ਬਚ ਨਿਕਲਦੇ ਹਨ। ਭਾਰਤ ਨੂੰ ਸਿੰਗਾਪੁਰ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ ਜਿੱਥੇ ਨਸ਼ਾ ਵਿਰੋਧੀ ਕਾਨੂੰਨ ਸਾਰੀ ਦੁਨੀਆਂ ਤੋਂ ਸਖ਼ਤ ਹਨ। ਜ਼ਿਕਰਯੋਗ ਹੈ ਕਿ ਉੱਥੋਂ ਦੇ ਕਾਨੂੰਨ ਤਹਿਤ ਜੇ ਕੋਈ 500 ਗ੍ਰਾਮ ਤੋਂ ਵੱਧ ਗਾਂਜੇ ਜਾਂ 15 ਗ੍ਰਾਮ ਤੋਂ ਵੱਧ ਹੈਰੋਇਨ ਦੀ ਤਸਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

# ਤੇਜ਼ੀ ਨਾਲ ਵਧ ਰਿਹੈ ਅਮੀਰੀ ਤੇ ਗ਼ਰੀਬੀ ਦਾ ਪਾੜਾ



ਪੂਰਨ ਚੰਦ ਸਰੀਨ

## ਬਜਟ ਵਿੱਚ ਨਵੀਂ ਨੀਤੀ ਦੀ ਲੋੜ

ਇਹ ਸਾਲ ਮੁਸ਼ਕਿਲਾਂ ਭਰਿਆ ਰਹਿਣ ਵਾਲਾ ਹੈ। ਦੁਨੀਆਂ 'ਚ ਤੇਜ਼ੀ ਨਾਲ ਤਕਨੀਕ ਅਤੇ ਵਿਗਿਆਨ ਦੇ ਖੇਤਰ 'ਚ ਹੋ ਰਹੇ ਬਦਲਾਅ ਕਾਰਨ ਸਾਡੇ ਵਰਗੇ ਸਾਰੇ ਦੇਸ਼ ਜੋ ਗ਼ਰੀਬੀ ਤੋਂ ਨਿਕਲ ਕੇ ਵਿਕਾਸਸ਼ੀਲ ਬਣਨ ਦੀ ਰਾਹ 'ਤੇ ਹਨ ਅਤੇ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਿਲ ਹੋਣਾ ਲੋਚਦੇ ਹਨ, ਉਨ੍ਹਾਂ ਸਾਰਿਆਂ ਲਈ ਸਭ ਤੋਂ ਵੱਡੀ ਇਹ ਕਠਿਨਾਈ ਰਹਿਣ ਵਾਲੀ ਹੈ ਕਿ ਉਹ ਆਪਣੇ ਘੱਟ ਸਾਧਨਾਂ ਦੇ ਬਲਬੂਤੇ ਕਿਵੇਂ ਇਸ ਦੌੜ 'ਚ ਸ਼ਾਮਿਲ ਰਹਿ ਸਕਣਗੇ ? ਇਸ ਦਾ ਸਭ ਤੋਂ ਵੱਡਾ ਕਾਰਨ, ਜੇਕਰ ਅਸੀਂ ਸਿਰਫ਼ ਆਪਣੇ ਦੇਸ਼ ਦੀ ਹੀ ਗੱਲ ਕਰੀਏ ਤਾਂ ਇਹ ਹੈ ਕਿ ਅਸੀਂ ਗ਼ਰੀਬ ਦੀ ਗ਼ਰੀਬੀ ਨੂੰ ਵਧਾਇਆ ਹੈ ਅਤੇ ਅਮੀਰ ਨੂੰ ਇੰਨੇ ਸਾਧਨ ਦੇਣ ਦਾ ਕੰਮ ਕੀਤਾ ਹੈ ਕਿ ਉਸ ਲਈ ਵੱਧ ਤੋਂ ਵੱਧ ਧਨ-ਦੌਲਤ ਇਕੱਠੀ ਕਰਨਾ ਸੌਖਾ ਹੋ ਗਿਆ ਹੈ।

### ਸਿੱਖਿਆ ਵਿਵਸਥਾ ਦੀ ਪੋਲ

ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਜਿੱਥੋਂ ਤੱਕ ਸਿੱਖਿਆ ਦਾ ਸੰਬੰਧ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਫ਼ੋਕੇ ਐਲਾਨ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਰਹੀ ਅਤੇ ਜੋ ਮੌਜੂਦਾ ਭਾਜਪਾ ਸਰਕਾਰ ਹੈ, ਉਸ ਨੂੰ 'ਘੋਸ਼ਣਾ ਵੀਰ' ਕਿਹਾ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਇਸ ਗੱਲ ਦਾ ਸਬੂਤ ਇਹ ਹੈ ਕਿ ਅਜੇ ਤੱਕ ਸਿੱਖਿਆ ਦਾ ਬੁਨਿਆਦੀ ਢਾਂਚਾ ਹੀ ਨਹੀਂ ਬਣ ਸਕਿਆ, ਖ਼ਾਸ ਤੌਰ 'ਤੇ ਦਿਹਾਤੀ ਅਤੇ ਕਸਬਾਈ ਇਲਾਕਿਆਂ ਵਿੱਚ, ਜੇਕਰ ਕੁਝ ਕੁ ਹੋਇਆ ਵੀ ਹੈ ਤਾਂ ਉਹ ਦਿੱਲੀ ਅਤੇ ਰਾਜਾਂ ਦੀਆਂ ਰਾਜਧਾਨੀਆਂ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਜੇਕਰ ਕਿਸੇ ਨੇ ਵਧੀਆ ਅਤੇ ਰੁਜ਼ਗਾਰ ਮੁਹੱਈਆ ਕਰਵਾ ਸਕਣ ਵਾਲੀ ਪੜ੍ਹਾਈ ਕਰਨੀ ਹੈ ਤਾਂ ਉਸ ਨੂੰ ਵੱਡੇ ਸ਼ਹਿਰਾਂ ਦਾ ਰੁਖ਼ ਕਰਨਾ ਪਵੇਗਾ। ਇੱਥੇ ਵੀ ਚੰਗੀਆਂ ਸਿੱਖਿਆ ਸੰਸਥਾਵਾਂ 'ਚ ਦਾਖ਼ਲਾ ਮਿਲਣਾ ਬਹੁਤ ਮੁਸ਼ਕਿਲ ਕੰਮ ਹੈ। ਥਾਂ-ਥਾਂ ਖੁੱਲ੍ਹੇ ਨਿੱਜੀ ਸਕੂਲ, ਕਾਲਜ ਅਤੇ ਹੋਰ ਸਿੱਖਿਆ ਸੰਸਥਾਵਾਂ 'ਤੇ ਉਨ੍ਹਾਂ ਲੋਕਾਂ ਦਾ ਦਬਦਬਾ ਹੈ, ਜਿਨ੍ਹਾਂ ਦਾ ਇਰਾਦਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ। ਉਨ੍ਹਾਂ ਦਾ ਸਿੱਖਿਆ ਦੀ ਗੁਣਵੱਤਾ (ਕੁਆਲਿਟੀ) ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਜਿਸ ਤਰ੍ਹਾਂ ਸਰਕਾਰੀ ਸਕੂਲਾਂ 'ਚ ਰੱਟਾ ਮਰਵਾਉਣ ਵਾਲੀ ਪੜ੍ਹਾਈ ਕਰਵਾਈ ਜਾਂਦੀ ਹੈ, ਉਸੇ ਤਰ੍ਹਾਂ ਨਿੱਜੀ ਸੰਸਥਾਵਾਂ 'ਚ ਵੀ ਕੀਤਾ ਜਾਂਦਾ ਹੈ। ਇੱਥੋਂ ਨਿਕਲਣ ਤੋਂ ਬਾਅਦ ਵਿਦਿਆਰਥੀ ਜਦੋਂ ਮੁਕਾਬਲੇ ਦੀ ਪ੍ਰੀਖਿਆ @ਚ ਬੈਠਦਾ ਹੈ ਤਾਂ ਉਸ ਦਾ ਹਕੀਕਤ ਨਾਲ ਸਾਹਮਣਾ ਹੁੰਦਾ ਹੈ ਤਾਂ ਉਹ ਖ਼ੁਦ ਨੂੰ ਇਕ ਤਰ੍ਹਾਂ ਨਾਲ ਅਨਪੜ੍ਹ ਮਹਿਸੂਸ ਕਰਦਾ ਹੈ। ਇਸ ਸਭ ਤੋਂ ਨਿਰਾਸ਼ ਹੋਣ ਤੋਂ ਬਾਅਦ ਉਸ ਨੂੰ ਜੋ ਵੀ ਕੰਮ ਮਿਲਿਆ, ਉਸੇ ਨੂੰ ਹੀ ਕਿਸਮਤ ਸਮਝ ਕੇ ਉਹ ਇਕ ਅਜਿਹੀ ਦਲਦਲ 'ਚ ਪ੍ਰਵੇਸ਼ ਕਰ ਜਾਂਦਾ ਹੈ, ਜਿੱਥੇ ਜ਼ਿੰਦਗੀ ਭਰ ਪਛਤਾਵੇ ਤੋਂ ਇਲਾਵਾ ਕੁਝ ਹਾਸਲ ਨਹੀਂ ਹੁੰਦਾ। ਜੋ ਪੈਸੇ ਵਾਲੇ ਅਤੇ ਸਮਰੱਥ ਹਨ, ਉਹ ਆਪਣੇ ਬੱਚਿਆਂ ਨੂੰ ਕਿਤੇ ਵੀ ਪੜ੍ਹਨ ਲਈ ਭੇਜ ਸਕਦੇ ਹਨ, ਚਾਹੇ ਦੇਸ਼ ਹੋਵੇ ਜਾਂ ਵਿਦੇਸ਼, ਉਨ੍ਹਾਂ ਲਈ ਕੋਈ ਕਮੀ ਨਹੀਂ ਹੈ, ਪਰ ਜੋ ਕਿਸੇ ਤਰ੍ਹਾਂ ਦੋ ਵਕਤ ਦੀ ਰੋਟੀ ਦਾ ਹੀ ਜੁਗਾੜ ਮੁਸ਼ਕਿਲ ਨਾਲ ਕਰ ਪਾਉਂਦੇ ਹਨ, ਉਨ੍ਹਾਂ ਦਾ ਤਾਂ ਆਪਣਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਧੁੰਦਲਾ ਹੈ। ਇਸ ਲਈ ਇਸ ਵਿਸ਼ੇ 'ਤੇ ਸਰਕਾਰ ਨੂੰ ਖ਼ਾਸ ਤੌਰ 'ਤੇ ਅਤੇ ਸਮਾਜ ਨੂੰ ਲਾਜ਼ਮੀ ਤੌਰ 'ਤੇ ਚਿੰਤਨ ਮੰਥਨ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਅਸੀਂ ਪੱਛੜੇਪਣ ਦੇ ਦੌਰ ਵਿਚੋਂ ਨਾ ਤਾਂ ਨਿਕਲ ਸਕਾਂਗੇ ਅਤੇ ਨਾ ਹੀ ਕਦੇ ਇੰਨੇ ਸਮਰੱਥ ਹੋ ਸਕਾਂਗੇ ਕਿ ਹਰ ਦਿਨ ਨਵੇਂ ਕੀਰਤੀਮਾਨ ਸਥਾਪਿਤ ਕਰਦੀ ਆਧੁਨਿਕ ਤਕਨਾਲੋਜੀ ਅਤੇ ਖ਼ਾਸ ਤੌਰ 'ਤੇ 'ਆਰਟੀਫਿਸ਼ੀਅਲ ਇੰਟੈਲੀਜੈਂਸ' ਦੇ ਨਾਲ ਕਦਮਤਾਲ ਕਰ ਕੇ ਚੱਲਣ ਦੇ ਯੋਗ ਹੋ ਸਕਾਂਗੇ।

### ਅਰਥਵਿਵਸਥਾ ਅਤੇ ਮਹਿੰਗਾਈ ਦਾ ਸੰਬੰਧ

ਮੌਜੂਦਾ ਸਰਕਾਰ ਦੀਆਂ ਨੀਤੀਆਂ ਦੀ ਬਦੌਲਤ ਇਸ ਸਾਲ ਮਹਿੰਗਾਈ ਆਪਣੇ ਸਿਖ਼ਰ 'ਤੇ ਰਹਿਣ ਵਾਲੀ ਹੈ। ਸਾਡੀ ਵਿਕਾਸ ਦਰ ਹੇਠਾਂ ਡਿਗ ਰਹੀ ਹੈ ਅਤੇ ਸਰਕਾਰ ਹੈ ਕਿ ਉਸ 'ਤੇ ਲਗਾਮ ਲਗਾਉਣ 'ਚ ਅਸਫਲ ਸਾਬਿਤ ਹੋ ਰਹੀ ਹੈ, ਕਿਉਂਕਿ ਉਸ ਦਾ ਟੀਚਾ ਸਿਰਫ਼ ਵੱਧ ਤੋਂ ਵੱਧ ਟੈਕਸ ਵਸੂਲਣਾ ਹੀ ਰਹਿ ਗਿਆ ਹੈ। ਆਮ ਲੋਕਾਂ ਦੀ ਜਿੰਨੀ ਤਨਖ਼ਾਹ ਵਧੀ ਜਾਂ ਕਮਾਈ ਹੋਈ, ਉਸ ਨਾਲੋਂ ਜ਼ਿਆਦਾ ਜ਼ਰੂਰੀ ਚੀਜ਼ਾਂ ਜਿਵੇਂ ਪੈਟਰੋਲ-ਡੀਜ਼ਲ ਤੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਸਰਕਾਰ ਦੀਆਂ ਗ਼ਲਤ ਅਤੇ ਸਿਰਫ਼ ਅਮੀਰ ਵਰਗ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਜਾਣ ਵਾਲੀਆਂ ਆਰਥਿਕ, ਵਪਾਰਿਕ ਤੇ ਉਦਯੋਗਿਕ ਨੀਤੀਆਂ ਦੇ ਕਾਰਨ ਕਾਰਪੋਰੇਟ ਜਗਤ ਅਤੇ ਵੱਡੇ ਘਰਾਣਿਆਂ ਦੀ ਆਮਦਨੀ ਅਤੇ ਉਨ੍ਹਾਂ ਦਾ ਮੁਨਾਫ਼ਾ ਲਗਾਤਾਰ ਵਧਦਾ ਰਹੇਗਾ, ਜਿਸ ਨਾਲ ਆਮ ਆਦਮੀ ਨੂੰ ਹਰ ਚੀਜ਼ ਦੇ ਤੇਜ਼ੀ ਨਾਲ ਵਧਦੇ ਭਾਅ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਫਰਵਰੀ 'ਚ ਪੇਸ਼ ਕੀਤੇ ਜਾਣ ਵਾਲੇ ਬਜਟ 'ਚ ਕੋਈ ਉੱਚਿਤ ਵਿਵਸਥਾ ਜਿਸ ਨਾਲ ਮਹਿੰਗਾਈ ਘੱਟ ਹੋ ਸਕੇ, ਨਹੀਂ ਕੀਤਾ ਗਿਆ ਤਾਂ ਜਨਤਾ ਦਾ ਗ਼ੁੱਸਾ ਆਪਣੀ ਹੱਦ-ਬੰਨ੍ਹੇ ਟੱਪ ਸਕਦਾ ਹੈ ਅਤੇ ਸਰਕਾਰ ਦੇ ਪ੍ਰਤੀ ਵਿਸ਼ਵਾਸ ਅਤੇ ਉਸ ਦੀ ਹੋਂਦ ਲਈ ਚੁਣੌਤੀ ਬਣ ਸਕਦਾ ਹੈ। ਇੱਥੋਂ ਤੱਕ ਕਿ ਉਸ ਦੇ ਡਿਗਣ ਦੀ ਵੀ ਸੰਭਾਵਨਾ ਬਣ ਸਕਦੀ ਹੈ। ਇਸ ਲਈ ਇਹ ਨਾ ਸਮਝਿਆ ਜਾਵੇ ਕਿ ਜੋ ਪੰਜ ਸਾਲ ਲਈ ਪਿਛਲੇ ਸਾਲ ਚੁਣ ਲਏ ਗਏ ਹਨ, ਉਹ ਪੂਰੀ ਮਿਆਦ ਤੱਕ ਰਾਜ ਕਰਦੇ ਰਹਿਣਗੇ। ਪਿਛਲੀਆਂ ਕਾਂਗਰਸ ਜਾਂ ਵੱਖ-ਵੱਖ ਪਾਰਟੀਆਂ ਦੇ ਸਹਿਯੋਗ ਨਾਲ ਮਿਲ ਕੇ ਬਣੀਆਂ ਸਰਕਾਰਾਂ ਦੇ ਡਿਗਣ ਦੀ ਉਦਾਹਰਨ ਤੋਂ ਸਬਕ ਨਾ ਸਿੱਖਿਆ ਤਾਂ ਲਾਜ਼ਮੀ ਤੌਰ 'ਤੇ ਪ੍ਰੇਸ਼ਾਨੀ ਝੱਲਣੀ ਪੈ ਸਕਦੀ ਹੈ। ਇਹ ਕੋਈ ਭਵਿੱਖਵਕਤਾ ਦਾ ਕਥਨ ਨਹੀਂ ਹੈ ਸਗੋਂ ਹਾਲਾਤ ਨੂੰ ਮੱਦੇਨਜ਼ਰ ਰੱਖ ਕੇ ਕੀਤਾ ਗਿਆ ਵਿਸ਼ਲੇਸ਼ਣ ਹੈ। ਇਸ ਲਈ ਸਾਵਧਾਨੀ ਹਟੀ ਤਾਂ ਦੁਰਘਟਨਾ ਘਟੀ ਦੀ ਕਹਾਵਤ ਸਾਬਤ ਹੋ ਜਾਵੇਗੀ। ਅਰਥਵਿਵਸਥਾ 'ਚ ਸੁਧਾਰ ਅਤੇ ਕੀਮਤਾਂ ਘੱਟ ਕਰਨ ਲਈ ਖ਼ਪਤਕਾਰੀ ਚੀਜ਼ਾਂ ਨੂੰ ਕਾਰਪੋਰੇਟ ਜਗਤ ਤੋਂ ਕੱਢ ਕੇ ਨਿੱਜੀ ਛੋਟੇ ਨਿਵੇਸ਼ਕਾਂ ਨੂੰ ਸੌਂਪਣ ਨਾਲ ਇਹ ਸਮੱਸਿਆ ਅਧੂਰੇ ਤੌਰ 'ਤੇ ਹੱਲ ਕੀਤੀ ਜਾ ਸਕਦੀ ਹੈ। ਇਸੇ ਨਾਲ ਜੁੜਿਆ ਦੂਜਾ ਮੁੱਦਾ ਹੈ ਕਿ ਆਮ ਵਿਅਕਤੀ ਨੂੰ ਸਮਾਜਿਕ ਸੁਰੱਖਿਆ ਅਤੇ ਨਿਰਧਨ ਤੇ ਲੋੜਵੰਦਾਂ ਦੇ ਜੀਵਨ ਲਈ ਰੁਜ਼ਗਾਰ ਉਪਲਬਧ ਕਰਵਾਉਣ ਲਈ ਸਰਕਾਰ ਨੂੰ ਨੀਤੀਆਂ ਬਣਾਉਣੀਆਂ ਪੈਣਗੀਆਂ, ਕਿਉਂਕਿ ਹਮੇਸ਼ਾ ਲਈ ਇਕ ਵੱਡੀ ਆਬਾਦੀ ਨੂੰ ਮੁਫ਼ਤ ਅਨਾਜ ਅਤੇ ਦੂਜੀਆਂ ਸਹੂਲਤਾਂ ਬਿਨਾਂ ਟੈਕਸ ਦਿੰਦੇ ਰਹਿਣ ਦੇ ਨਤੀਜੇ ਭਿਅੰਕਰ ਹੋਣਗੇ। ਲੋਕਾਂ ਦੇ ਕੰਮ ਕਰਦੇ ਰਹਿਣ ਦੀ ਆਦਤ ਘੱਟ ਹੁੰਦੀ ਜਾਵੇਗੀ ਅਤੇ ਵਿਸ਼ਾਲ ਜਨਸੰਖਿਆ ਹਮੇਸ਼ਾ ਲਈ ਮੁਫ਼ਤ 'ਚ ਮਿਲਣ ਵਾਲੀਆਂ ਸਹੂਲਤਾਂ ਦੀ ਵਜ੍ਹਾ ਨਾਲ ਵਿਹਲੜ ਅਤੇ ਨਿਕੰਮੀ ਬਣ ਜਾਵੇਗੀ। ਇਸ ਲਈ ਸਰਕਾਰ ਨੂੰ ਬੁਨਿਆਦੀ ਢਾਂਚੇ ਜਿਵੇਂ ਸੜਕ, ਆਵਾਜਾਈ, ਆਉਣ-ਜਾਣ ਦੇ ਸਾਧਨਾਂ ਦੇ ਨਿਰਮਾਣ 'ਚ ਤੇਜ਼ੀ ਲਿਆਉਣੀ ਹੋਵੇਗੀ, ਉਦੋਂ ਹੀ ਅਸੀਂ ਕੌਮੀ ਪੱਧਰ 'ਤੇ ਲੋਕਾਂ ਦੇ ਰਹਿਣ-ਸਹਿਣ ਅਤੇ ਜੀਵਨ ਲਈ ਜ਼ਰੂਰੀ ਸਾਧਨ ਉਪਲਬਧ ਕਰਵਾਉਣ 'ਚ ਸਫਲ ਹੋ ਸਕਦੇ ਹਾਂ।

### ਭ੍ਰਿਸ਼ਟਾਚਾਰ, ਪ੍ਰਦੂਸ਼ਣ ਤੇ ਸੈਰ-ਸਪਾਟਾ

ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਵੱਡੇ ਆਗੂਆਂ ਅਤੇ ਸਰਕਾਰੀ ਅਧਿਕਾਰੀਆਂ ਵਲੋਂ ਬਿਨਾਂ ਕਿਸੇ ਤਰ੍ਹਾਂ ਦੀ ਰਿਸ਼ਵਤ ਲਏ ਕੰਮ ਨਾ ਕਰਨਾ ਹੈ।

(ਬਾਕੀ ਸਫ਼ਾ 31 'ਤੇ)



# ਇੱਕ ਸ਼ੌਕ ਪਤੰਗਬਾਜ਼ੀ ਦਾ...

# ਰੁੱਤ ਪਤੰਗ ਉਡਾਉਣ ਦੀ ਆਈ

## ਇਨਸਾਨਾਂ ਅਤੇ ਪੰਛੀਆਂ ਲਈ ਬਹੁਤ ਖ਼ਤਰਨਾਕ ਸਾਬਤ ਹੋ ਰਹੀ ਹੈ ਚਾਈਨਾ ਡੋਰ


ਪੰਜਾਬ ਡਾਇਰੀ
ਜਗਮੋਹਨ ਸਿੰਘ 'ਲੱਕੀ'
9463819174


ਸਿਆਲਾਂ ਦੀ ਰੁੱਤ ਦੌਰਾਨ, ਨੀਲੇ ਅਸਮਾਨ ਵਿੱਚ ਉੱਡਦੇ ਰੰਗ-ਬਿਰੰਗੇ ਪਤੰਗ ਬਹੁਤ ਸੁੰਦਰ ਦਿਖਾਈ ਦਿੰਦੇ ਹਨ, ਖਾਸ ਕਰਕੇ ਲੋਹੜੀ ਤੇ ਮਕਰ ਸੰਕ੍ਰਾਂਤੀ ਤੋਂ ਬਸੰਤ ਪੰਚਮੀ ਤੱਕ, ਅਸਮਾਨ ਵਿੱਚ ਉੱਡਦੇ ਪਤੰਗਾਂ ਦਾ ਉਤਸ਼ਾਹ ਦੇਖਣ ਯੋਗ ਹੁੰਦਾ ਹੈ। ਭਾਵੇਂ ਕਿ ਬਸੰਤ ਪੰਚਮੀ ਨੂੰ 'ਪਤੰਗ ਉਡਾਉਣ ਦਾ ਤਿਉਹਾਰ' ਕਿਹਾ ਜਾਂਦਾ ਹੈ, ਅਸਲ ਵਿੱਚ ਲੋਹੜੀ ਅਤੇ ਮਕਰ ਸੰਕ੍ਰਾਂਤੀ ਤੋਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਪਤੰਗਾਂ ਨੂੰ ਉਡਾਉਣ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਪਤੰਗ ਉਡਾਉਣ ਦੀ ਰੁੱਤ ਦੌਰਾਨ ਕਈ ਇਲਾਕਿਆਂ ਵਿੱਚ ਤਾਂ ਪਤੰਗਾਂ ਨੂੰ ਉਡਾਉਣ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਿਹਨਾਂ ਪਤੰਗ ਮੁਕਾਬਲਿਆਂ ਵਿੱਚ ਬੱਚਿਆਂ ਤੋਂ ਲੈ ਕੇ ਨੌਜਵਾਨ ਅਤੇ ਮਹਿਲਾਵਾਂ ਭਾਵ ਹਰ ਉਮਰ ਵਰਗ ਦੇ ਲੋਕ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ ਅਤੇ ਵੱਖ- ਵੱਖ ਕਿਸਮਾਂ ਦੇ ਪਤੰਗ ਉਡਾ ਕੇ ਪਤੰਗਾਂ ਦੇ ਪੇਚੇ ਲੜਾਉਂਦੇ ਹਨ। ਪਤੰਗਬਾਜ਼ੀ ਦੇ ਮੁਕਾਬਲਿਆਂ ਦੌਰਾਨ ਖੁਸ਼ੀਆਂ ਖੇੜਿਆਂ ਨਾਲ ਝੂਮਦੇ ਨੌਜਵਾਨਾਂ ਦੇ ਲਲਕਾਰਿਆਂ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੰਦੀ ਹੈ। ਘਰਾਂ ਦੀਆਂ ਛੱਤਾਂ ਉੱਪਰ ਚਲਦੇ ਸਪੀਕਰਾਂ 'ਚ ਪੰਜਾਬੀ ਗੀਤਾਂ ਉੱਪਰ ਨੌਜਵਾਨ ਝੂਮਦੇ ਦਿਖਾਈ ਦਿੰਦੇ ਹਨ। ਪਤੰਗਾਂ ਦੇ ਪੇਚੇ ਦੌਰਾਨ ਜਦੋਂ ਕਿਸੇ ਨੌਜਵਾਨ ਵੱਲੋਂ ਦੂਜੇ ਨੌਜਵਾਨ ਦਾ ਪਤੰਗ ਕੱਟ ਦਿੱਤਾ ਜਾਂਦਾ ਹੈ ਤਾਂ ਨੌਜਵਾਨ ਖੁਸ਼ੀ ਵਿੱਚ ਉੱਛਲਦੇ ਹਨ ਅਤੇ ਢੋਲ ਦੇ ਡੱਗੇ 'ਤੇ ਭੰਗੜਾ ਪਾਉਂਦੇ ਹਨ। ਜੇ ਢੋਲ ਨਾ ਹੋਵੇ ਤਾਂ ਖਾਲੀ ਪੀਪੇ ਖੜਕਾ ਕੇ ਖੁਸ਼ੀ ਮਨਾਈ ਜਾਂਦੀ ਹੈ ਅਤੇ ਉੱਚੀ ਸਾਰੀ 'ਆਈ ਬੋ' ਕਿਹਾ ਜਾਂਦਾ ਹੈ। ਪਤੰਗ ਉਡਾਉਣ ਵਾਲਿਆਂ ਦੇ ਹੰਸੂ ਹੰਸੂ ਕਰਦੇ ਚਿਹਰੇ ਸਭ ਦਾ ਮਨ ਮੋਹ ਲੈਂਦੇ ਹਨ। ਭਾਰਤ ਦੇ ਬੜੌਦਾ (ਗੁਜਰਾਤ) ਸਮੇਤ ਕਈ ਇਲਾਕਿਆਂ ਵਿੱਚ ਵੱਡੀ ਗਿਣਤੀ ਕੁੜੀਆਂ ਅਤੇ ਮਹਿਲਾਵਾਂ ਵੀ ਪਤੰਗ ਉਡਾਉਂਦੀਆਂ ਹਨ ਅਤੇ ਪਤੰਗ ਮੁਕਾਬਲਿਆਂ ਵਿੱਚ ਹਿੱਸਾ ਲੈਂਦੀਆਂ ਹਨ।

ਪਤੰਗ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਚਲਦਾ ਹੈ ਕਿ ਪਤੰਗ ਦੀ ਖੋਜ ਤੀਜੀ ਸਦੀ ਈਸਾ ਪੂਰਵ ਵਿੱਚ ਚੀਨ ਵਿੱਚ ਹੋਈ ਸੀ। ਦੁਨੀਆਂ ਦੀ ਪਹਿਲੀ ਪਤੰਗ ਇੱਕ ਚੀਨੀ ਦਾਰਸ਼ਨਿਕ 'ਹੁਆਂਗ ਥੇਗ' ਦੁਆਰਾ ਬਣਾਈ ਗਈ ਸੀ। ਇਸ ਤਰ੍ਹਾਂ ਪਤੰਗ ਦਾ ਇਤਿਹਾਸ ਲਗਭਗ 2,300 ਸਾਲ ਪੁਰਾਣਾ ਹੈ। ਚੀਨ ਵਿੱਚ ਪਤੰਗ ਬਣਾਉਣ ਲਈ ਢੁਕਵੀਂ ਸਮੱਗਰੀ ਉਪਲਬਧ ਸੀ ਜਿਵੇਂ ਕਿ: - ਰੇਸ਼ਮ ਦਾ ਕੱਪੜਾ, ਪਤੰਗ ਉਡਾਉਣ ਲਈ ਮਜ਼ਬੂਤ ?ਰੇਸ਼ਮ ਦਾ ਧਾਗਾ ਅਤੇ ਪਤੰਗ ਦੀ ਸ਼ਕਲ ਨੂੰ ਸਹਾਰਾ ਦੇਣ ਲਈ ਹਲਕਾ ਅਤੇ ਮਜ਼ਬੂਤ ਬਾਂਸ।

ਚੀਨ ਤੋਂ ਬਾਅਦ, ਪਤੰਗ ਜਪਾਨ, ਕੋਰੀਆ, ਥਾਈਲੈਂਡ, ਬਰਮਾ, ਭਾਰਤ, ਅਰਬ ਅਤੇ ਉੱਤਰੀ ਅਫ਼ਰੀਕਾ ਵਿੱਚ ਫੈਲ ਗਏ। ਪਤੰਗ ਉਡਾਉਣ ਦਾ ਸ਼ੌਕ ਚੀਨ, ਕੋਰੀਆ ਅਤੇ ਥਾਈਲੈਂਡ ਸਮੇਤ ਦੁਨੀਆ ਦੇ ਕਈ ਹੋਰ ਹਿੱਸਿਆਂ ਤੋਂ ਭਾਰਤ ਪਹੁੰਚਿਆ। ਕੁਝ ਹੀ ਸਮੇਂ ਵਿੱਚ, ਇਹ ਸ਼ੌਕ ਭਾਰਤ ਵਿੱਚ ਇੱਕ ਸ਼ੌਕ ਬਣ ਗਿਆ ਅਤੇ ਇਸ ਦੀ ਸੰਸਕ੍ਰਿਤੀ ਅਤੇ ਸੱਭਿਅਤਾ ਵਿੱਚ ਰਚ-ਮਿਚ ਗਿਆ। ਖੁੱਲ੍ਹੇ ਅਸਮਾਨ ਵਿੱਚ ਪਤੰਗ ਉਡਾਉਣ ਦਾ ਸ਼ੌਕ, ਜੋ ਕਿ ਵਿਹਲੇ ਸਮੇਂ ਦਾ ਸਾਥੀ ਬਣ ਗਿਆ, ਹਰ ਉਮਰ ਦੇ ਲੋਕਾਂ ਵਿੱਚ ਪ੍ਰਸਿੱਧ ਹੋਣ ਲੱਗਿਆ - ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ। ਭਾਰਤ ਵਿੱਚ ਪਤੰਗ ਉਡਾਉਣ ਦਾ ਸ਼ੌਕ ਇੰਨਾ ਮਸ਼ਹੂਰ ਹੋ ਗਿਆ ਕਿ ਬਹੁਤ ਸਾਰੇ ਕਵੀਆਂ ਨੇ ਹਵਾ ਵਿੱਚ ਉੱਡਦੀ ਇਸ ਸਾਧਾਰਨ ਵਸਤੂ 'ਤੇ ਕਵਿਤਾਵਾਂ ਲਿਖੀਆਂ।

ਸਰਦੀਆਂ ਦੇ ਮੌਸਮ ਵਿੱਚ, ਜਦੋਂ ਲੋਕ ਆਮ ਤੌਰ 'ਤੇ ਆਪਣੇ ਘਰਾਂ ਤੱਕ ਸੀਮਤ ਰਹਿੰਦੇ ਹਨ, ਤਾਂ ਪਤੰਗ ਉਡਾਉਣ ਦਾ ਸ਼ੌਕ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਕੱਢ ਦਿੰਦਾ ਹੈ। ਇਸ ਦੇ ਨਾਲ ਹੀ, ਪਤੰਗ ਉਡਾਉਣ ਦੌਰਾਨ ਦੌੜਨਾ ਅਤੇ ਸਰੀਰਕ ਗਤੀਵਿਧੀ ਵਿਅਕਤੀ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਵਿੱਚ ਮਦਦ ਕਰਦੀ ਹੈ। ਇਸ ਦਾ ਵਿਅਕਤੀ ਦੇ ਸਰੀਰ 'ਤੇ ਬਹੁਤ ਵੱਡਾ ਸਕਾਰਾਤਮਕ ਪ੍ਰਭਾਵ ਪੈਂਦਾ ਹੈ, ਜੋ ਵਿਅਕਤੀ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਂਦਾ ਹੈ।

ਸਿਹਤ ਮਾਹਿਰ ਕਹਿੰਦੇ ਹਨ ਕਿ ਪਤੰਗ ਉਡਾਉਣ ਨਾਲ ਹੱਥਾਂ ਦੀਆਂ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਪਤੰਗ ਉਡਾਉਣ ਨਾਲ ਪੂਰੇ ਸਰੀਰ ਦੀ ਕਸਰਤ ਹੋ ਜਾਂਦੀ ਹੈ। ਸਰਦੀਆਂ ਦੌਰਾਨ ਧੁੱਪ ਵਿੱਚ ਪਤੰਗ ਚੜ੍ਹਾਉਣ ਨਾਲ ਵਿਟਾਮਿਨ ਡੀ ਮਿਲਦਾ ਹੈ। ਜਦੋਂ ਤੁਸੀਂ ਪਤੰਗ ਉਡਾਉਂਦੇ ਸਮੇਂ ਖੁੱਲ੍ਹੀ ਹਵਾ ਵਿੱਚ ਸਾਹ ਲੈਂਦੇ ਹੋ, ਤਾਂ ਇਹ ਫੇਫੜਿਆਂ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਖਾਸ ਕਰਕੇ ਪਤੰਗ ਉਡਾਉਂਦੇ ਸਮੇਂ, ਵਿਅਕਤੀ ਦਾ ਚਿਹਰਾ ਉੱਪਰ ਵੱਲ ਹੁੰਦਾ ਹੈ, ਇਸ ਲਈ ਇਹ ਇੱਕ ਵਧੀਆ ਸਾਹ ਲੈਣ ਦੀ ਕਸਰਤ ਬਣ ਜਾਂਦੀ ਹੈ ਅਤੇ ਸਰੀਰ ਨੂੰ ਲੋੜੀਂਦੀ ਮਾਤਰਾ ਵਿੱਚ ਆਕਸੀਜਨ ਮਿਲਦੀ ਹੈ। ਸਿਹਤ ਮਾਹਿਰਾਂ ਅਨੁਸਾਰ ਪਤੰਗ ਉਡਾਉਂਦੇ ਸਮੇਂ, ਤੁਹਾਨੂੰ ਪਤੰਗ ਦੀ ਪਤਲੀ ਡੋਰ ਅਤੇ ਦੂਰ ਉੱਡਦੀ ਪਤੰਗ 'ਤੇ ਲਗਾਤਾਰ ਨਜ਼ਰ ਰੱਖਣੀ ਪੈਂਦੀ ਹੈ। ਇਸ ਤਰ੍ਹਾਂ, ਪਤੰਗ ਉਡਾਉਣ ਨਾਲ ਅੱਖਾਂ ਦੀ ਇੱਕ ਚੰਗੀ ਕਸਰਤ ਵੀ ਹੋ ਜਾਂਦੀ ਹੈ।






ਜੇ ਪਤੰਗ ਉਡਾਉਣ ਦੇ ਮਾੜੇ ਪੱਖਾਂ ਦੀ ਗੱਲ ਨਾ ਕੀਤੀ ਤਾਂ ਗੱਲ ਅ ਧੂਰੀ ਰਹੇਗੀ। ਵਧੇਰੇ ਸਮਾਂ ਪਤੰਗ ਉਡਾਉਣ ਨਾਲ ਬੱਚਿਆਂ ਦੀ ਪੜਾਈ ਖਰਾਬ ਹੁੰਦੀ ਹੈ ਅਤੇ ਲੋਕਾਂ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਪਤੰਗ ਉਡਾਉਣ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਕਈ ਬੱਚੇ ਜਾਂ ਨੌਜਵਾਨ ਪਤੰਗ ਉਡਾਉਣ ਲਈ ਆਮ ਡੋਰ ਦੀ ਥਾਂ ਚਾਈਨਾ ਡੋਰ ਦੀ ਵਰਤੋ ਕਰਦੇ ਹਨ, ਜੋ ਕਿ ਅਕਸਰ ਇਨਸਾਨਾਂ, ਪੰਛੀਆਂ ਅਤੇ ਜਾਨਵਰਾਂ ਲਈ ਨੁਕਸਾਨਦੇਹ ਹੁੰਦੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਵੱਖ- ਵੱਖ ਸਮੇਂ ਇਸ ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਕਾਰਨ ਅਨੇਕਾਂ ਵਿਅਕਤੀ ਜ਼ਖਮੀ ਵੀ ਚੁੱਕੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜਦੋਂ ਪੰਜਾਬ ਵਿੱਚ ਚਾਈਨਾ ਡੋਰ ਦੀ ਵਿਕਰੀ ਤੇ ਪਾਬੰਦੀ ਲਗਾਈ ਹੋਈ ਹੈ ਤਾਂ ਇਹ ਡੋਰ ਵਿਕ ਕਿਸ ਤਰੀਕੇ ਨਾਲ ਰਹੀ ਹੈ ? ਅਸਲ ਵਿੱਚ ਕੁਝ ਦੁਕਾਨਦਾਰ ਲਾਲਚ ਵਿੱਚ ਇਹ ਚਾਈਨਾ ਡੋਰ ਵੇਚ ਰਹੇ ਹਨ।



ਅਕਸਰ ਕੁਝ ਨੌਜਵਾਨ ਆਪਣੇ ਕੁਝ ਸਮੇਂ ਦੇ ਮਨੋਰੰਜਨ ਲਈ ਚਾਈਨਾ ਡੋਰ ਨਾਲ ਪਤੰਗ ਉਡਾ ਕੇ ਦੂਜਿਆਂ ਦੀ ਜਾਨ ਖ਼ਤਰੇ ਵਿੱਚ ਪਾਉਂਦੇ ਹਨ। ਕਈ ਵਾਰ ਤਾਂ ਚਾਈਨਾ ਡੋਰ ਦੀ ਲਪੇਟ ਵਿੱਚ ਆਏ ਪੰਛੀਆਂ ਦੀ ਮੌਤ ਵੀ ਹੋ ਜਾਂਦੀ ਹੈ। ਇਸ ਦੇ ਬਾਵਜੂਦ ਨੌਜਵਾਨਾਂ ਤੇ ਬੱਚਿਆਂ ਵਿੱਚ ਚਾਈਨਾ ਡੋਰ ਦੀ ਵਰਤੋ ਕਰਨ ਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਪਤੰਗ ਉਡਾਉਣ ਦੇ ਸ਼ੌਕੀਨਾਂ ਨੂੰ ਚਾਹੀਦਾ ਹੈ ਕਿ ਉਹ ਪਤੰਗ ਉਡਾਉਣ ਦੇ ਲਈ ਆਮ ਡੋਰ ਦੀ ਵਰਤੋ ਕਰਨ ਅਤੇ ਚਾਈਨਾ ਡੋਰ ਦੀ ਬਿਲਕੁਲ ਵੀ ਵਰਤੋ ਨਾ ਕਰਨ।







# ਸਿਆਸਤਦਾਨਾਂ ਦੇ ਰਿਟਾਇਰ ਹੋਣ ਦੀ ਉਮਰ ਹੱਦ ਨਿਸ਼ਚਿਤ ਕਰਨ ਦੀ ਲੋੜ



ਜੀ.ਐੱਨ. ਵਾਜਪਾਈ
ਲੇਖਕ ਸੇਬੀ ਅਤੇ ਐੱਲਆਈਸੀ ਦਾ ਚੇਅਰਮੈਨ ਰਿਹਾ ਹੈ

ਆਪਣੇ ਦੇਸ਼ ਵਿਚ ਨੇਤਾ ਕਦੇ ਰਿਟਾਇਰ ਹੋਣਾ ਨਹੀਂ ਚਾਹੁੰਦੇ। ਭਾਵੇਂ ਹੀ ਕਿੰਨੀ ਵੀ ਉਮਰ ਕਿਉਂ ਨਾ ਹੋ ਜਾਵੇ ਜਾਂ ਫਿਰ ਸਿਹਤ ਅਤੇ ਸਰੀਰ ਵੀ ਉਨ੍ਹਾਂ ਦਾ ਸਾਥ ਛੱਡਣ ਲੱਗਣ ਪਰ ਉਨ੍ਹਾਂ ਨੂੰ ਰਾਜਨੀਤੀ ਤੋਂ ਕਿਨਾਰਾ ਕਰਨਾ ਕਦੇ ਵੀ ਰਾਸ ਨਹੀਂ ਆਉਂਦਾ।ਕੁਝ ਨੇਤਾ ਸਮੇਂ ਦੇ ਨਾਲ ਗ਼ੈਰ-ਪ੍ਰਸੰਗਿਕ ਹੋ ਜਾਂਦੇ ਹਨ ਅਤੇ ਕੁਝ ਆਖ਼ਰੀ ਸਾਹ ਤੱਕ ਸਰਗਰਮ ਰਹਿੰਦੇ ਹਨ।

ਇਸ ਲੜੀ ਵਿੱਚ ਜੈਪ੍ਰਕਾਸ਼ ਨਾਰਾਇਣ ਯਾਨੀ ਜੇ.ਪੀ. ਅਤੇ ਨਾਨਾਜੀ ਦੇਸ਼ਮੁੱਖ ਵਰਗੇ ਇੱਕਾ-ਦੁੱਕਾ ਅਪਵਾਦ ਹੀ ਨਜ਼ਰ ਆਉਂਦੇ ਹਨ ਜੋ ਆਪਣੀ ਮਰਜ਼ੀ ਨਾਲ ਸਿਆਸਤ ਤੋਂ ਵਿਦਾਈ ਲੈਂਦੇ ਹਨ। ਕੁਝ ਸਮਾਂ ਪਹਿਲਾਂ ਕਾਂਗਰਸ ਮੁਖੀ ਮੱਲਿਕਾਰਜੁਨ ਖੜਗੇ ਨੇ ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਆਤਮਕਥਾ ਦੀ ਘੁੰਡ ਚੁਕਾਈ ਮੌਕੇ ਕਿਹਾ ਸੀ, "ਮੈਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਵੀ ਰਾਜਨੀਤੀ ਤੋਂ ਰਿਟਾਇਰ ਹੋਣਾ ਚਾਹੀਦਾ ਹੈ। ਜੋ ਕਿਸੇ ਵਿਚਾਰਧਾਰਾ ਵਿੱਚ ਭਰੋਸਾ ਰੱਖਦੇ ਹਨ, ਜੋ ਰਾਸ਼ਟਰ ਦੀ ਸੇਵਾ, ਆਪਣੇ ਸਮਾਜ ਦੀ ਸੇਵਾ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਅੰਤ ਤੱਕ ਅਜਿਹਾ ਕਰਨਾ ਚਾਹੀਦਾ ਹੈ।" ਕਿਸੇ ਵੀ ਜਮਹੂਰੀ ਵਿਵਸਥਾ ਵਿੱਚ ਸਿਆਸਤਦਾਨ ਰਾਸ਼ਟਰ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਯੋਗਦਾਨ ਦਿੰਦੇ ਹਨ। ਉਨ੍ਹਾਂ ਦੇ ਫ਼ੈਸਲੇ ਅਤੇ ਯੋਗਦਾਨ ਕਰੋੜਾਂ ਲੋਕਾਂ ਦੀ ਤਕਦੀਰ 'ਤੇ ਅਸਰ ਪਾਉਂਦੇ ਹਨ। ਅਜਿਹੇ ਵਿੱਚ ਉਨ੍ਹਾਂ ਤੋਂ ਇਹੀ ਉਮੀਦ ਹੁੰਦੀ ਹੈ ਕਿ ਉਹ ਸਮਝਦਾਰੀ ਭਰੇ ਬਦਲ ਅਪਣਾਉਣ ਅਤੇ ਵਿਵੇਕ ਸੰਮਤ ਫ਼ੈਸਲੇ ਕਰਨ। ਇੱਕ ਕੈਨੇਡੀਅਨ ਦਾਰਸ਼ਨਿਕ-ਲੇਖਕ ਮਾਤਸੋਨਾ ਧਾਲੀਵਾਯੋ ਨੇ ਸੱਚ ਹੀ ਕਿਹਾ ਹੈ, "ਇੱਕ ਚੰਗਾ ਆਜੜੀ ਉਹੀ ਹੁੰਦਾ ਹੈ ਜੋ ਪਹਿਲਾਂ ਆਪਣੀਆਂ ਭੇਡਾਂ ਦਾ ਪੇਟ ਭਰੇ, ਭਾਵੇਂ ਉਹ ਖ਼ੁਦ ਕਿੰਨਾ ਹੀ ਭੁੱਖਾ ਕਿਉਂ ਨਾ ਹੋਵੇ।"

ਇਹ ਗੱਲ ਅਗਵਾਈ ਕਰਨ ਵਾਲਿਆਂ 'ਤੇ ਵੀ ਲਾਗੂ ਹੁੰਦੀ ਹੈ। ਜੇ.ਪੀ. ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਸੀ ਪਰ ਦੇਸ਼ ਵਿੱਚ ਸੰਵਿਧਾਨਕ ਵਿਵਸਥਾ ਵਾਲੇ ਲੋਕਤੰਤਰੀ ਢਾਂਚੇ ਦੀ ਬਹਾਲੀ ਲਈ ਸੰਨਿਆਸ ਛੱਡ ਕੇ ਅੰਦੋਲਨ ਦੀ ਅਗਵਾਈ ਕੀਤੀ ਸੀ। ਸਿਆਸੀ ਜੀਵਨ ਦੌਰਾਨ ਦਾ ਤਜਰਬਾ ਅਤੇ ਮੁਹਾਰਤ ਉਸ ਵਿੱਚ ਵੱਡੇ ਮਦਦਗਾਰ ਰਹੇ ਅਤੇ ਸੰਭਵ ਤੌਰ 'ਤੇ ਇਹ ਵੀ ਇੱਕ ਕਾਰਨ ਰਿਹਾ ਕਿ ਉਹ ਅੰਦੋਲਨ ਨੂੰ ਅਗਵਾਈ ਦੇ ਸਕੇ।

ਹਾਲਾਂਕਿ ਇੱਕ ਅਜਿਹੇ ਗਤੀਸ਼ੀਲ ਸਮਾਜ ਵਿੱਚ ਜਿੱਥੇ ਸਮਾਜਿਕ-ਆਰਥਿਕ ਢਾਂਚਾ ਬੜੀ ਤੇਜ਼ ਗਤੀ ਨਾਲ ਬਦਲ ਰਿਹਾ ਹੋਵੇ, ਉੱਥੇ ਸਿਰਫ਼ ਤਜਰਬਾ ਹੀ ਕਾਫ਼ੀ ਨਹੀਂ। ਮੁਹਾਰਤ ਵਿਸ਼ੇਸ਼ ਮਾਹੌਲ ਅਤੇ ਹਾਲਾਤ ਵਿੱਚ ਹੀ ਕਿਤੇ ਜ਼ਿਆਦਾ ਪ੍ਰਸੰਗਿਕ ਹੁੰਦੀ ਹੈ। ਨੋਬਲ ਪੁਰਸਕਾਰ ਜੇਤੂ ਡੈਨੀਅਲ ਕਾਹਮੈਨ ਨੇ ਲਿਖਿਆ ਹੈ ਕਿ ਕੁਝ ਅਜਿਹੇ ਖੇਤਰ ਹੁੰਦੇ ਹਨ ਜਿਨ੍ਹਾਂ ਵਿੱਚ ਮੁਹਾਰਤ ਸੰਭਵ ਹੀ ਨਹੀਂ।

ਸ਼ੇਅਰਾਂ ਦੀ ਚੋਣ ਇਸ ਦੀ ਇੱਕ ਚੰਗੀ ਮਿਸਾਲ ਹੈ। ਲੰਬੇ ਸਮੇਂ ਦੇ ਸਿਆਸੀ-ਰਣਨੀਤਕ ਅਨੁਮਾਨਾਂ ਦੇ ਮਾਮਲੇ ਵਿੱਚ ਵੀ ਮਾਹਿਰ ਕਿਸੇ ਪਾਸਾ ਸੁੱਟਣ ਵਾਲੇ ਬਾਂਦਰ ਤੋਂ ਬਿਹਤਰ ਨਹੀਂ। ਨੈਪੋਲੀਅਨ ਬੋਨਾਪਾਰਟ ਦਾ ਕਥਨ ਹੈ, 'ਏ ਲੀਡਰ ਇਜ਼ ਏ ਡੀਲਰ ਇਨ ਹੋਪ' ਯਾਨੀ ਨੇਤਾ ਉਮੀਦਾਂ ਪ੍ਰਵਾਨ ਚੜ੍ਹਾਉਣ ਵਾਲਾ ਵਪਾਰੀ ਹੀ ਹੁੰਦਾ ਹੈ। ਇਸ ਸਮੇਂ ਦੁਨੀਆ ਭਰ ਵਿੱਚ ਕਈ ਪੀੜ੍ਹੀਆਂ ਦਾ ਸੰਗਮ ਦਿਸਦਾ ਹੈ। ਇਨ੍ਹਾਂ 'ਚੋਂ 1925 ਤੋਂ 1945 ਵਿਚਾਲੇ ਪੈਦਾ ਹੋਈ ਸਾਈਲੈਂਟ ਜਨਰੇਸ਼ਨ, 1946-64 ਵਿਚਾਲੇ ਦੇ ਬੇਬੀ ਬੂਮਰਜ਼, 1965-79 ਦੇ ਜੈੱਨ ਐਕਸ, 1980-94 ਦੇ ਮਿਲੇਨੀਅਲਜ਼, 1997-2012 ਦੇ ਜੈੱਨ ਜ਼ੈੱਡ ਅਤੇ 2012 ਤੋਂ ਬਾਅਦ ਦੀ ਅਲਫਾ ਜਨਰੇਸ਼ਨ ਮੁੱਖ ਹਨ। ਇਹ ਸਾਰੇ ਆਪੋ-ਆਪਣੇ ਜੀਵਨ ਦੀਆਂ ਬੇਯਕੀਨੀਆਂ ਤੋਂ ਦੋ-ਚਾਰ ਹਨ। ਉਨ੍ਹਾਂ ਦੀਆਂ ਉਮੀਦਾਂ, ਖ਼ਾਹਿਸ਼ਾਂ, ਤਰਜੀਹਾਂ ਅਤੇ ਇੱਥੋਂ ਤੱਕ ਕਿ ਪਸੰਦ ਵੀ ਹਮੇਸ਼ਾ ਇਕਸਮਾਨ ਨਹੀਂ ਦਿਸੇਗੀ। ਨੇਤਾਵਾਂ ਦੀਆਂ ਜ਼ਿਆਦਾਤਰ ਨੀਤੀਆਂ ਵੱਖ-ਵੱਖ ਪੀੜ੍ਹੀਆਂ ਦੀਆਂ ਉਮੀਦਾਂ ਅਤੇ ਖ਼ਾਹਿਸ਼ਾਂ 'ਤੇ ਖ਼ਰੀਆਂ ਨਹੀਂ ਉਤਰਦੀਆਂ। ਭਾਰਤੀ ਰਾਜਨੀਤੀ 'ਤੇ ਫ਼ਿਲਹਾਲ ਬੇਬੀ ਬੂਮਰਜ਼ ਵਾਲੀ ਪੀੜ੍ਹੀ ਦੀ ਚੜ੍ਹਤ ਹੈ। ਨੇਤਾਵਾਂ ਲਈ ਵੋਟਰਾਂ ਦੀਆਂ ਉਮੀਦਾਂ ਨੂੰ ਸਮਝਣਾ ਹੀ ਉਨ੍ਹਾਂ ਦੇ ਨਾਲ ਜੁੜਨ ਦੀ ਕੁੰਜੀ ਹੁੰਦੀ ਹੈ ਅਤੇ ਉਨ੍ਹਾਂ ਵਿਚ ਆਪਣੀ ਪੀੜ੍ਹੀ ਤੋਂ ਇਲਾਵਾ ਹੋਰ ਤਬਕਾ ਵੀ ਹੁੰਦਾ ਹੈ।



ਅੱਜ ਜ਼ਿਆਦਾਤਰ ਨੇਤਾ ਸਰੀਰਕ ਤੌਰ 'ਤੇ ਇੰਨੇ ਚੁਸਤ-ਦਰੁਸਤ ਨਹੀਂ ਕਿ ਉਹ ਉਨ੍ਹਾਂ ਲੋਕਾਂ ਨਾਲ ਨਿਰੰਤਰ ਗੱਲਬਾਤ ਕਰ ਸਕਣ ਜਿਨ੍ਹਾਂ ਦੀਆਂ ਵੋਟਾਂ ਨਾਲ ਚੋਣ ਜਿੱਤਣਾ ਚਾਹੁੰਦੇ ਹਨ। ਚੋਣ ਹਾਰਨ ਤੋਂ ਬਾਅਦ ਜਾਂ ਹਾਰ ਦੇ ਖ਼ਦਸ਼ੇ ਨੂੰ ਦੇਖਦੇ ਹੋਏ ਉਹ ਰਾਜ ਸਭਾ ਜਾਂ ਵਿਧਾਨ ਪ੍ਰੀਸ਼ਦ ਜ਼ਰੀਏ ਪਿਛਲੇ ਦਰਵਾਜ਼ਿਓਂ ਦਾਖ਼ਲ ਹੋਣ ਵਿੱਚ ਕਾਮਯਾਬ ਹੋ ਜਾਂਦੇ ਹਨ।

ਇਸੇ ਕਾਰਨ ਭਾਰਤੀ ਸਿਆਸਤ ਵਿੱਚ ਭਾਰੀ ਗਿਰਾਵਟ ਆ ਰਹੀ ਹੈ। ਨੇਤਾਵਾਂ 'ਤੇ ਲੋਕਾਂ ਦੀ ਭਰੋਸਾ ਘਟਦਾ ਜਾ ਰਿਹਾ ਹੈ। ਕਈ ਮਾਮਲੇ ਇਹੀ ਦਰਸਾਉਂਦੇ ਹਨ ਕਿ ਰਾਜਨੀਤੀ ਹੁਣ ਨੇਤਾਵਾਂ ਦੀ ਜੀਵਨਸ਼ੈਲੀ ਦਾ ਹਿੱਸਾ ਬਣ ਗਈ ਹੈ। ਨੇਤਾ ਅਤੀਤ ਦੀ ਸਦਭਾਵਨਾ ਦੇ ਸਹਾਰੇ ਹੀ ਬੇੜੀ ਪਾਰ ਲਗਾਉਣ ਦੇ ਯਤਨ ਵਿੱਚ ਲੱਗੇ ਰਹਿੰਦੇ ਹਨ। ਇਸ ਵਿੱਚ ਵੀ ਅਕਸਰ ਹੱਦੋਂ ਵੱਧ ਹੋ ਜਾਂਦਾ ਹੈ। ਅਹੁਦੇ ਅਤੇ ਕੁਰਸੀ ਪ੍ਰਤੀ ਮੋਹ, ਸੁਰਖੀਆਂ ਵਿੱਚ ਬਣੇ ਰਹਿਣ ਦੀ ਆਦਤ ਅਤੇ ਸੁੱਖ-ਸਹੂਲਤਾਂ ਅਜਿਹੇ ਨੇਤਾਵਾਂ ਨੂੰ ਸਮਝੌਤੇ ਕਰਨ ਲਈ ਮਜਬੂਰ ਕਰਦੀਆਂ ਹਨ। ਉਨ੍ਹਾਂ ਨੂੰ ਆਪਣੇ ਫ਼ਾਇਦੇ ਲਈ ਗ਼ਲਤ ਕੰਮ ਵੀ ਕਰਨੇ ਪੈਂਦੇ ਹਨ ਤੇ ਗ਼ਲਤ ਫ਼ੈਸਲੇ ਵੀ ਕਰਨੇ ਪੈਂਦੇ ਹਨ।

ਇਸ ਕਾਰਨ ਰਾਜਨੀਤੀ ਗੰਧਲੀ ਹੋਣ ਲੱਗਦੀ ਹੈ ਤੇ ਲੋਕਾਂ ਦਾ ਸਿਆਸਤਦਾਨਾਂ ਤੋਂ ਭਰੋਸਾ ਉੱਠਣ ਲੱਗਦਾ ਹੈ। ਵਿਚਾਰਧਾਰਾ ਵਰਗੇ ਪਹਿਲੂ ਇਸ ਸਭ ਵਿੱਚ ਨਿਗੂਣੇ ਹੋਈ ਜਾ ਰਹੇ ਹਨ ਕਿਉਂਕਿ ਪਾਲਾ ਬਦਲਦੇ ਹੀ ਵਿਚਾਰਧਾਰਾ ਦਾ ਕੋਈ ਮੁੱਲ-ਅਹਿਮੀਅਤ ਨਹੀਂ ਰਹਿ ਜਾਂਦੀ।ਅਹੁਦੇ ਅਤੇ ਕੁਰਸੀ ਨਾਲ ਚਿਪਕੇ ਰਹਿਣ ਦਾ ਮੋਹ ਇੰਨਾ ਵਧ ਗਿਆ ਹੈ ਕਿ ਉਸ ਕਾਰਨ ਵੰਸ਼ਵਾਦੀ ਰਾਜਨੀਤੀ ਨੂੰ ਹੁਲਾਰਾ ਦਿੱਤਾ ਜਾਣ ਲੱਗਾ ਹੈ। ਇਸ ਕਾਰਨ ਵੀ ਸਿਆਸਤ ਨੂੰ ਢਾਹ ਲੱਗ ਰਹੀ ਹੈ ਅਤੇ ਨਾਕਾਬਲ ਲੀਡਰਸ਼ਿਪ ਸਾਹਮਣੇ ਆਉਣ ਲੱਗੀ ਹੈ। ਇਸ ਦਾ ਰਾਸ਼ਟਰ ਤੇ ਸਮਾਜ ਨੂੰ ਭਾਰੀ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਅਕਸਰ ਅਜਿਹੇ ਜਾਨਸ਼ੀਨਾਂ ਕੋਲ ਆਪਣੇ ਪਿਤਾ ਜਾਂ ਦਾਦੇ ਦੀ ਤਰ੍ਹਾਂ ਜ਼ਮੀਨੀ ਪੱਧਰ 'ਤੇ ਕੋਈ ਪਕੜ ਜਾਂ ਤਜਰਬਾ ਨਹੀਂ ਹੁੰਦਾ ਅਤੇ ਇਸ ਲਿਹਾਜ਼ ਨਾਲ ਉਹ ਉਸ ਅਹੁਦੇ ਦੇ ਯੋਗ ਹੀ ਨਹੀਂ ਹੁੰਦੇ। ਉਨ੍ਹਾਂ ਦੀ ਰਾਜਨੀਤੀ ਅਕਸਰ ਨਤੀਜਾਮੁਖੀ ਨਹੀਂ ਹੁੰਦੀ ਅਤੇ ਸਮਾਜ ਲੋਕਤੰਤਰੀ ਢਾਂਚੇ ਦੇ ਫ਼ਾਇਦਿਆਂ ਤੋਂ ਵਿਰਵਾ ਰਹਿ ਜਾਂਦਾ ਹੈ। ਅਮਰੀਕੀ ਰਾਜਨੀਤਕ ਕਾਰਕੁੰਨ ਰਾਲਫ ਨਾਦਰ ਨੇ ਕਿਹਾ ਹੈ,"ਅਗਵਾਈ ਦਾ ਕੰਮ ਹੋਰ ਜ਼ਿਆਦਾ ਨੇਤਾ ਵਿਕਸਤ ਕਰਨਾ ਹੁੰਦਾ ਹੈ, ਪੈਰੋਕਾਰ ਨਹੀਂ।" ਵੰਸ਼ਵਾਦੀ ਰਾਜਨੀਤੀ ਵਿੱਚ ਤਾਂ ਸਿਰਫ਼ 'ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ' ਦੇਣ ਵਾਲੀ ਗੱਲ ਹੀ ਹੁੰਦੀ ਰਹਿੰਦੀ ਹੈ। ਵੰਸ਼ਵਾਦੀ ਨੇਤਾ ਪਛਾਣ ਦੀ ਸਿਆਸਤ ਕਰਦੇ ਹਨ, ਭਾਵੇਂ ਇਸ ਦੇ ਲਈ ਕੌਮੀ ਹਿੱਤਾਂ ਨੂੰ ਹੀ ਕਿਉਂ ਨਾ ਤਿਲਾਂਜਲੀ ਦੇਣੀ ਪਵੇ।

ਸਹਿਮਤੀ ਦੇ ਸੁਰ ਸੌੜੇ ਹਿੱਤਾਂ ਦੇ ਮੱਕੜਜਾਲ਼ ਵਿੱਚ ਦਮ ਤੋੜ ਦਿੰਦੇ ਹਨ। ਇਹ ਸਿਲਸਿਲਾ ਟੁੱਟਣਾ ਚਾਹੀਦਾ ਹੈ। ਬਦਲਾਅ ਦੀ ਰਾਜਨੀਤੀ ਨੂੰ ਵੱਡੇ ਪੱਧਰ 'ਤੇ ਹੁਲਾਰਾ ਮਿਲਣਾ ਚਾਹੀਦਾ ਹੈ। ਕੌਮੀ ਹਿੱਤਾਂ ਲਈ ਸੌੜੇ ਸਵਾਰਥਾਂ ਦੀ ਅਣਦੇਖੀ ਕੀਤੀ ਜਾਣੀ ਚਾਹੀਦੀ ਹੈ।

(ਬਾਕੀ ਸਫ਼ਾ 31 'ਤੇ)

# ਅ.ਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਦੁਵੱਲੇ ਸਬੰਧਾਂ 'ਚ ਆਇਆ ਤਣਾਓ



ਦਿਵਯ ਕੁਮਾਰ ਸੋਤੀ
(ਲੇਖਕ ਕੌਂਸਲ ਆਫ਼ ਸਟ੍ਰੈਟੇਜਿਕ ਅਫ਼ੇਅਰਸ ਨਾਲ ਸਬੰਧ ਰਣਨੀਤਕ ਵਿਸ਼ਲੇਸ਼ਕ ਹਨ)

ਅਫ਼ਗਾਨਿਸਤਾਨ-ਪਾਕਿਸਤਾਨ ਦੀ ਸਰਹੱਦ 'ਤੇ ਇਨ੍ਹੀਂ ਦਿਨੀਂ ਮੁੜ ਤਣਾਅ ਪੱਸਰਿਆ ਹੋਇਆ ਹੈ। ਸਰਹੱਦ 'ਤੇ ਹੋ ਰਹੀਆਂ ਹਿੰਸਕ ਝੜਪਾਂ 'ਚ ਦਰਜਨਾਂ ਲੋਕ ਮਾਰੇ ਜਾ ਚੁੱਕੇ ਹਨ। ਇਹ ਝੜਪਾਂ ਤਦ ਸ਼ੁਰੂ ਹੋਈਆਂ ਜਦ ਪਿਛਲੇ ਹਫ਼ਤੇ ਪਾਕਿਸਤਾਨ ਨੇ ਅਫ਼ਗਾਨਿਸਤਾਨ ਅੰਦਰ ਹਵਾਈ ਹਮਲੇ ਕੀਤੇ। ਤਾਲਿਬਾਨ ਦਾ ਕਹਿਣਾ ਹੈ ਕਿ ਇਨ੍ਹਾਂ ਹਵਾਈ ਹਮਲਿਆਂ 'ਚ 46 ਲੋਕ ਮਾਰੇ ਗਏ ਜਿਨ੍ਹਾਂ 'ਚ ਔਰਤਾਂ ਤੇ ਬੱਚੇ ਸ਼ਾਮਲ ਹਨ। ਪਾਕਿਸਤਾਨ ਦਾ ਦੋਸ਼ ਹੈ ਕਿ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਪਾਕਿਸਤਾਨ 'ਚ ਅੱਤਵਾਦੀ ਹਮਲੇ ਕਰਨ ਵਾਲੇ ਤਹਿਰੀਕ ਏ ਤਾਲਿਬਾਨੀ ਭਾਵ ਟੀਟੀਪੀ ਨੂੰ ਸ਼ਹਿ ਦੇ ਰਹੀ ਹੈ ਤੇ ਇਹ ਸੰਗਠਨ ਉਥੋਂ ਪਾਕਿਸਤਾਨ 'ਚ ਆਪਣੀ ਸਰਗਰਮੀਆਂ ਸੰਚਾਲਿਤ ਕਰਦਾ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਇਨ੍ਹਾਂ ਹਮਲਿਆਂ 'ਚ ਉਸ ਨੇ ਟੀ.ਟੀ.ਪੀ. ਦੇ ਟਿਕਾਣਿਆਂ ਨੂੰ ਹੀ ਨਿਸ਼ਾਨਾ ਬਣਾਇਆ ਹੈ। ਉਸ ਨੇ ਇਹ ਵੀ ਕਿਹਾ ਕਿ ਤਾਲਿਬਾਨ ਸਰਕਾਰ ਤੋਂ ਕਈ ਵਾਰ ਟੀ.ਟੀ.ਪੀ. ਦੇ ਅੱਤਵਾਦੀ ਕੈਂਪਾਂ 'ਤੇ ਕਾਰਵਾਈ ਦੀ ਬੇਨਤੀ 'ਤੇ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਆਖ਼ਰ ਖ਼ੁਦ ਪਾਕਿਸਤਾਨੀ ਫ਼ੌਜ ਨੂੰ ਹੀ ਕਾਰਵਾਈ ਕਰਨੀ ਪਈ ਤੇ ਇਹ ਹਮਲੇ ਕੀਤੇ ਗਏ।ਇਹ ਪਾਕਿਸਤਾਨ ਦਾ ਹੀ ਸੁਪਨਾ ਸੀ ਕਿ ਇੱਕ ਦਿਨ ਅਫ਼ਗਾਨਿਸਤਾਨ 'ਚ ਤਾਲਿਬਾਨ ਦਾ ਸ਼ਾਸਨ ਆਏ ਤੇ ਇਸ ਲਈ ਉਸ ਨੇ ਹਰ ਚਾਲ ਚੱਲੀ। ਇੱਥੇ ਤੱਕ ਕਿ ਅਮਰੀਕਾ ਨੂੰ ਵੀ ਲਗਪਗ ਦੋ ਦਹਾਕਿਆਂ ਤੱਕ ਧੋਖਾ ਦਿੱਤਾ। ਹੁਣ ਕਾਬੁਲ 'ਚ ਤਾਲਿਬਾਨ ਸਰਕਾਰ ਹੈ ਤਾਂ ਪਾਕਿਸਤਾਨ ਦੀ ਉਸ ਨਾਲ ਬਣ ਨਹੀਂ ਰਹੀ ਹੈ ਕਿਉਂਕਿ ਤਾਲਿਬਾਨੀ ਆਗੂ ਪਾਕਿਸਤਾਨ ਦੇ ਇਸ਼ਾਰਿਆਂ 'ਤੇ ਨੱਚਣ ਲਈ ਤਿਆਰ ਨਹੀਂ ਹਨ।



ਪਾਕਿਸਤਾਨੀ ਰਣਨੀਤੀਕਾਰਾਂ ਨੇ ਅਫ਼ਗਾਨਿਸਤਾਨ ਦੀ ਸਿਆਸਤ ਨੂੰ ਸਮਝਣ 'ਚ ਇਕ ਮੁੱਢਲੀ ਗ਼ਲਤੀ ਕੀਤੀ। ਪਾਕਿਸਤਾਨ ਦੇ ਨਿਰਮਾਣ ਤੋਂ ਬਾਅਦ ਤੋਂ ਅਫ਼ਗਾਨਿਸਤਾਨ 'ਚ ਰਾਜਸ਼ਾਹੀ, ਸੋਵੀਅਤ ਸਮਰਥਤ ਕਮਿਊਨਿਸਟ ਸਰਕਾਰਾਂ ਤੇ ਤਾਲਿਬਾਨ ਦੀਆਂ ਇਸਲਾਮਿਕ ਸਰਕਾਰਾਂ ਰਹੀਆਂ ਹਨ, ਪਰ ਕਿਸੇ ਨੇ ਵੀ ਅੰਗਰੇਜ਼ਾਂ ਵੱਲੋਂ ਖਿੱਚੀ ਗਈ ਡੂਰੰਡ ਰੇਖਾ ਨੂੰ ਮਾਨਤਾ ਨਹੀਂ ਦਿੱਤੀ ਡੂਰੰਡ ਰੇਖਾ ਹੀ ਮੌਜੂਦਾ ਪਾਕਿਸਤਾਨ-ਅਫ਼ਗਾਨਿਸਤਾਨ ਦੀ ਸਰਹੱਦ ਹੈ। ਇਸ ਨੂੰ ਮਾਨਤਾ ਨਾ ਦੇਣ ਦੇ ਪਿੱਛੇ ਕਾਰਨ ਇਹ ਹੈ ਕਿ ਇਹ ਰੇਖਾ ਪਸ਼ਤੂਨ (ਪਖ਼ਤੂਨ) ਇਲਾਕਿਆਂ ਨੂੰ ਦੋ ਹਿੱਸਿਆਂ 'ਚ ਵੰਡਦੀ ਹੈ, ਜਿਸ ਦੇ ਕਾਰਨ ਚਾਰ ਕਰੋੜ ਪਸ਼ਤੂਨਾਂ ਨੂੰ ਪਾਕਿਸਤਾਨ ਦੇ ਸ਼ਾਸਨ 'ਚ ਰਹਿਣਾ ਪੈ ਰਿਹਾ ਹੈ। ਜਦਕਿ ਉਹ ਸੁਭਾਵਿਕ ਤੌਰ 'ਤੇ ਅਫ਼ਗਾਨਿਸਤਾਨ ਨਾਲ ਜੁੜਾਅ ਮਹਿਸੂਸ ਕਰਦੇ ਹਨ।

ਇਸ ਕਬਿਲਾਈ ਭਾਵਨਾ ਨੂੰ ਦੱਬਣ ਲਈ ਹੀ ਪਾਕਿਸਤਾਨ ਨੇ ਇਸਲਾਮਿਕ ਕੱਟੜਵਾਦ ਨੂੰ ਹਵਾ ਦਿੱਤੀ। ਆਪਣੇ ਕਬਜ਼ੇ ਵਾਲੇ ਪਸ਼ਤੂਨ ਇਲਾਕਿਆਂ 'ਚ ਸੈਂਕੜੇ ਮਦਰਸੇ ਸਥਾਪਿਤ ਕਰ ਪਾਕਿਸਤਾਨੀ ਫ਼ੌਜ ਨੇ ਹੀ ਤਾਲਿਬਾਨ ਨੂੰ ਖੜ੍ਹਾ ਕੀਤਾ। 9/11 ਤੋਂ ਬਾਅਦ ਪਾਕਿਸਤਾਨ ਨੇ ਤਾਲਿਬਾਨੀ ਆਗੂਆਂ ਨੂੰ ਪਾਕਿਸਤਾਨ 'ਚ ਆਪਣੀ ਸੁਰੱਖਿਆ 'ਚ ਇਹ ਕਹਿ ਕੇ ਰੱਖਿਆ ਕਿ ਉਹ ਉਨ੍ਹਾਂ ਨੂੰ ਅਮਰੀਕਾ ਤੋਂ ਬਚਾਉਣਾ ਚਾਹੁੰਦਾ ਹੈ। ਪਾਕਿਸਤਾਨ ਨੇ ਉਨ੍ਹਾਂ ਰਾਹੀਂ ਅਫ਼ਗਾਨਿਸਤਾਨ 'ਚ ਅਮਰੀਕੀ ਫ਼ੌਜ 'ਤੇ ਹਮਲੇ ਕਰਵਾਏ ਤੇ ਅਮਰੀਕੀ ਦਬਾਅ ਪੈਣ 'ਤੇ ਕਈ ਤਾਲਿਬਾਨ ਆਗੂਆਂ ਨੂੰ ਡਾਲਰਾਂ ਦੇ ਬਦਲੇ ਅਮਰੀਕਾ ਦੇ ਹਵਾਲੇ ਕਰ ਦਿੱਤਾ, ਜਿੱਥੇ ਉਨ੍ਹਾਂ ਨੂੰ ਸਾਲਾਂ ਤੱਕ ਗਵਾਂਤਾਨਾਮੋ ਬੇ ਜੇਲ੍ਹ 'ਚ ਅਣਮਨੁੱਖੀ ਤਸੀਹੇ ਸਹਿਣੇ ਪਏ। ਇਸ ਲਈ ਸਾਰੇ ਤਾਲਿਬਾਨੀ ਮੌਲਾਨਾ ਮਨ ਹੀ ਮਨ 'ਚ ਪਾਕਿਸਤਾਨੀ ਜਨਰਲਾਂ ਨਾਲ ਨਫ਼ਰਤ ਕਰਦੇ ਹਨ। ਗਵਾਂਤਾਨਾਮੋ ਬੇ ਜੇਲ੍ਹ 'ਚ ਚਾਰ ਸਾਲ ਬਿਤਾਉਣ ਵਾਲੇ ਅਜਿਹੇ ਹੀ ਤਾਲਿਬਾਨ ਨੇਤਾ ਮੁੱਲਾ ਜਈਫ਼ ਨੇ ਆਪਣੀ ਸਵੈਜੀਵਨੀ 'ਮਾਈ ਲਾਈਫ਼ ਵਿਦ ਤਾਲਿਬਾਨ' 'ਚ ਪਾਕਿਸਤਾਨ ਨੂੰ ਵਿਸ਼ਵਾਸਘਾਤੀ ਦੱਸਦੇ ਹੋਏ ਉਸ ਦੀ ਪੋਲ ਖੋਲ੍ਹੀ ਹੈ। ਪਾਕਿਸਤਾਨ ਦੀ ਧੋਖੇਬਾਜ਼ੀ ਨੂੰ ਦੇਖ ਕੇ ਹੀ ਤਾਲਿਬਾਨ ਨੇ ਅਮਰੀਕਾ ਨਾਲ ਸਿੱਧਾ ਸੰਪਰਕ ਕੀਤਾ ਤੇ ਅਮਰੀਕੀ ਫ਼ੌਜ ਇਕਦਮ ਅਫ਼ਗਾਨਿਸਤਾਨ ਨੂੰ ਤਾਲਿਬਾਨ ਦੇ ਹਵਾਲੇ ਕਰ ਕੇ ਉਥੋਂ ਚਲੀ ਗਈ। ਇਸ ਕਾਰਨ ਪਾਕਿਸਤਾਨ ਦੀ ਦੋਹਰੀ ਖੇਡ ਬੰਦ ਹੋ ਗਈ ਤੇ ਅਮਰੀਕਾ ਤੋਂ ਅੱਤਵਾਦ ਖ਼ਿਲਾਫ਼ ਜੰਗ ਦੇ ਨਾਂ 'ਤੇ ਆਉਣ ਵਾਲੇ ਅਰਬਾਂ ਡਾਲਰ ਦੇ ਪੈਕਜ ਬੰਦ ਹੋ ਗਏ। ਇਸ ਕਾਰਨ ਹੁਣ ਪਾਕਿਸਤਾਨ ਦੀ ਆਰਥਕ ਸਥਿਤੀ ਖ਼ਸਤਾਹਾਲ ਹੈ।ਹੁਣ ਅਫ਼ਗਾਨਿਸਤਾਨ 'ਚ ਤਾਲਿਬਾਨ ਦੀ ਕੱਟੜਪੰਥੀ ਇਸਲਾਮਿਕ ਸਰਕਾਰ ਹੈ। ਤਾਲਿਬਾਨ ਨੂੰ ਲਗਦਾ ਹੈ ਕਿ ਅਸਲੀ ਇਸਲਾਮ ਤਾਂ ਉਹੀ ਜਿਊਂਦੇ ਹਨ ਤੇ ਉਹ ਸ਼ਰੀਅਤ ਮੁਤਾਬਕ ਚੱਲ ਰਹੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਅਮਰੀਕੀਆਂ ਦੇ ਨਾਲ ਸ਼ਰਾਬ ਪੀਣ ਵਾਲੇ ਪਾਕਿਸਤਾਨੀ ਜਨਰਲ ਇਸਲਾਮਿਕ ਨਜ਼ਰੀਏ ਤੋਂ ਉਨ੍ਹਾਂ ਤੋਂ ਬਹੁਤ ਹੇਠਾਂ ਹਨ। ਤਾਲਿਬਾਨੀ ਮੌਲਵੀਆਂ ਨੂੰ ਲਗਦਾ ਹੈ ਕਿ ਪਾਕਿਸਤਾਨੀ ਜਨਰਲਾਂ ਨੂੰ ਉਨ੍ਹਾਂ ਦੇ ਮਾਰਗਦਰਸ਼ਨ 'ਚ ਚੱਲਣਾ ਚਾਹੀਦਾ ਹੈ, ਨਾ ਕਿ ਉਹ ਤਾਲਿਬਾਨ ਨੂੰ ਆਪਣੀ ਕਠਪੁਤਲੀ ਬਣਾਉਣ ਦੀ ਕੋਸ਼ਿਸ਼ ਕਰਨ। ਉਹ ਗੁਆਂਢੀ ਇਰਾਨ ਦੇ ਸ਼ੀਆ ਕਠਮੁੱਲਾ ਸ਼ਾਸਨ ਦੇ ਸੁੰਨੀ ਬਦਲ ਦਾ ਸੁਪਨਾ ਪਾਲਦੇ ਹਨ, ਜਿਸ 'ਚ ਇੱਕ ਇਸਲਾਮਿਕ ਧਰਮ ਗੁਰੂ ਆਯਤੁੱਲਾ ਖਾਮੇਨੇਈ ਸਰਬਉੱਚ ਆਗੂ ਹਨ ਤੇ ਸਰਕਾਰ ਤੋਂ ਲੈ ਕੇ ਫ਼ੌਜ ਤੱਕ ਉਨ੍ਹਾਂ ਦਾ ਹੀ ਹੁਕਮ ਮੰਨਦੀ ਹੈ।ਟੀ.ਟੀ.ਪੀ. ਦੇ ਰੂਪ 'ਚ ਤਾਲਿਬਾਨ ਦੇ ਕੋਲ ਇੱਕ ਹਥਿਆਰ ਵੀ ਹੈ, ਜਿਸ ਰਾਹੀਂ ਪਾਕਿਸਤਾਨ ਵੱਲੋਂ ਉਸ ਨੂੰ ਬਲੈਕਮੇਲ ਕਰਨ ਜਾਂ ਉਸ 'ਤੇ ਦਬਾਅ ਬਣਾਉਣ ਦੀ ਸਥਿਤੀ 'ਚ ਉਹ ਪਾਕਿਸਤਾਨ ਦੀ ਅੰਦਰੂਨੀ ਸੁਰੱਖਿਆ ਨੂੰ ਵੀ ਖ਼ਤਰੇ 'ਚ ਪਾ ਸਕਦਾ ਹੈ।

(ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਕਿਵੇਂ ਹੋਵੇ ਖੇਤੀ ਆਧਾਰਿਤ ਸਨਅਤਾਂ ਦਾ ਵਿਕਾਸ ?

**ਡਾ. ਸ. ਸ. ਛੀਨਾ**



ਸੁਤੰਤਰਤਾ ਤੋਂ ਪਹਿਲਾਂ ਪੰਜਾਬ ਭਾਵੇਂ ਖੇਤੀ ਵਿੱਚ ਸਭ ਪ੍ਰਾਂਤਾਂ ਤੋਂ ਵਿਕਸਤ ਪ੍ਰਾਂਤ ਸੀ ਪਰ ਇੱਥੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਖੇਤੀ ਵਸਤਾਂ ਨਹੀਂ ਸਗੋਂ ਉਦਯੋਗਿਕ ਵਸਤੂਆਂ ਸਨ। ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਇਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ। ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ।

ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿੱਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਲ ਤੋਂ 1200 ਕਿੱਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਆਂ ਨੂੰ ਆਧੁਨਿਕ ਸਮੇਂ ਵਿੱਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਾਂ ਦਾ ਉਦਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ। ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿੱਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ਼ ਖੇਤੀ 'ਤੇ ਹੀ ਰਹਿ ਗਈ।

ਭਾਵੇਂ ਪੰਜਾਬ ਖੇਤੀ ਵਿੱਚ ਸਿਰਫ਼ ਭਾਰਤ ਦਾ ਹੀ ਨਹੀਂ, ਦੁਨੀਆਂ ਭਰ 'ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿੱਚ 60 ਫ਼ੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿੱਚ 19 ਫ਼ੀਸਦੀ, ਝੋਨੇ ਵਿੱਚ 11 ਅਤੇ ਕਪਾਹ ਵਿੱਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆਂ ਭਰ ਵਿੱਚ ਪੈਦਾ ਹੋਣ ਵਾਲੀ ਕਣਕ ਵਿੱਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿੱਚ 2.5% ਅਤੇ ਕਪਾਹ ਵਿੱਚ 1.2 ਫ਼ੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿੱਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿੱਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਤੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ 'ਤੇ ਖ਼ਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦਾ ਵਧਦਾ ਗਿਆ ਅਤੇ ਹੋਰ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ। ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ।

ਇੱਥੇ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿੱਚ ਵਿਕਦੇ ਹਨ ਅਤੇ ਇਸ ਤਰ੍ਹਾਂ ਹੀ ਅਦਰਕ ਤੇ ਹੋਰ ਫ਼ਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿੱਚ ਪੰਦਰਵੇਂ ਸਥਾਨ 'ਤੇ ਹੈ ਅਤੇ ਪੰਜਾਬ ਤੋਂ ਇੱਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿੱਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿੱਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿੱਚ ਪੰਜਾਬ ਦਾ 80 ਫ਼ੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਵਿੱਚ ਇੱਕ ਉਹ ਫ਼ਸਲ ਹੈ ਜਿਹੜੀ ਸਿਰਫ਼ ਪੰਜਾਬ (ਭਾਰਤ) ਵਿੱਚ ਅਤੇ ਪਾਕਿਸਤਾਨ ਵਿੱਚ ਹੀ ਪੈਦਾ ਕੀਤੀ ਜਾਂਦੀ ਹੈ।

ਬਾਹਰਲੇ ਦੇਸ਼ਾਂ ਵਿੱਚ ਬਾਸਮਤੀ ਦੀ ਇੰਨੀ ਮੰਗ ਹੈ ਕਿ ਉਹ ਕਈ ਵਾਰ ਪੂਰੀ ਵੀ ਨਹੀਂ ਹੁੰਦੀ ਪਰ ਪੰਜਾਬ ਵਿੱਚ ਬਾਸਮਤੀ ਦੀ ਫ਼ਸਲ ਲਈ ਖੇਤਰ ਵਿੱਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿੱਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿੱਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਸੀ ਹੋ ਰਹੀ ਅਤੇ ਅਖ਼ੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ 'ਤੇ ਵਿਕ ਸਕਦੇ ਹਨ। ਭਾਰਤ ਵਿੱਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ।

ਪੰਜਾਬ ਦਾ ਉਦਯੋਗੀਕਰਨ ਹੋਣਾ ਚਾਹੀਦਾ ਹੈ ਕਿਉਂ ਜੋ ਉਦਯੋਗੀਕਰਨ ਤੋਂ ਬਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬ ਤੋਂ ਉਦਯੋਗਿਕ ਵਸਤਾਂ ਦਾ ਨਿਰਯਾਤ ਵੀ ਹੋਣਾ ਚਾਹੀਦਾ ਹੈ। ਕਿਸੇ ਵੇਲੇ ਲੁਧਿਆਣੇ ਦੀ ਹੌਜਰੀ ਦਾ ਭਾਰਤ ਦੇ ਹੌਜਰੀ ਨਿਰਯਾਤ ਵਿੱਚ 95 ਫ਼ੀਸਦੀ ਹਿੱਸਾ ਸੀ।

ਆਸਟ੍ਰੇਲੀਆ, ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਤਿਆਰ ਕਰ ਕੇ ਉਨ੍ਹਾਂ ਦਾ ਨਿਰਯਾਤ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਹੁੰਦਾ ਸੀ। ਪਰ ਨਿਰਯਾਤ ਤੁਲਨਾਤਮਕ ਲਾਗਤ ਦੇ ਸਿਧਾਂਤ 'ਤੇ ਹੁੰਦਾ ਸੀ ਜਿਸ ਦਾ ਅਰਥ ਹੈ ਕਿ ਜਿਹੜੀ ਚੀਜ਼ ਬਾਹਰੋਂ ਤੁਲਨਾਤਮਕ ਤੌਰ 'ਤੇ ਸਸਤੀ ਮਿਲਦੀ ਹੈ, ਉਹ ਲੈ ਲਓ ਅਤੇ ਜਿਸ ਵਸਤੂ ਨੂੰ ਤੁਲਨਾਤਮਕ ਲਾਗਤ 'ਤੇ ਆਪਣੇ ਦੇਸ਼ ਵਿੱਚ ਸਸਤਾ ਬਣਾਇਆ ਜਾ ਸਕਦਾ ਹੈ, ਉਸ ਦਾ ਨਿਰਯਾਤ ਕਰੋ।

ਉਸ ਵਸਤ ਦਾ ਨਿਰਯਾਤ ਕਿਤੇ ਸਸਤਾ ਪੈਂਦਾ ਹੈ ਜਿਹੜੀ ਆਪਣੇ ਦੇਸ਼ ਵਿੱਚ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿੱਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ।

ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ 86 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿੱਚ ਸਿਰਫ਼ 12 ਫ਼ੀਸਦੀ ਵਸਤਾਂ ਤਿਆਰ ਕਰਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿੱਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇੱਕ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿੱਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿੱਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿੱਚ ਇੱਕ ਵੱਡੀ ਰੁਕਾਵਟ ਹੈ।


ਹਰ ਉੱਦਮੀ ਇਸ ਗੱਲ ਲਈ ਸੁਚੇਤ ਹੈ ਕਿ ਉਸ ਵੱਲੋਂ ਲਾਈ ਪੂੰਜੀ ਸਾਲ ਦਾ ਜ਼ਿਆਦਾ ਸਮਾਂ ਆਪਣੇ ਕੰਮ ਵਿੱਚ ਲੱਗੀ ਰਹੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਉਸ ਲਈ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਉਹ ਫ਼ਸਲ ਜਾਂ ਕੱਚਾ ਮਾਲ ਮਿਲਦਾ ਹੈ। ਖੇਤੀ ਇੱਕ ਮੌਸਮੀ ਧੰਦਾ ਹੈ। ਹਰ ਫ਼ਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿੱਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫ਼ਸਲ ਦੇ ਅਨੁਕੂਲ ਹੈ।

ਪੰਜਾਬ ਵਿੱਚ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿੱਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿੱਚ ਨਹੀਂ। ਇਸ ਤਰ੍ਹਾਂ ਹੋਰ ਫ਼ਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖ਼ਰੀਦੀਆਂ ਜਾਂਦੀਆਂ ਹਨ। ਫ਼ਸਲਾਂ ਦੀ ਬਿਜਾਈ ਲਈ ਕੇਂਦਰ ਤੇ ਪ੍ਰਾਂਤ ਦੀ ਅਪਣਾਈ ਜਾਂਦੀ ਨੀਤੀ ਦੀ ਵੱਡੀ ਭੂਮਿਕਾ ਹੈ। ਜੇ ਇਨ੍ਹਾਂ ਫ਼ਸਲਾਂ ਨੂੰ ਵੀ ਸਰਕਾਰ ਵੱਲੋਂ ਅਪਣਾਈ ਕਣਕ ਅਤੇ ਝੋਨੇ ਵਾਂਗ ਯਕੀਨੀ ਮੰਡੀਕਰਨ ਦਾ ਭਰੋਸਾ ਮਿਲ ਜਾਵੇ ਤਾਂ ਇਨ੍ਹਾਂ ਵਿਚ ਵੀ ਉਹੋ ਜਿਹੇ ਹੈਰਾਨਕੁੰਨ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਕਣਕ, ਝੋਨੇ ਵਿੱਚ ਕੀਤੇ ਗਏ ਹਨ। ਇਨ੍ਹਾਂ ਫ਼ਸਲਾਂ ਬਾਰੇ ਖੋਜ ਹੀ ਨਹੀਂ ਕੀਤੀ ਗਈ।

**(ਬਾਕੀ ਸਫ਼ਾ 31 'ਤੇ)**


DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



# ਆਪਸੀ ਸਾਂਝ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ ਨੇ ਵਿਆਹ ਦੇ ਰਸਮੋ-ਰਿਵਾਜ

ਡਾ ਸੰਦੀਪ ਘੰਡ

ਪੰਜਾਬ ਵਿੱਚ ਵਿਆਹ ਦੇ ਰਸਮ ਰਿਵਾਜਾਂ ਦੀ ਗੱਲ ਕਰੀਏ ਤਾਂ 1965-70 ਤੋਂ 1992 ਤੱਕ ਵਿਆਹ ਦੇ ਮਾਹਨੇ ਕੁਝ ਵੱਖਰੇ ਹੁੰਦੇ ਸਨ। ਉਸ ਸਮੇਂ ਪਰਿਵਾਰਕ ਬਰਾਬਰੀ, ਸਮਾਜਿਕ ਸਦਭਾਵਨਾ, ਲੰਮੇ ਸਮੇਂ ਤੋਂ ਪਰਿਵਾਰਾਂ ਦੀ ਦੋਸਤੀ ਆਪਣੀ ਜਾਤ ਭਾਈਚਾਰਾ, ਸਮਾਨ ਰੀਤੀ ਰਿਵਾਜ, ਸਮਾਜਿਕ ਅਤੇ ਆਰਥਿਕ ਸਥਿਤੀ ਆਦਿ ਕਾਰਨਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਸੀ। ਉਸ ਸਮੇਂ ਲੜਕਾ/ਲੜਕੀ ਦਾ ਇਕ ਦੂਜੇ ਨੂੰ ਜਾਨਣਾ ਤਾਂ ਦੂਰ ਇੱਕ ਦੂਜੇ ਨੂੰ ਦੇਖਿਆ ਵੀ ਨਹੀਂ ਸੀ ਹੁੰਦਾ। ਦੋ ਅਣਜਾਣ ਵਿਅਕਤੀ ਮਿਲ ਕੇ ਇੱਕ ਮਜ਼ਬੂਤ ਅਤੇ ਸਥਾਈ ਬੰਧਨ ਦੀ ਰਚਨਾ ਕਰਦੇ ਸਨ। ਸਮੇਂ ਦੇ ਬਦਲਣ ਨਾਲ ਨੱਬੇ ਦੇ ਦਹਾਕੇ ਵਿੱਚ ਲੜਕਾ/ਲੜਕੀ ਨੂੰ ਦੇਖਣ ਦਾ ਰੁਝਾਨ ਸ਼ੁਰੂ ਹੋਇਆ ਪਰ ਉਸ ਸਮੇਂ ਵੀ ਮੁੱਖ ਤੌਰ ’ਤੇ ਪਰਿਵਾਰ ਹੀ ਭਾਰੂ ਹੁੰਦਾ ਸੀ। ਲੜਕੀ ਕਿੰਨੀ ਵੀ ਚੰਗੀ ਹੋਵੇ ਉਸ ਨੂੰ ਇਸ ਦੇਖਣ ਦੀ ਅਜ਼ਮਾਇਸ਼ ਵਿੱਚੋਂ ਲੰਘਣਾ ਪੈਂਦਾ ਸੀ। ਸਮਾਂ ਫਿਰ ਬਦਲਿਆ ਅਤੇ ਕੁੜੀਆਂ ਲਈ ਸਿੱਖਿਆ ਦੇ ਨਵੇਂ ਨਵੇਂ ਦਰ ਖੁੱਲ੍ਹਣ ਲੱਗੇ। ਵਰਤਮਾਨ ਵਿੱਚ ਪਰਿਵਾਰਕ ਪਿਛੋਕੜ ਬਾਰੇ ਵਿਚਾਰ ਲਗਪਗ ਜ਼ੀਰੋ ਹੋ ਗਿਆ। ਜ਼ਿਆਦਾਤਰ ਨੌਜਵਾਨ ਆਪਣੇ ਜੀਵਨ ਸਾਥੀ ਦੀ ਚੋਣ ਆਪਣੇ ਪੜ੍ਹਨ ਦੀ ਥਾਂ ਜਾਂ ਕੰਮ ਵਾਲੀ ਥਾਂ ’ਤੇ ਸਹਿਕਰਮੀ ਵਜੋਂ ਕੰਮ ਕਰਨ ਵਾਲਿਆਂ ’ਚ ਹੀ ਕਰ ਲੈਂਦੇ ਹਨ। ਇਸ ਵਿੱਚ ਜ਼ਿਆਦਾਤਰ ਸਿੱਖਿਆ ਅਤੇ ਵਿਚਾਰਾਂ ਦੀ ਸਮਾਨਤਾ ਵਰਗੇ ਕਾਰਨ ਪ੍ਰਮੁੱਖ ਹੁੰਦੇ ਹਨ। ਨਵੇਂ ਅਤੇ ਅਣਜਾਣ ਰੀਤੀ ਰਿਵਾਜਾਂ ਨਾਲ ਜੁੜਨਾ ਇੱਕ ਦਿਲਚਸਪੀ ਦਾ ਵਿਸ਼ਾ ਹੁੰਦਾ। ਇਸ ਤੋਂ ਵੀ ਅੱਗੇ ਨੌਜਵਾਨ ਪੀੜ੍ਹੀ ਇਸ ਸਮੇਂ ਬਿਨਾਂ ਵਿਆਹ ਤੋਂ ਇੱਕ ਦੂਜੇ ਨਾਲ ਰਹਿ ਰਹੀ ਹੈ। ਜਿਸ ਨੂੰ ਲਿਵ ਇਨ ਰਿਲੇਸ਼ਨਸ਼ਿਪ ਕਿਹਾ ਜਾਂਦਾ ਹੈ। ਭਾਰਤੀ ਸੱਭਿਆਚਾਰ ਇਸ ਨੂੰ ਮਾਨਤਾ ਨਹੀਂ ਦਿੰਦਾ। ਦੂਜੇ ਪਾਸੇ ਅੱਜ ਪੱਛਮੀ ਦੇਸ਼ਾਂ ਦੇ ਲੋਕਾਂ ਨੇ ਸਮਾਜ ਦਾ ਬੇੜਾ ਗਰਕ ਕਰਨ ਦਾ ਬੀੜਾ ਚੁੱਕਿਆ ਹੋਇਆ ਅਤੇ ਹੁਣ ਵਿਆਹ ਵਿੱਚ ਮਰਦ ਔਰਤ ਨਹੀਂ ਬਲਕਿ ਮਰਦ ਮਰਦ ਅਤੇ ਔਰਤ ਔਰਤ ਵੱਲ ਸਮਾਜ ਵੱਧ ਰਿਹਾ। ਜੋ ਬੇਹੱਦ ਖ਼ਤਰਨਾਕ ਰੁਝਾਨ ਹੈ। ਬੇਸ਼ੱਕ ਭਾਰਤੀ ਸੰਸਕ੍ਰਿਤੀ ਇਸ ਦੀ ਆਗਿਆ ਨਾ ਦੇਵੇ ਪਰ ਅਦਾਲਤਾਂ ਇਸ ਦੇ ਹੱਕ ਵਿੱਚ ਹਨ। ਇਸ ਲਈ ਭਾਰਤੀ ਸੱਭਿਆਚਾਰ ਅਨੁਸਾਰ ਰਸਮਾਂ ਰਿਵਾਜ ਉਸੇ ਤਰ੍ਹਾਂ ਕੀਤੇ ਜਾਂਦੇ ਬੇਸ਼ੱਕ ਅੱਜ ਭਾਵਨਾ ਉਹ ਨਹੀਂ ਰਹੀ।

### ਰੋਕਾ/ਮੰਗਣੀ

ਰੋਕਾ ਸ਼ਬਦ ਅੱਜ ਦੀ ਪੀੜ੍ਹੀ ਲਈ ਨਵਾਂ ਸ਼ਬਦ ਹੈ। ਪੁਰਾਣੇ ਸਮੇਂ ਵਿੱਚ ਆਮ ਤੌਰ ’ਤੇ ਵਿਚੋਲਾ ਹੀ ਵਿਆਹ ਨੂੰ ਸਿਰੇ ਚਾੜ੍ਹਦਾ ਸੀ ਅਤੇ ਜੇਕਰ ਦੋਹਾਂ ਧਿਰਾਂ ਨੂੰ ਮਨਜ਼ੂਰ ਹੁੰਦਾ ਸੀ ਤਾਂ ਵਿਚੋਲੇ ਰਾਹੀਂ ਹੀ ਰੋਕਾ ਕਰ ਦਿੱਤਾ ਜਾਂਦਾ ਸੀ। ਕਈ ਵਾਰ ਇਸ ਲਈ ਵਿਸ਼ੇਸ ਤੌਰ ’ਤੇ ਸਾਰੀ ਪੰਚਾਇਤ ਦੀ ਹਾਜ਼ਰੀ ਵਿੱਚ ਲੜਕੀ ਵਾਲੇ ਲੜਕੇ ਦੇ ਘਰੇ ਆਉਂਦੇ। ਲੜਕੇ ਨੂੰ ਸ਼ਗਨ ਦੇ ਕੇ ਰੋਕ ਲਿਆ ਜਾਂਦਾ ਹੈ ।

### ਚੂੜਾ ਚੜ੍ਹਾਉਣਾ

ਵਿਆਹ ਵਿੱਚ ਲੜਕੀ ਦੇ ਪਰਿਵਾਰ ਵੱਲੋਂ ਕੀਤੀ ਜਾਣ ਵਾਲੀ ਇਹ ਅਹਿਮ ਰਸਮ ਹੈ। ਚੂੜਾ ਆਮ ਲਾਲ ਰੰਗ ਦਾ ਹੁੰਦਾ ਪਰ ਕਈ ਲੋਕ ਚਿੱਟੇ ਰੰਗ ਦਾ ਚੂੜਾ ਵੀ ਪਹਿਣਦੇ ਹਨ। ਵਿਆਹ ਤੋਂ ਸਵਾ ਮਹੀਨੇ, ਸਵਾ ਸਾਲ ਤੱਕ ਵੀ ਇਸ ਨੂੰ ਵਧਾਇਆ ਨਹੀਂ ਜਾਂਦਾ। ਇਹ ਪਰਿਵਾਰ ਦੀ ਇੱਕ ਭਾਵਨਾਤਮਕ ਸਾਂਝ ਦਾ ਪ੍ਰਤੀਕ ਹੈ। ਆਮ ਤੌਰ ’ਤੇ ਚੂੜਾ ਲੜਕੀ ਦੇ ਮਾਮੇ ਵੱਲੋਂ ਲਿਆਂਦਾ ਜਾਂਦਾ ਜਿਸ ਕਾਰਣ ਇਹ ਪਰਿਵਾਰਾਂ ਦੀ ਭਾਵਨਾਤਮਕ ਸਾਂਝ ਦਾ ਪ੍ਰਤੀਕ ਵੀ ਹੈ। ਪਰ ਟੀਵੀ ਤੇ ਫਿਲਮਾਂ ਕਾਰਣ ਅੱਜਕੱਲ੍ਹ ਇਹ ਖ਼ਰਚੇ ਤੇ ਦਿਖਾਵੇ ਦਾ ਸਾਧਨ ਬਣ ਗਈ ਹੈ ।

### ਜਾਗੋ

ਵਿਆਹ ਵਿੱਚ ਜਾਗੋ ਦੀ ਰਸਮ ਅਹਿਮ ਰਸਮ ਹੈ। ਆਮ ਤੌਰ ’ਤੇ ਇਸ ਰਸਮ ਵਿੱਚ ਨਾਨਕਾ ਪਰਿਵਾਰ ਸ਼ਾਮਿਲ ਹੁੰਦਾ। ਪਹਿਲੇ ਸਮੇਂ ਵਿੱਚ ਜਾਗੋ ਦਾ ਮਕਸਦ ਪਿੰਡ ਵਿੱਚ ਵਿਆਹ ਦਾ ਸੰਦੇਸ਼ ਦੇਣਾ ਸੀ। ਪਿੰਡ ਵਿੱਚ ਆਪਣੇ ਭਾਈਚਾਰੇ ਦੇ ਲੋਕਾਂ ਵਿੱਚ ਜਾ ਕੇ ਹਾਸਾ ਮਜ਼ਾਕ ਕੀਤਾ ਜਾਂਦਾ। ਜਾਗੋ ਵਿੱਚ ਸ਼ਾਮਿਲ ਔਰਤਾਂ ਬਾਹਰ ਪਏ ਲੋਕਾਂ ਦੇ ਮੰਜੇ ਮੂਧੇ ਕਰ ਦਿੰਦੀਆਂ ਸੀ। ਉਸ ਸਮੇਂ ਕੋਈ ਵੀ ਗੁੱਸਾ ਨਹੀਂ ਸੀ ਕਰਦਾ। ਪਰ ਅੱਜ ਜਾਗੋ ਕੇਵਲ ਮੈਰਿਜ ਪੈਲੇਸ ਤੱਕ ਸੀਮਤ ਹੋ ਗਈ। ਵਿਆਹ ਵਾਲੇ ਗੀਤ ਦੀ ਥਾਂ ਡੀਜੇ ਨੇ ਲੈ ਲਈ ਹੈ। ਨਾਨਕਾ ਦਾਦਕਾ ਸਾਰਾ ਪਰਿਵਾਰ ਹੀ ਸ਼ਾਮਿਲ ਹੁੰਦਾ। ਇਸ ਮੌਕੇ ਨਾਨਕੇ ਪਰਿਵਾਰ ਵਾਲੇ ਬੋਲੀਆਂ ਪਾ ਕੇ ਛੱਜ ਭੰਨਦੇ ਹਨ। ਵਿਆਹ ਸਮੇਂ ਲਾੜੇ ਨੂੰ ਇਕੱਲਾ ਨਹੀਂ ਛੱਡਿਆ ਜਾਂਦਾ। ਲਾੜੇ ਨੂੰ ਘੱਟ ਬੋਲਣ ਤੇ ਜੇਕਰ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਉਹ ਸਰਵਾਲੇ ਨੂੰ ਕਹਿੰਦਾ। ਪਰ ਇਸ ਵਿੱਚ ਕਈ ਵਾਰ ਛੋਟੇ ਬੱਚੇ ਨੂੰ ਬਣਾ ਦਿੰਦੇ। ਸਰਵਾਲ੍ਹਾ ਲਾੜੇ ਦਾ ਸਭ ਤੋਂ ਨੇੜਲਾ ਭਰਾ ਜਾਂ ਦੋਸਤ ਹੁੰਦਾ ਸੀ, ਜੋ ਉਸ ਦੇ ਸਾਥੀ ਵਜੋਂ ਸਾਰੇ ਕਾਰਜਾਂ ਨੂੰ ਸੰਭਾਲਦਾ ਸੀ। ਸਰਵਾਲੇ ਦਾ ਕੰਮ ਜਾਂ ਡਿਊਟੀ ਕੇਵਲ ਆਨੰਦ ਕਾਰਜ ਜਾਂ ਫੇਰਿਆਂ ਤੱਕ ਹੁੰਦੀ।



### ਸਿਹਰਾ ਬੰਨ੍ਹਣਾ

ਸਿਹਰ ਬੰਨ੍ਹਣ ਦੀ ਰਸਮ ਲਾੜੇ ਦੀ ਸੁਰੱਖਿਆ ਅਤੇ ਅਸ਼ੀਰਵਾਦ ਦੇ ਪ੍ਰਤੀਕ ਵਜੋਂ ਕੀਤੀ ਜਾਂਦੀ ਹੈ। ਜਿਵੇਂ ਕਿਹਾ ਜਾਂਦਾ ਕਿ ਭੈਣਾਂ ਹਮੇਸ਼ਾ ਭਰਾ ਦੀ ਲੰਮੀ ਉਮਰ ਤੇ ਉਸ ਲਈ ਖੁਸ਼ੀਆਂ ਮੰਗਦੀ ਇਸ ਲਈ ਸਿਹਰਾ ਬੰਨ੍ਹਣ ਦੀ ਰਸਮ ਵੀ ਭੈਣਾਂ ਵੱਲੋਂ ਕੀਤੀ ਜਾਂਦੀ। ਭਰਾ ਵੱਲੋਂ ਸਾਰੀਆਂ ਭੈਣਾਂ ਨੂੰ ਪਿਆਰ ਵੱਜੋਂ ਕੋਈ ਗਿਫ਼ਟ ਜਾਂ ਸ਼ਗਨ ਦਿੱਤਾ ਜਾਂਦਾ। ਸਿਹਰੇ ਦਾ ਦੂਜਾ ਕਾਰਣ ਹੈ ਕਿ ਇਸ ਨਾਲ ਲਾੜਾ ਦੂਜਿਆਂ ਨਾਲੋਂ ਵਿਲੱਖਣ ਦਿੱਸਦਾ।

### ਘੋੜੀ ਚੜ੍ਹਨਾ

ਅੱਜ ਤੋਂ ਕੁਝ ਸਮਾਂ ਪਹਿਲਾਂ ਵਿਆਹ ਤੋਂ ਪਹਿਲਾਂ ਘੋੜੀ ਦੀ ਰਸਮ ਕੀਤੀ ਜਾਂਦੀ ਰਸਤੇ ਦੇ ਚੋਰਾਹੇ ਵਿਚ ਲਾੜੇ ਵੱਲੋਂ ਜੰਡੀ ਵੀ ਕੱਟੀ ਜਾਦੀ ਅਤੇ ਉਸ ਤੋਂ ਬਾਅਦ ਲਾੜੇ ਨੂੰ ਘਰ ਤੋਂ ਬਾਹਰ ਹੀ ਠਹਿਰਾਇਆ ਜਾਂਦਾ। ਇਸ ਤੋਂ ਬਾਦ ਲਾੜੇ ਦੀ ਮਾਂ ਬਹੂ ਦੇ ਆਉਣ ਤੱਕ ਲਾੜੇ ਨੂੰ ਨਹੀਂ ਮਿਲਦੀ। ਅੱਜ ਘੋੜੀ ਦੀ ਜਗ੍ਹਾ ਕਾਰਾਂ ਅਤੇ ਡੈਕੋਰੇਟਡ ਵਾਹਨਾਂ ਨੇ ਲੈ ਲਈ ਹੈ।

### ਸਿਹਰਾ ਬੋਲਣਾ/ਗਾਉਣਾ

ਇਹ ਰਸਮ ਵਿਆਹ ਤੋਂ ਇਕ ਦਿਨ ਪਹਿਲਾਂ ਘੋੜੀ ਸਮੇਂ ਕੀਤੀ ਜਾਂਦੀ।ਕਈ ਵਾਰ ਇਹ ਸਿਹਰਾ ਕੋਈ ਪ੍ਰਮਾਣਿਤ ਗਾਇਕ ਬੋਲਦਾ ਸੀ।ਪਰ ਹੌਲੀ-ਹੌਲੀ ਇਹ ਪ੍ਰਥਾ ਵੀ ਬਿਲਕੁਲ ਬੰਦ ਹੋ ਗਈ। ਇਹ ਰਸਮ ਮੰਗਲਕਾਮਨਾ ਲਈ ਹੁੰਦੀ ਹੈ। ਇਸ ’ਚ ਦੂਲਹੇ ਦੀ ਪ੍ਰਸੰਸਾ ਕੀਤੀ ਜਾਂਦੀ ਹੈ।

### ਫੇਰੇ/ਅਨੰਦ ਕਾਰਜ

ਵਿਆਹ ਦੀ ਰਸਮ ਫੇਰਿਆਂ ਜਾਂ ਅਨੰਦ ਕਾਰਜ ਨਾਲ ਸੰਪੂਰਨ ਹੁੰਦੀ ਹੈ।ਫੇਰੇ ਅਤੇ ਅਨੰਦ ਕਾਰਜ ਤੋਂ ਬਾਦ ਹੀ ਵਿਆਹ ਨੂੰ ਸਮਾਜਿਕ ਅਤੇ ਕਾਨੂੰਨੀ ਮਾਨਤਾ ਮਿਲਦੀ ਹੈ।ਫੇਰਿਆਂ ’ਚ ਅਗਨੀ ਦੀ ਪਰਿਕ੍ਰਮਾ ਕਰਦਿਆਂ ਪਤੀ-ਪਤਨੀ ਸੱਤ ਵਚਨ ਲੈਂਦੇ ਹਨ। ਸਿੱਖ ਪੰਥ ’ਚ ਅਨੰਦ ਕਾਰਜ ਅਨੁਸਾਰ ਵਿਆਹ ਕੀਤਾ ਜਾਂਦਾ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ’ਚ ਲਾਵਾਂ ਦਾ ਪਾਠ ਪੜ੍ਹਿਆ ਜਾਂਦਾ ਹੈ।

### ਮਿਲਣੀ

ਵਿਆਹ ਵਿਚ ਜਦੋਂ ਲੜਕਾ ਵਿਆਹਣ ਲਈ ਸਹੁਰੇ ਘਰ ਢੁੱਕਦਾ ਸਭ ਤੋਂ ਪਹਿਲਾਂ ਮਿਲਣੀਆਂ ਦੀ ਰਸਮ ਹੁੰਦੀ।ਇਸ ਰਸਮ ਦਾ ਮਕਸਦ ਰਿਸ਼ਤੇਦਾਰਾਂ ਦੀ ਇੱਜ਼ਤ-ਮਾਣ ਨਾਲ ਜੁੜਿਆ।ਲੜਕਾ ਅਤੇ ਲੜਕੀ ਨੂੰ ਇਹ ਰਿਸ਼ਤੇ ਨਵੇਂ ਮਿਲਦੇ। ਬਜ਼ੁਰਗਾਂ ਦੀ ਸਹਿਮਤੀ ਨਾਲ ਵੀ ਇਹ ਰਸਮ ਜੁੜੀ ਹੋਈ।ਮਿਲਣੀਆਂ ’ਚ ਦਾਦਾ/ਨਾਨਾ/ ਤਾਇਆ/ਚਾਚਾ/ਮਾਮਾ/ ਫੁੱਫੜ/ਜੀਜਾ/ਭਰਾ ਨੂੰ ਸ਼ਾਮਿਲ ਕੀਤਾ ਜਾਂਦਾ। ਦੋਵੇਂ ਪੱਖਾਂ ਦੇ ਪਰਿਵਾਰ ਦੇ ਵੱਡੇ ਬਜ਼ੁਰਗ ਹਾਰ ਪਹਿਨਾ ਕੇ ਇਕ-ਦੂਜੇ ਨੂੰ ਸਨਮਾਨ ਦਿੰਦੇ ਹਨ। ਇਹ ਸਬੰਧ ਨੂੰ ਮਜ਼ਬੂਤ ਕਰਨ ਦੀ ਪ੍ਰਤੀਕ ਰਸਮ ਹੈ।

### ਸਿੱਖਿਆ ਬੋਲਣੀ

ਅਨੰਦ ਕਾਰਜ ਤੋਂ ਬਾਅਦ ਲੜਕੀ ਦੀ ਭੈਣ ਜਾਂ ਉਸ ਦੀ ਸਹੇਲੀ ਸਿੱਖਿਆ ਬੋਲਦੀ ਹੈ। ਸਮੇਂ ਅਨੁਸਾਰ ਕੁਝ ਬੁੱਧੀਜੀਵੀਆਂ ਨੇ ਇਹ ਕਹਿ ਕਿ ਸਿੱਖਿਆ ਕਹਿਣੀ ਬੰਦ ਕਰਵਾ ਦਿੱਤੀ ਕਿ ਧੰਨ ਗੁਰੂ ਰਾਮ ਦਾਸ ਜੀ ਵੱਲੋਂ ਲਾਵਾਂ ਦੇ ਰੂਪ ਵਿਚ ਦਿੱਤੀ ਗਈ ਸਿੱਖਿਆ ਤੋਂ ਬਾਦ ਕਿਸੇ ਕਿਸਮ ਦੀ ਸਿੱਖਿਆ ਦੀ ਲੋੜ ਨਹੀਂ ਰਹਿ ਜਾਦੀ। ਹੁਣ ਇਹ ਰਸਮ ਬੰਦ ਹੋ ਚੁੱਕੀ ਹੈ।



### ਸਿੱਠਣੀਆਂ ਦੇਣੀਆਂ

ਪਹਿਲੇ ਸਮੇਂ ਵਿਚ ਬਰਾਤ ਜਦੋਂ ਵਿਆਹ ਦਾ ਕਾਰਜ ਤੋਂ ਬਾਦ ਖਾਣਾ ਖਾਣ ਲਈ ਬੈਠ ਜਾਂਦੀ ਸੀ ਤਾਂ ਲੜਕੀ ਦੀਆਂ ਰਿਸ਼ਤੇਦਾਰ ਤੇ ਭਾਈਚਾਰੇ ਦੀਆਂ ਔਰਤਾਂ ਕੁੜਮਾਂ ਨੂੰ ਮਿਹਣੇ ਮਾਰਦੀਆਂ ਜਿਸ ਨੂੰ ਸਿੱਠਣੀਆਂ ਕਿਹਾ ਜਾਂਦਾ।ਪਰ ਅੱਜਕੱਲ੍ਹ ਲੋਕਾਂ ਵਿਚ ਗੁੱਸੇ ਬਹੁਤ ਵੱਧ ਗਏ ਤੇ ਕੋਈ ਵੀ ਗੱਲ ਨੂੰ ਸਹਿਣ ਨਹੀਂ ਕਰਦਾ। ਅਨੰਦ ਕਾਰਜ ਦੀ ਰਸਮ ਤੋਂ ਬਾਅਦ ਦੋਵੇਂ ਪਰਿਵਾਰ ਖਾਣਾ ਖਾਂਦੇ ਹਨ। ਉਸ ਤੋਂ ਬਾਦ ਇਕ ਦੋ ਹੋਰ ਰਸਮਾਂ ਹੁੰਦੀਆਂ ਤੇ ਫੇਰ ਲੜਕੀ ਨੂੰ ਤੋਰਨ ਦਾ ਸਮਾਂ ਆਉਂਦਾ।

### ਪਾਣੀ ਵਾਰਨਾ

ਪਹਿਲੇ ਸਮੇਂ ਵਿਚ ਲੜਕਾ ਜਦੋਂ ਸਿਹਰਾ ਬੰਨ੍ਹ ਕੇ ਘਰੋਂ ਚਲਾ ਜਾਂਦਾ ਸੀ ਤਾਂ ਉਸ ਦੀ ਮਾਂ ਆਪਣੇ ਪੁੱਤਰ ਨੂੰ ਨੂੰਹ ਲਿਆਉਣ ਸਮੇਂ ਹੀ ਮਿਲਦੀ ਸੀ ਅਤੇ ਜਦੋਂ ਤੱਕ ਪੁੱਤ ਨੂੰਹ ਲੈ ਕੇ ਆ ਨਹੀਂ ਸੀ ਜਾਂਦਾ, ਮਾਂ ਪਾਣੀ ਨਹੀਂ ਸੀ ਪੀਂਦੀ ਅਤੇ ਉਸ ਦਾ ਪ੍ਰਣ ਸੀ ਕਿ ਉਹ ਹੁਣ ਪਾਣੀ ਆਪਣੀ ਨੂੰਹ ਪੁੱਤ ਦੇ ਉਤੋਂ ਦੀ ਵਾਰ ਕੇ ਹੀ ਪੀਵੇਗੀ ।

### ਗਾਨਾ ਖੇਡਣਾ


ਇਸ ਦਾ ਸਬੰਧ ਲੜਕਾ ਅਤੇ ਲੜਕੀ ਦੇ ਗੁੱਸੇ ਦੀ ਪਰਖ਼ ਕਰਨ ਨਾਲ ਹੈ। ਪਰ ਹੁਣ ਤਾਂ ਇਹ ਰਸਮ ਖ਼ਤਮ ਹੋਣ ਵਾਂਗ ਹੈ। ਲਾੜਾ ਲਾੜੀ ਵਾਰੀ ਵਾਰੀ ਸਿਰ ਇੱਕ ਦੂਜੇ ਦੇ ਛੱਟੀਆਂ ਮਾਰਨ ਦੀ ਰਸਮ ਕਰਦੀਆਂ। ਉਸ ਤੋਂ ਬਾਅਦ ਦਿਓਰ ਤੇ ਭਾਬੀ ਵੱਲੋਂ ਵੀ ਇਹ ਰਸਮ ਕੀਤੀ ਜਾਂਦੀ। ਲੜਕਾ/ਲੜਕੀ ਦੇ ਜੋ ਗਾਨਾ ਬੰਨ੍ਹਿਆ ਜਾਂਦਾ, ਉਸ ਨੂੰ ਖੋਲ੍ਹਣ ਦੀ ਰਸਮ ਵਿਆਹ ਤੋਂ ਅਗਲੇ ਦਿਨ ਕੀਤੀ ਜਾਂਦੀ ਹੈ। ਗਾਨਾ ਖਿਡਾਉਣ ਦੀ ਰਸਮ ਭਾਬੀ ਵੱਲੋਂ ਕਰਵਾਈ ਜਾਂਦੀ ਹੈ।

### ਵਟਣਾ ’ਤੇ ਹਲਦੀ ਲਾਉਣਾ

ਵਿਆਹ ਵਿੱਚ ਕੀਤੀ ਜਾਣ ਵਾਲੀ ਇਸ ਅਹਿਮ ਰਸਮ ਦਾ ਸਬੰਧ ਲੜਕਾ ਅਤੇ ਲੜਕੀ ਦੋਵਾਂ ਨਾਲ ਹੈ। ਪੁਰਾਣੇ ਸਮਿਆਂ ਵਿੱਚ ਲੜਕਾ/ਲੜਕੀ ਨੂੰ ਅੱਜ ਵਾਂਗ ਬਿਊਟ ਪਾਰਲਰ ਨਹੀਂ ਲਿਜਾਇਆ ਜਾਂਦਾ ਸੀ। ਘਰ ਵਿੱਚ ਹੀ ਵੱਖ-ਵੱਖ ਦੇਸੀ ਸਾਧਨਾਂ ਨਾਲ ਸਰੀਰ ਦੇ ਸ਼ੁੱਧੀਕਰਣ ਅਤੇ ਸੁਹੱਪਣ ਲਈ ਹਲਦੀ ਅਤੇ ਵੱਟਣਾ ਆਦਿ ਮਲਿਆ ਜਾਂਦਾ ਸੀ। ਲੜਕਾ ਅਤੇ ਲੜਕੀ ਨੂੰ ਵਟਣਾ ਮਲਣ ਦੀ ਰਸਮ ਘਰ ਦੀਆਂ ਸੁਹਾਗਣ ਔਰਤਾਂ ਵੱਲੋਂ ਕੀਤੀ ਜਾਂਦੀ। ਪਰ ਅੱਜਕੱਲ੍ਹ ਇਹ ਰਸਮ ਕੇਵਲ ਰਸਮੀ ਤੌਰ ’ਤੇ ਕੀਤੀ ਜਾਂਦੀ ਕਿਉਂਕਿ ਲੜਕਾ ਅਤੇ ਲੜਕੀ ਬਿਊਟੀ ਪਾਰਲਰ ਵਿੱਚ ਜਾ ਕੇ ਤਿਆਰ ਹੁੰਦੇ ਹਨ। ਲੜਕਾ/ਲੜਕੀ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਘਰ ਵਿੱਚ ਵਿਆਹ ਦਾ ਮਾਹੌਲ ਬਣਾਉਣ ਲਈ ਗੀਤ ਗਾਏ ਜਾਂਦੇ ਹਨ। ਲੜਕੇ ਦੇ ਵਿਆਹ ਸਮੇਂ ਲੜਕੀਆਂ ਦੀਆਂ ਭੈਣਾਂ ਘੋੜੀਆਂ ਗਾਉਂਦੀਆਂ ਜਿਸ ਵਿੱਚ ਭਾਈ ਦੀ ਬਹਾਦਰੀ ਦਾ ਵਰਨਣ ਕੀਤਾ ਜਾਂਦਾ। ਲੜਕੀਆਂ ਦੇ ਵਿਆਹ ਸਮੇਂ ਸੁਹਾਗ ਗਾਏ ਜਾਂਦੇ ਅਤੇ ਲੜਕੀ ਨੂੰ ਹਮੇਸ਼ਾ ਸੁਹਾਗਣ ਰਹਿਣ ਦਾ ਅਸ਼ੀਰਵਾਦ ਦਿੰਦੀਆਂ। ਪੁਰਾਣੇ ਸਮੇਂ ਵਿੱਚ ਜਦੋਂ ਪਾਣੀ ਦੀ ਘਾਟ ਹੁੰਦੀ ਸੀ ਅਤੇ ਲੜਕਾ/ਲੜਕੀ ਦੇ ਇਸ਼ਨਾਨ ਲਈ ਸ਼ੁੱਧ ਪਾਣੀ ਦੀ ਜ਼ਰੂਰਤ ਸੀ ਤਾਂ ਲੜਕਾ/ਲੜਕੀ ਦਾ ਮਾਮਾ ਅਤੇ ਮਾਮੀ ਜਾਂ ਭਰਾ ਭਰਜਾਈ ਮੋਢਿਆਂ ’ਤੇ ਖੜੋਲੀ ਰੱਖ ਕੇ ਪਾਣੀ ਭਰਨ ਦੀ ਇਸ ਰਸਮ ਨੂੰ ਕਰਦੇ ਸਨ। ਸਾਰਾ ਭਾਈਚਾਰਾ ਇਕੱਠੇ ਹੋ ਕੇ ਸ਼ੁੱਧ ਪਾਣੀ ਲੈਣ ਲਈ ਜਾਂਦੇ ਸਨ। ਵਿਆਹ ਨਾਲ ਸਬੰਧਿਤ ਗੀਤ ਗਾਉਂਦੀਆਂ ਔਰਤਾਂ ਇੱਕ ਵਿਆਹ ਦਾ ਸ਼ਾਨਦਾਰ ਮਾਹੌਲ ਬਣਾ ਦਿੰਦੀਆਂ ਸਨ । ਅੱਜਕੱਲ੍ਹ ਇਹ ਰਸਮ ਨਾਮਾਤਰ ਹੈ।



# ਬੰਦੇ ਨੂੰ ਇਨਸਾਨ ਬਣਾਉਂਦੀ ਹੈ 'ਨੈਤਿਕਤਾ'



ਡਾ. ਗੁਰਵਿੰਦਰ ਅਮਨ,
ਰਾਜਪੁਰਾ



ਨੈਤਿਕ ਸਿੱਖਿਆ ਅਸਲ ਵਿੱਚ ਇੱਕ ਸਿਖਲਾਈ ਹੈ ਜੋ ਸਾਨੂੰ ਆਪਣੀ ਜ਼ਿੰਦਗੀ ਜੀਉਣ ਦਾ ਸਹੀ ਅਤੇ ਨਿਆਂਪੂਰਣ ਰਸਤਾ ਦਿਖਾਉਂਦੀ ਹੈ। ਇਮਾਨਦਾਰ, ਨਿਆਂਪੂਰਨ, ਜਾਇਜ਼, ਅਨੁਕੂਲ, ਉਦਾਰ, ਪਿਆਰ ਅਤੇ ਦੇਖਭਾਲ ਨੂੰ ਸਾਂਝਾ ਕਰਨਾ, ਵਿਚਾਰ ਕਰਨਾ ਅਤੇ ਸੰਵੇਦਨਸ਼ੀਲਤਾ ਦਿਖਾਉਣਾ ਨੈਤਿਕ ਸਿੱਖਿਆ ਦੇ ਬੁਨਿਆਦੀ ਸਿਧਾਂਤ ਹਨ। ਇਹ ਇੱਕ ਅਜਿਹਾ ਅਭਿਆਸ ਹੈ ਜੋ ਸਾਡੀ ਜੀਵਨ ਸ਼ੈਲੀ ਦੇ ਤਰੀਕੇ ਨੂੰ ਅਮੀਰ ਬਣਾਉਂਦਾ ਹੈ।

ਨੈਤਿਕ ਸਿੱਖਿਆ ਜੀਵਨ ਦਾ ਅਨਿੱਖੜਵਾਂ ਅੰਗ ਹੈ ਅਤੇ ਇਹ ਇੱਕ ਉੱਜਵਲ ਅਤੇ ਸਫ਼ਲ ਭਵਿੱਖ ਦੀ ਕੁੰਜੀ ਹੈ। ਨੈਤਿਕਤਾ ਜਾਂ ਕਦਰਾਂ-ਕੀਮਤਾਂ ਤੋਂ ਬਿਨਾਂ ਸਿੱਖਿਆ ਮਿਆਰੀ ਸਿੱਖਿਆ ਨਹੀਂ ਹੈ ਜਾਂ ਕਦਰਾਂ-ਕੀਮਤਾਂ ਤੋਂ ਬਿਨਾਂ ਸਿੱਖਿਆ ਆਤਮਾ ਤੋਂ ਬਿਨਾਂ ਸਰੀਰ ਵਾਂਗ ਹੈ। ਨੈਤਿਕ ਸਿੱਖਿਆ, ਜਿਸਨੂੰ ਮੁੱਲਾਂ ਦੀ ਸਿੱਖਿਆ ਜਾਂ ਚਰਿੱਤਰ ਸਿੱਖਿਆ ਵੀ ਕਿਹਾ ਜਾਂਦਾ ਹੈ, ਬੱਚਿਆਂ ਨੂੰ ਉਹਨਾਂ ਗੁਣਾਂ ਜਾਂ ਨੈਤਿਕ ਆਦਤਾਂ ਨੂੰ ਗ੍ਰਹਿਣ ਕਰਨ ਵਿੱਚ ਮਦਦ ਕਰਨ ਦਾ ਹਵਾਲਾ ਦਿੰਦਾ ਹੈ ਜੋ ਉਹਨਾਂ ਨੂੰ ਵਿਅਕਤੀਗਤ ਤੌਰ 'ਤੇ ਚੰਗੀ ਜ਼ਿੰਦਗੀ ਜੀਉਣ ਵਿੱਚ ਮਦਦ ਕਰਨਗੀਆਂ ਅਤੇ ਨਾਲ ਹੀ ਉਹਨਾਂ ਦੇ ਭਾਈਚਾਰਿਆਂ ਦੇ ਸਕਾਰਾਤਮਕ ਯੋਗਦਾਨ ਪਾਉਣ ਵਾਲੇ ਮੈਂਬਰ ਬਣਨ ਵਿੱਚ ਮਦਦ ਕਰਨਗੇ।

ਅੱਜ ਦੇ ਸਮਾਜ ਵਿੱਚ, ਨੌਜਵਾਨ ਕਈ ਤਰ੍ਹਾਂ ਦੀਆਂ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹਨ ਜਿਵੇਂ ਕਿ ਜੂਆ, ਨਸ਼ਾ ਜਾਂ ਸ਼ਰਾਬ ਦੀ ਦੁਰਵਰਤੋਂ, ਧੱਕੇਸ਼ਾਹੀ, ਕਤਲ, ਚੋਰੀ, ਡਕੈਤੀ, ਧੋਖਾਧੜੀ ਆਦਿ। ਵਿਸ਼ਵ ਵਿਆਪੀ ਅਪਰਾਧ ਦਰਾਂ ਵਿੱਚ ਵਾਧਾ ਹੋਇਆ ਹੈ ਅਪਰਾਧ ਦਰਾਂ ਵਿੱਚ ਇਹ ਵਾਧਾ ਨੈਤਿਕ ਕਦਰਾਂ-ਕੀਮਤਾਂ ਦੇ ਨਿਘਾਰ ਕਾਰਨ ਹੀ ਹੈ। ਅਸੀਂ ਸਹੀ ਅਤੇ ਗਲਤ ਵਿੱਚ ਫ਼ਰਕ ਕਰਨ ਦੇ ਯੋਗ ਨਹੀਂ ਹਾਂ।

ਬਚਪਨ ਸਭ ਤੋਂ ਕੀਮਤੀ ਸਮਾਂ ਹੁੰਦਾ ਹੈ ਜੋ ਕਿਸੇ ਵਿਅਕਤੀ ਦੀ ਸ਼ਖਸੀਅਤ ਦੇ ਸਮੁੱਚੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਦੀ ਅਮੂਰਤ ਧਾਰਨਾਵਾਂ ਦੀ ਸਮਝ ਦੀ ਸ਼ਕਤੀ ਵੀ ਵਧਦੀ ਜਾਂਦੀ ਹੈ। ਇਸ ਲਈ ਉਨ੍ਹਾਂ ਦੀ ਨੈਤਿਕ ਕਦਰਾਂ-ਕੀਮਤਾਂ ਦੀ ਸਮਝ ਵੀ ਵਧਦੀ ਹੈ। ਬੱਚਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਨਾਲ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਔਖੀਆਂ ਸਥਿਤੀਆਂ ਨਾਲ ਨਜਿੱਠਣ ਵਿੱਚ ਮਦਦ ਮਿਲਦੀ ਹੈ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਦਾ ਹੈ। ਬੱਚੇ ਆਪਣੇ ਆਲੇ-ਦੁਆਲੇ ਦੇ ਲੋਕਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਉਹ ਆਪਣੇ ਮਾਪਿਆਂ ਦੇ ਵਿਹਾਰ ਅਤੇ ਕੰਮਾਂ ਦੀ ਨਕਲ ਕਰਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਆਪਣੇ ਵਿਵਹਾਰ ਦੇ ਹਰ ਕੰਮ ਵਿੱਚ ਸਾਵਧਾਨ ਰਹਿਣਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੇ ਕਿਰਿਆਵਾਂ ਉਹਨਾਂ ਦੇ ਬੱਚਿਆਂ ਦੇ ਜੀਵਨ ਨੂੰ ਆਕਾਰ ਦੇਣ, ਉਹਨਾਂ ਨੂੰ ਬਿਹਤਰ ਨਾਗਰਿਕ ਬਣਾਉਣ ਅਤੇ ਸਾਡੇ ਸਮਾਜ ਨੂੰ ਇੱਕ ਬਿਹਤਰ ਸਥਾਨ ਬਣਾਉਣ ਲਈ ਕਾਫ਼ੀ ਵਧੀਆ ਹਨ।

ਬੱਚੇ ਸਾਡੇ ਸਮਾਜ ਦੀ ਨੀਂਹ ਹਨ। ਮਾਪੇ ਹੋਣ ਦੇ ਨਾਤੇ, ਤੁਹਾਡਾ ਬੱਚਾ ਜੋ ਕੁਝ ਸਿੱਖ ਰਿਹਾ ਹੈ ਉਸ ਵੱਲ ਧਿਆਨ ਦਿਓ, ਆਪਣੇ ਬੱਚੇ ਦੇ ਸਾਥੀਆਂ ਅਤੇ ਦੋਸਤਾਂ ਪ੍ਰਤੀ ਸਾਵਧਾਨ ਰਹੋ। ਬੱਚਿਆਂ ਨੂੰ ਧਾਰਮਿਕ ਜਾਂ ਨੈਤਿਕ ਕਹਾਣੀਆਂ ਸੁਣਾ ਕੇ ਉਨ੍ਹਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰੋ, ਦੂਜਿਆਂ ਪ੍ਰਤੀ ਨਿਮਰਤਾ ਅਤੇ ਸਤਿਕਾਰ ਨਾਲ ਪੇਸ਼ ਆਓ, ਬੱਚੇ ਨੂੰ ਧਾਰਮਿਕ ਗਤੀਵਿਧੀਆਂ ਵਿੱਚ ਸ਼ਾਮਲ ਕਰੋ, ਆਪਣੇ ਬੱਚੇ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣੋ ਅਤੇ ਜਿੱਥੇ ਵੀ ਲੋੜ ਹੋਵੇ ਉਨ੍ਹਾਂ ਨੂੰ ਠੀਕ ਕਰੋ, ਉਨ੍ਹਾਂ ਨਾਲ ਵਧੀਆ ਸਮਾਂ ਬਿਤਾਓ, ਪ੍ਰਦਾਨ ਕਰੋ। ਉਹਨਾਂ ਲਈ ਦੂਜਿਆਂ ਦੀ ਮਦਦ ਕਰਨ, ਉਹਨਾਂ ਨੂੰ ਕਮਿਊਨਿਟੀ ਸੇਵਾਵਾਂ ਵਿੱਚ ਸ਼ਾਮਲ ਕਰਨ ਅਤੇ ਉਹਨਾਂ ਨੂੰ ਸਕਾਰਾਤਮਕ ਮਜ਼ਬੂਤੀ (ਇਨਾਮ) ਦੇਣ ਦੇ ਮੌਕੇ ਜਦੋਂ ਉਹ ਚੰਗਾ ਵਿਵਹਾਰ ਦਿਖਾਉਂਦੇ ਹਨ।

ਹਰ ਨੌਜਵਾਨ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦੀ ਨੈਤਿਕ ਸਿੱਖਿਆ ਦੀ ਲੋੜ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ। ਬਚਪਨ ਸਭ ਤੋਂ ਕਮਜ਼ੋਰ ਸਮਾਂ ਹੁੰਦਾ ਹੈ ਜੋ ਕਿਸੇ ਵਿਅਕਤੀ ਦੀ ਸ਼ਖਸੀਅਤ ਦੇ ਸਮੁੱਚੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਮਾਤਾ ਜਾਂ ਪਿਤਾ ਹੋਣ ਦੇ ਨਾਤੇ ਧਿਆਨ ਰੱਖੋ ਕਿ ਤੁਹਾਡਾ ਬੱਚਾ ਕੀ ਅਤੇ ਕਿੱਥੋਂ ਸਿੱਖ ਰਿਹਾ ਹੈ। ਇੱਕ ਮਾਤਾ ਜਾਂ ਪਿਤਾ ਹੋਣ ਦੇ ਨਾਤੇ, ਤੁਹਾਨੂੰ ਤੁਹਾਡੇ ਬੱਚੇ ਦੇ ਹਾਣੀਆਂ ਅਤੇ ਦੋਸਤਾਂ ਬਾਰੇ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਉਹਨਾਂ ਨੂੰ ਸਹੀ ਅਤੇ ਗਲਤ ਕੀ ਹੈ ਇਹ ਸਮਝਣ ਲਈ ਸਮਾਂ ਕੱਢਣ ਦੀ ਲੋੜ ਹੈ।

ਹਰ ਵਾਰ ਜਦੋਂ ਕੋਈ ਬੱਚਾ ਝੂਠ ਬੋਲਦਾ ਫੜਿਆ ਜਾਂਦਾ ਹੈ ਜਾਂ ਹੱਥੋਂ ਨਿਕਲ ਜਾਂਦਾ ਹੈ, ਤਾਂ ਉਸ ਨੂੰ ਲੋੜੀਂਦੀ ਸਲਾਹ ਦਿੱਤੀ ਜਾਂਦੀ ਹੈ। ਉਹਨਾਂ ਨੂੰ ਬਰਾਬਰ ਸਮਝਣਾ ਅਤੇ ਉਹਨਾਂ ਵਿੱਚ ਭਰੋਸਾ ਅਤੇ ਵਿਸ਼ਵਾਸ ਦਿਖਾਉਣਾ ਅਤੇ ਉਹਨਾਂ ਨੂੰ ਉਹਨਾਂ ਦੀਆਂ ਆਪਣੀਆਂ ਕਾਲਾਂ ਲੈਣ ਲਈ ਆਤਮਵਿਸ਼ਵਾਸ ਬਣਾਉਣਾ ਮਹੱਤਵਪੂਰਨ ਹੈ। ਉਨ੍ਹਾਂ ਨੂੰ ਹਮੇਸ਼ਾ ਸਿਖਾਇਆ ਜਾਣਾ ਚਾਹੀਦਾ ਹੈ ਕਿ ਸੱਚ ਬੋਲਣਾ ਔਖਾ ਹੋ ਸਕਦਾ ਹੈ, ਪਰ ਸੱਚ ਬੋਲਣਾ ਹਮੇਸ਼ਾ ਜ਼ਰੂਰੀ ਹੁੰਦਾ ਹੈ। ਕਹਾਣੀਆਂ ਅਤੇ ਉਦਾਹਰਣਾਂ ਉਹਨਾਂ ਨਾਲ ਸਾਂਝੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਉਹਨਾਂ ਦੀ ਸੋਚ ਦੀ ਵਧੇਰੇ ਸਪਸ਼ਟਤਾ ਹੋਵੇ। ਉਨ੍ਹਾਂ ਨੂੰ ਸਮਾਂ ਦਿਓ ਅਤੇ ਉਨ੍ਹਾਂ ਨਾਲ ਹਰ ਸਮੇਂ ਧੀਰਜ ਨਾਲ ਪੇਸ਼ ਆਓ।

ਚਰਿੱਤਰ ਇੱਕ ਵਿਅਕਤੀ ਨੂੰ ਪਰਿਭਾਸ਼ਿਤ ਕਰਦਾ ਹੈ, ਚਾਹੇ ਉਹ ਕਿੱਤਾ ਕੋਈ ਵੀ ਹੋਵੇ, ਭਾਵੇਂ ਉਹ ਵਿਗਿਆਨੀ ਹੋਵੇ, ਏਅਰੋਨਾਟਿਕਲ ਇੰਜੀਨੀਅਰ, ਡਾਕਟਰ ਆਦਿ, ਜੇਕਰ ਕਿਸੇ ਵਿਅਕਤੀ ਦਾ ਚਰਿੱਤਰ ਚੰਗਾ ਨਹੀਂ ਹੈ ਤਾਂ ਉਹ ਬੇਕਾਰ ਹੈ। ਸਾਡੇ ਸਮਾਜ ਨੂੰ ਇੱਕ ਬਿਹਤਰ ਸਥਾਨ ਬਣਾਉਣ ਲਈ ਸਕੂਲਾਂ ਵਿੱਚ ਨੈਤਿਕ ਜਾਂ ਮੁੱਲ ਦੀ ਸਿੱਖਿਆ ਦੇਣ ਦੀ ਸਖ਼ਤ ਲੋੜ ਹੈ ਕਿਉਂਕਿ ਨੈਤਿਕਤਾ ਤੋਂ ਬਿਨਾਂ ਅਸੀਂ ਜਾਨਵਰ ਹਾਂ। ਜਿਵੇਂ ਕਿ ਮਾਰਟਿਨ ਲੂਥਰ ਕਿੰਗ ਨੇ ਸੱਚਮੁੱਚ ਕਿਹਾ ਹੈ, ਨੈਤਿਕਤਾ ਤੋਂ ਬਿਨਾਂ ਸਿੱਖਿਆ ਕੰਪਾਸ ਤੋਂ ਬਿਨਾਂ ਇੱਕ ਜਹਾਜ਼ ਵਾਂਗ ਹੈ, ਸਿਰਫ਼ ਕਿਤੇ ਵੀ ਭਟਕਣਾ ਨਹੀਂ ਹੈ।



# ਨਵੀਂਆਂ ਰਾਹਾਂ ਦੇ ਮੁਸਾਫ਼ਰ

ਡਾ. ਨਿਸ਼ਾਨ ਸਿੰਘ ਰਾਠੌਰ

ਰਾਹਾਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣਾ ਹੁੰਦਾ ਹੈ। ਇਸ ਲਈ ਆਸਾਨ ਰਾਹਾਂ ਨੇ ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ, ਆਕਰਸ਼ਿਤ ਕੀਤਾ ਹੈ। ਮਨੁੱਖ ਅਤੇ ਰਾਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਖੇਤਰ ਕੋਈ ਵੀ ਹੋਵੇ; ਰਾਹ ਅਤੇ ਰਾਹ-ਦਸੇਰੇ ਦੀ ਜ਼ਰੂਰਤ ਹਮੇਸ਼ਾ ਹੁੰਦੀ ਹੈ। ਇਸੇ ਲਈ ਰਾਹਾਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਸਿਆਣਿਆਂ ਦਾ ਕਥਨ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਦੇ। ਅਜਿਹੇ ਲੋਕ ਤਾ-ਉਮਰ ਨਵੀਆਂ ਚੀਜ਼ਾਂ ਨੂੰ ਗ੍ਰਹਿਣ ਕਰਦੇ ਰਹਿੰਦੇ ਹਨ, ਸਿੱਖਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿੱਚ ਨਵ-ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਜਿਹੇ ਰਾਹਾਂ ਦੇ ਮੁਸਾਫ਼ਰ ਲੋਕ ਹੀ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਰਾਹ-ਦਸੇਰੇ ਬਣਦੇ ਹਨ, ਲੋਕਾਂ ਲਈ ਉਮੀਦ ਦੀ ਕਿਰਨ ਹੁੰਦੇ ਹਨ।

ਅੱਜ ਦੇ ਮਨੁੱਖ ਕੋਲ ਪੈਸਾ, ਸ਼ੋਹਰਤ ਅਤੇ ਸਹੂਲਤਾਂ ਹਨ, ਪਰ ਮਾਨਸਿਕ ਸਕੂਨ ਦੀ ਘਾਟ ਹੈ। ਮਨੁੱਖ ਅਤੇ ਮਸ਼ੀਨ ਵਿੱਚ ਬਹੁਤਾ ਫ਼ਰਕ ਨਹੀਂ ਰਹਿ ਗਿਆ। ਇੱਕੋ ਥਾਵੇਂ ਸਾਲਾਂਬੱਧੀ ਕੰਮ ਕਰਨ ਕਰਕੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਅੱਜ ਹਾਲਾਤ ਅਜਿਹੇ ਹਨ ਕਿ ਸਮਾਜ ਵਿੱਚ ਰਹਿੰਦੇ 90 ਫ਼ੀਸਦੀ ਲੋਕ ਆਪਣੇ ਨਿੱਤ ਦੇ ਕਾਰ-ਵਿਹਾਰ ਨੂੰ ਬਦਲਣਾ ਚਾਹੁੰਦੇ ਹਨ। ਹਰ ਵਕਤ ਇੱਕੋ ਕੰਮ, ਇੱਕੋ ਰਾਹ ਅਤੇ ਇੱਕੋ ਜਿਹਾ ਕਾਰ-ਵਿਹਾਰ। ਜੀਵਨ ਰੁੱਖਾ ਹੋ ਗਿਆ ਜਾਪਦਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਵੱਧ ਹੋ ਰਿਹਾ ਹੈ।

ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬ ਵੀ ਮਨੁੱਖ ਨੂੰ ਵਕਤ ਦੇ ਨਾਲ ਤੁਰਨ ਦੀ ਤਾਕੀਦ ਕਰਦੇ ਹਨ। ਉਹ ਮਨੁੱਖ ਜਿਸ ਨੇ ਸਮੇਂ ਦੇ ਅਨੁਸਾਰ ਤੁਰਨਾ ਸਿੱਖ ਲਿਆ, ਆਪਣੀ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਕਿਹਾ ਗਿਆ ਹੈ:

ਵਖਤੁ ਵੀਚਾਰੇ ਸੁ ਬੰਦਾ ਹੋਇ॥

ਜਿਹੜੇ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ, ਉਹ ਮਨੁੱਖ ਆਪਣੇ ਜੀਵਨ ਵਿੱਚ ਕਦੇ ਅੱਗੇ ਨਹੀਂ ਵਧਦੇ। ਜ਼ਿੰਦਗੀ ਵਿੱਚ ਅੱਗੇ ਵਧਣ ਜਾਂ ਫਿਰ ਤਰੱਕੀ ਕਰਨ ਲਈ ਤੁਰਨਾ ਪੈਂਦਾ ਹੈ, ਅੱਗੇ ਵਧਣਾ ਪੈਂਦਾ ਹੈ, ਫ਼ੈਸਲੇ ਲੈਣੇ ਪੈਂਦੇ ਹਨ। ਜਿਹੜਾ ਮਨੁੱਖ ਇਨ੍ਹਾਂ ਸੌਗਾਤਾਂ ਤੋਂ ਵਾਂਝਾ ਹੈ, ਉਹ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਮਾਨਸਿਕ ਵਿਕਾਰਾਂ ਦੇ ਘੇਰੇ ਵਿੱਚ



ਆਪਣੇ ਜੀਵਨ ਨੂੰ ਬਰਬਾਦ ਕਰ ਬੈਠਦਾ ਹੈ।

ਸ੍ਰੀ ਕ੍ਰਿਸ਼ਨ ਜੀ ਨੇ ਸ੍ਰੀ ਭਗਵਤ ਗੀਤਾ ਵਿੱਚ ਕਿਹਾ ਹੈ: 'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।'

ਭਾਵ ਬਦਲਾਅ ਵਿੱਚ ਹੀ ਸੰਸਾਰ ਚੱਲਦਾ ਹੈ। ਜੋ ਕੁਝ ਅੱਜ ਸਾਡੇ ਕੋਲ ਹੈ ਉਹ ਬੀਤੇ ਕੱਲ੍ਹ ਕਿਸੇ ਹੋਰ ਕੋਲ ਸੀ ਅਤੇ ਆਉਂਦੇ ਕੱਲ੍ਹ ਕਿਸੇ ਹੋਰ ਕੋਲ ਹੋਵੇਗਾ। ਇਹੀ ਸੰਸਾਰ ਦਾ ਨਿਯਮ ਹੈ, ਕੁਦਰਤ ਦਾ ਨਿਯਮ ਹੈ। ਜਿਸ ਮਨੁੱਖ ਨੇ ਇਸ ਨਿਯਮ ਨੂੰ ਸਮਝ ਲਿਆ, ਆਪਣੇ ਜੀਵਨ ਵਿੱਚ ਢਾਲ ਲਿਆ, ਉਹ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਕੋ ਥਾਵੇਂ ਖੜ੍ਹੇ ਮਨੁੱਖ ਖ਼ਤਮ ਹੋ ਜਾਂਦੇ ਹਨ, ਬਰਬਾਦ ਹੋ ਜਾਂਦੇ ਹਨ।

ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇਹ ਸ਼ਿਅਰ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਮਹਿਸੂਸ ਹੁੰਦਾ ਹੈ:

ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ

ਬਿਨ ਤੁਰੇ ਜੋ ਪਹੁੰਚਣਾ ਚਾਹੁੰਦੇ ਸੀ ਸੜਕਾਂ ਹੋ ਗਏ।

ਰਬਿੰਦਰ ਮਸਰੂਰ ਦੇ ਇਸ ਸ਼ਿਅਰ ਵਿੱਚ ਅੱਜ ਦੇ ਮਨੁੱਖ ਦੇ ਜੀਵਨ ਦੇ ਅਸਲ ਸੱਚ ਨੂੰ ਬਹੁਤ ਸਹਿਜ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਸ਼ਾਇਰ ਕਹਿੰਦਾ ਹੈ ਕਿ ਜੇਕਰ ਉਹ ਸੰਸਾਰ ਦੇ ਲੋਕਾਂ ਦੇ ਨਾਲ ਤੁਰਦਾ ਭਾਵ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦਾ, ਉੱਦਮ ਕਰਦਾ ਤਾਂ ਖ਼ਬਰੇ! ਉਹ ਆਪਣੇ ਟੀਚੇ, ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ।

ਦੂਜੇ ਪਾਸੇ, ਜਿਹੜੇ ਲੋਕ ਬਿਨਾਂ ਕਿਸੇ ਉੱਦਮ ਤੋਂ ਆਪਣੇ ਜੀਵਨ ਵਿੱਚ ਕਾਮਯਾਬੀ ਚਾਹੁੰਦੇ ਸਨ, ਉਹ ਸੜਕਾਂ ਵਾਂਗ ਇੱਕੋ ਥਾਂ 'ਤੇ ਖੜ੍ਹੇ ਰਹੇ ਭਾਵ ਉਹ ਲੋਕ ਕਿਤੇ ਨਹੀਂ ਪਹੁੰਚ ਸਕੇ। ਇਹ ਨਾਕਾਮੀ ਦਾ ਪ੍ਰਤੀਕ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਆਪ-ਮੁਹਾਰੇ ਹੋਇਆ ਬਦਲਾਅ ਹਮੇਸ਼ਾ ਦੁੱਖ ਦਾ ਕਾਰਨ ਬਣਦਾ ਹੈ ਅਤੇ ਉੱਦਮ ਸਦਕਾ ਹੋਇਆ ਬਦਲਾਅ ਅਕਸਰ ਸੁਖ ਦਾ ਕਾਰਨ ਬਣਦਾ ਹੈ। ਇਸ ਦਾ ਭਾਵ ਇਹ ਹੈ ਕਿ ਜਿਹੜੇ ਮਨੁੱਖ ਖ਼ੁਦ ਫ਼ੈਸਲਾ ਕਰਕੇ ਬਦਲਾਅ ਨੂੰ ਅਪਨਾਉਂਦੇਹਨ, ਉਹ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਆਪਣੀ ਵਿਉਂਤ ਤਹਿਤ ਬਦਲਾਅ ਸਵੀਕਾਰ ਕੀਤਾ ਹੁੰਦਾ ਹੈ। ਦੂਜੇ ਪਾਸੇ ਆਪਮੁਹਾਰੇ ਹੋਏ ਕਿਸੇ ਬਦਲਾਅ ਦੇ ਗੇੜ ਵਿੱਚ ਆਏ ਮਨੁੱਖ ਨੇ ਕੋਈ ਤਿਆਰੀ ਜਾਂ ਵਿਉਂਤਬੰਦੀ ਨਹੀਂ ਕੀਤੀ ਹੁੰਦੀ। ਇਸ ਲਈ ਇਹ ਬਦਲਾਅ ਉਸ ਲਈ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ।

ਇਸ ਤਰ੍ਹਾਂ, ਆਖ਼ਰ ਵਿੱਚ ਕਿਹਾ ਜਾ ਸਕਦਾ ਹੈ ਕਿ ਨਵੀਆਂ ਰਾਹਾਂ ਦੇ ਮੁਸਾਫ਼ਰ ਲੋਕ ਕਦੇ ਹਾਰ ਨਹੀਂ ਮੰਨਦੇ। ਉਹ ਢੇਰੀ ਨਹੀਂ ਢਾਹੁੰਦੇ ਸਗੋਂ ਆਪਣੇ ਉੱਦਮ ਸਕਦਾ ਆਮ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਆਮ ਲੋਕਾਂ ਨੂੰ ਨਵੀਆਂ ਰਾਹਾਂ ਦੇ ਮੁਸਾਫ਼ਰ ਬਣਨ ਲਈ ਪ੍ਰੇਰਿਤ ਕਰਦੇ ਹਨ। ਇਸ ਲਈ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਅੱਗੇ ਵਧਦਾ ਰਹਿਣਾ ਚਾਹੀਦਾ ਹੈ ਅਤੇ ਸਾਰਥਕ ਬਦਲਾਅ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖਲਾਅ ਤੇ ਖੜੋਤ ਤੋਂ ਰਹਿਤ ਜੀਵਨ ਬਤੀਤ ਕੀਤਾ ਜਾ ਸਕੇ। ਪਰ! ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੇ ਗਰਭ ਵਿੱਚ ਹੈ।

# ਕਿਉਂ ਵਾਪਰਦੇ ਹਨ ਹਵਾਈ ਹਾਦਸੇ?



ਸੁਨੀਲ ਕੁਮਾਰ ਮਾਹਲਾ

ਸਿਰਫ਼ ਸੜਕ ਹਾਦਸੇ ਹੀ ਨਹੀਂ, ਦੁਨੀਆਂ ਭਰ ਵਿੱਚ ਹਵਾਈ ਹਾਦਸਿਆਂ ਦੀ ਵਧਦੀ ਗਿਣਤੀ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ। ਅਜੇ ਕੁਝ ਦਿਨ ਪਹਿਲਾਂ ਹੀ ਦੇਸ਼ ਦੇ ਕੇਂਦਰੀ ਸੜਕੀ ਆਵਾਜਾਈ ਅਤੇ ਰਾਸ਼ਟਰੀ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਭਾਰਤ ਵਿੱਚ ਸੜਕ ਹਾਦਸਿਆਂ 'ਤੇ ਬਹੁਤ ਹੀ ਚਿੰਤਾਜਨਕ ਬਿਆਨ ਦਿੰਦੇ ਹੋਏ ਕਿਹਾ ਸੀ ਕਿ ਜਦੋਂ ਉਹ ਸੜਕ ਅਤੇ ਹਾਈਵੇ ਵਿਕਾਸ 'ਤੇ ਆਯੋਜਿਤ ਅੰਤਰਰਾਸ਼ਟਰੀ ਸਮਾਰੋਹਾਂ ਵਿੱਚ ਹਿੱਸਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਸ਼ਰਮ ਮਹਿਸੂਸ ਹੁੰਦੀ ਹੈ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅੱਜ ਹਵਾਈ ਸਫ਼ਰ ਵੀ ਸੁਰੱਖਿਅਤ ਨਹੀਂ ਰਿਹਾ। ਬੀਤੇ ਸਾਲ ਦੇ ਆਖ਼ਰੀ ਦਿਨਾਂ ਵਿੱਚ ਦੋ ਭਿਆਨਕ ਹਵਾਈ ਹਾਦਸਿਆਂ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ ਅਤੇ ਹਰ ਪਾਸੇ ਸੋਗ ਦੀ ਲਹਿਰ ਫ਼ੈਲ ਗਈ ਸੀ। ਹਾਲਾਂਕਿ ਹਾਲ ਹੀ ਵਿੱਚ ਹੋਏ ਹਵਾਈ ਹਾਦਸੇ ਭਾਰਤ ਵਿੱਚ ਨਹੀਂ ਹੋਏ ਹਨ ਪਰ ਉਨ੍ਹਾਂ ਕਾਰਨ ਵੱਡਾ ਜਾਨੀ ਨੁਕਸਾਨ ਹੋਇਆ ਹੈ। ਕਜ਼ਾਕਿਸਤਾਨ ਵਿੱਚ ਅਜ਼ਰਬਾਇਜਾਨ ਦੇ ਇੱਕ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ 38 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਦੱਖਣੀ ਕੋਰੀਆ ਵਿੱਚ ਇੱਕ ਜਹਾਜ਼ ਹਾਦਸੇ ਵਿੱਚ 179 ਲੋਕਾਂ ਦੀ ਮੌਤ ਹੋ ਗਈ ਸੀ।

ਇਹ ਬਹੁਤ ਦੁਖਦਾਈ ਹੈ ਕਿ ਦੱਖਣੀ ਕੋਰੀਆ ਵਿੱਚ ਹੋਏ ਜਹਾਜ਼ ਹਾਦਸੇ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੋ ਗਈ। ਇੱਕ ਹਫ਼ਤੇ ਵਿੱਚ ਦੋ ਜਹਾਜ਼ ਹਾਦਸੇ ਅਤੇ ਇਨ੍ਹਾਂ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਦਰਸਾਉਂਦੀ ਹੈ ਕਿ ਅੱਜ ਹਵਾਈ ਯਾਤਰਾ ਸੁਰੱਖਿਅਤ ਨਹੀਂ ਰਹੀ। ਦੱਖਣੀ ਕੋਰੀਆ ਦੇ ਮੁਆਨ ਵਿੱਚ ਹੋਏ ਹਾਦਸੇ ਦਾ ਕਾਰਨ ਪੰਛੀਆਂ ਦਾ ਜਹਾਜ਼ ਨਾਲ ਟਕਰਾਉਣਾ ਦੱਸਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਲੈਂਡਿੰਗ ਵੇਲੇ ਉਸ ਸਮੇਂ ਵਾਪਰਿਆ ਜਦੋਂ ਜਹਾਜ਼ ਦੇ ਪਿਛਲੇ ਹਿੱਸੇ 'ਤੇ ਇੱਕ ਪੰਛੀ ਟਕਰਾ ਗਿਆ



ਤੇ ਕੁਝ ਹੀ ਸਕਿੰਟਾਂ 'ਚ ਜਹਾਜ਼ ਨੂੰ ਅੱਗ ਲੱਗ ਗਈ।

ਦੱਸਿਆ ਜਾ ਰਿਹਾ ਹੈ ਕਿ ਪੰਛੀਆਂ ਦੇ ਟਕਰਾਉਣ ਕਾਰਨ ਲੈਂਡਿੰਗ ਗੀਅਰ ਖ਼ਰਾਬ ਹੋ ਗਿਆ। ਬਹੁਤ ਸਾਰੇ ਮਾਹਿਰ ਇਸ ਨਾਲ ਸਹਿਮਤ ਨਹੀਂ ਹਨ। ਹਾਦਸੇ ਦਾ ਅਸਲ ਕਾਰਨ ਕੀ ਹੈ, ਇਹ ਤਾਂ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕੇਗਾ। ਹਾਲਾਂਕਿ ਅਜ਼ਰਬਾਇਜਾਨ ਦੇ ਜਹਾਜ਼ ਹਾਦਸੇ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ। ਸੱਚ ਤਾਂ ਇਹ ਹੈ ਕਿ ਇਨ੍ਹਾਂ ਵੱਖ-ਵੱਖ ਦਾਅਵਿਆਂ ਦਰਮਿਆਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਮਾਫ਼ੀਨਾਮੇ ਨੇ ਸ਼ੰਕਿਆਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਪੁਤਿਨ ਨੇ ਕਿਹਾ ਸੀ ਕਿ ਜਦੋਂ ਜਹਾਜ਼ ਕਜ਼ਾਕਿਸਤਾਨ 'ਚ ਲੈਂਡ ਕਰ ਰਿਹਾ ਸੀ ਤਾਂ ਯੂਕਰੇਨ ਦੇ ਡਰੋਨ ਹਮਲਿਆਂ ਦੇ ਮੱਦੇਨਜ਼ਰ ਰੂਸੀ ਰੱਖਿਆ ਪ੍ਰਣਾਲੀ ਸਰਗਰਮ ਸੀ। ਪਰ ਪੁਤਿਨ ਨੇ ਇਹ ਸਵੀਕਾਰ ਨਹੀਂ ਕੀਤਾ ਕਿ ਉਕਤ ਜਹਾਜ਼ ਇਸ ਪ੍ਰਣਾਲੀ ਦਾ ਨਿਸ਼ਾਨਾ ਬਣ ਗਿਆ ਸੀ। ਇਹ ਕਹਿਣਾ ਮੁਸ਼ਕਲ ਹੈ ਕਿ ਲੈਂਡਿੰਗ ਦੌਰਾਨ ਜਹਾਜ਼ ਵਿਚ ਕੋਈ ਤਕਨੀਕੀ ਖ਼ਰਾਬੀ ਸੀ ਜਾਂ ਫ਼ਿਰ ਇਹ ਮਿਜ਼ਾਈਲ ਦਾ ਸ਼ਿਕਾਰ ਬਣ ਗਿਆ ਸੀ ਪਰ ਮਾਮਲਾ ਜੋ ਵੀ ਹੋਵੇ, ਸੱਚਾਈ ਇਹ ਹੈ ਕਿ ਜਹਾਜ਼ ਵਿੱਚ ਸਵਾਰ ਯਾਤਰੀਆਂ ਦੀ ਜਾਨ ਚਲੀ ਗਈ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਹਵਾਬਾਜ਼ੀ ਉਦਯੋਗ ਵਿੱਚ ਦੱਖਣੀ ਕੋਰੀਆ ਦਾ ਰਿਕਾਰਡ ਚੰਗਾ ਮੰਨਿਆ ਜਾਂਦਾ ਹੈ ਤੇ ਪਿਛਲੇ ਇੱਕ ਦਹਾਕੇ ਵਿੱਚ ਉਸ ਦੀ ਕਿਸੇ ਏਅਰਲਾਈਨ ਦਾ ਇਹ ਪਹਿਲਾ ਵੱਡਾ ਹਾਦਸਾ ਹੈ।



ਇਸ ਤੋਂ ਪਹਿਲਾਂ ਸਾਲ 2013 ਵਿੱਚ ਇੱਕ ਹਾਦਸਾ ਵਾਪਰਿਆ ਸੀ ਜਦੋਂ ਏਸ਼ਿਆਨਾ ਏਅਰਲਾਈਨਜ਼ ਦੀ ਸਾਨ ਫ਼ਰਾਂਸਿਸਕੋ ਜਾ ਰਹੀ ਉਡਾਣ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਜ਼ਿਕਰਯੋਗ ਹੈ ਕਿ ਜ਼ਿਆਦਾਤਰ ਜਹਾਜ਼ ਹਾਦਸੇ ਟੇਕ-ਆਫ਼ ਅਤੇ ਫ਼ਿਰ ਲੈਂਡਿੰਗ ਦੌਰਾਨ ਹੁੰਦੇ ਹਨ। ਸਾਲ 2023 ਦੌਰਾਨ ਅਜਿਹੇ 109 ਹਾਦਸੇ ਹੋਏ ਸਨ ਜਿਨ੍ਹਾਂ 'ਚੋਂ 37 ਤਾਂ ਉਡਾਣ ਦੌਰਾਨ ਅਤੇ 30 ਲੈਂਡਿੰਗ ਦੌਰਾਨ ਵਾਪਰੇ ਤੇ 120 ਲੋਕ ਮਾਰੇ ਗਏ ਸਨ। ਇਸ ਮੁਤਾਬਕ ਹਰ ਮਹੀਨੇ ਔਸਤਨ 9 ਜਹਾਜ਼ ਹਾਦਸੇ ਵਾਪਰੇ ਜਿਨ੍ਹਾਂ 'ਚ 10 ਲੋਕਾਂ ਦੀ ਮੌਤ ਹੋ ਗਈ। ਏਵੀਏਸ਼ਨ ਸੇਫ਼ਟੀ ਮੁਤਾਬਕ ਪਿਛਲੇ ਸਾਲ ਸਭ ਤੋਂ ਵੱਧ 34 ਜਹਾਜ਼ ਹਾਦਸੇ ਅਮਰੀਕਾ ਵਿੱਚ ਹੋਏ। ਦੱਸਣਯੋਗ ਹੈ ਕਿ 2017 ਤੋਂ 2023 ਤੱਕ ਦੁਨੀਆਂ ਭਰ 'ਚ 813 ਜਹਾਜ਼ ਕਰੈਸ਼ ਹੋਏ ਅਤੇ 1,473 ਯਾਤਰੀਆਂ ਦੀ ਮੌਤ ਹੋ ਚੁੱਕੀ ਹੈ। ਉਕਤ ਅਰਸੇ ਵਿੱਚ ਲੈਂਡਿੰਗ ਦੌਰਾਨ 261 ਹਾਦਸੇ ਵਾਪਰ ਚੁੱਕੇ ਹਨ। ਉਡਾਣ ਦੌਰਾਨ 212 ਹਾਦਸੇ ਵਾਪਰ ਚੁੱਕੇ ਹਨ। ਇਸ ਸਮੇਂ ਦੌਰਾਨ ਭਾਰਤ ਵਿੱਚ 14 ਹਾਦਸੇ ਵਾਪਰ ਚੁੱਕੇ ਹਨ। ਅੰਕੜੇ ਦੱਸਦੇ ਹਨ ਕਿ 7 ਸਾਲਾਂ ਵਿੱਚ ਹਰ ਸਾਲ ਔਸਤਨ 200 ਹਵਾਈ ਹਾਦਸੇ ਹੋਏ ਹਨ ਤੇ ਇਕ ਸਾਲ ਵਿੱਚ ਇਨ੍ਹਾਂ 'ਚ ਸੈਂਕੜੇ ਤੋਂ ਵੱਧ ਲੋਕ ਜਾਨ ਗੁਆ ਚੁੱਕੇ ਹਨ।

ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈ.ਏ.ਟੀ.ਏ.) ਹਰ ਸਾਲ ਫ਼ਲਾਈਟ ਸੇਫ਼ਟੀ ਨੂੰ ਲੈ ਕੇ ਰਿਪੋਰਟ ਜਾਰੀ ਕਰਦੀ ਹੈ ਜਿਸ ਵਿੱਚ ਹਵਾਈ ਹਾਦਸਿਆਂ ਦੇ ਵੱਖ-ਵੱਖ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੁੰਦਾ ਹੈ। ਦਰਅਸਲ, ਜਹਾਜ਼ ਦੁਰਘਟਨਾਵਾਂ ਦੇ ਕਈ ਕਾਰਨ ਹੋ ਸਕਦੇ ਹਨ। ਇਸ ਸਬੰਧੀ ਮਾਹਿਰਾਂ ਦਾ ਕਹਿਣਾ ਹੈ ਕਿ ਅਕਸਰ ਪਾਇਲਟ ਦੀ ਗ਼ਲਤੀ, ਤਕਨੀਕੀ ਖ਼ਾਮੀਆਂ, ਖ਼ਰਾਬ ਮੌਸਮ ਅਤੇ ਇੱਥੋਂ ਤੱਕ ਕਿ ਏਅਰਲਾਈਨ ਕੰਪਨੀਆਂ ਦੀ ਅਣਗਹਿਲੀ ਕਾਰਨ ਵੀ ਹਾਦਸੇ ਵਾਪਰਦੇ ਹਨ। ਇੱਕ ਹੋਰ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਪਾਇਲਟ ਦੀ ਗ਼ਲਤੀ ਹਵਾਈ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ ਹੈ ਜੋ ਲਗਪਗ 53% ਹਾਦਸਿਆਂ ਲਈ ਜ਼ਿੰਮੇਵਾਰ ਹੈ। ਦਰਅਸਲ, ਅਜੋਕੇ ਦੌਰ ਵਿੱਚ ਪਾਇਲਟਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਖ਼ਰਾਬ ਮੌਸਮ, ਮਕੈਨੀਕਲ ਸਮੱਸਿਆਵਾਂ ਤੇ ਸੁਰੱਖਿਅਤ ਲੈਂਡਿੰਗ ਨੂੰ ਯਕੀਨੀ ਬਣਾਉਣਾ ਆਦਿ।

ਇਸ ਤੋਂ ਇਲਾਵਾ, ਚਾਲਕ ਦਲ ਦੇ ਮੈਂਬਰਾਂ ਦੀਆਂ ਛੋਟੀਆਂ-ਮੋਟੀਆਂ ਗ਼ਲਤੀਆਂ ਦੇ ਵੀ ਗੰਭੀਰ ਨਤੀਜੇ ਨਿਕਲਦੇ ਹਨ। ਰੱਖ-ਰਖਾਅ ਦੀ ਘਾਟ, ਜਹਾਜ਼ਾਂ ਦੇ ਡਿਜ਼ਾਈਨ ਅਤੇ ਨਿਰਮਾਣ ਵਿੱਚ ਖ਼ਾਮੀਆਂ, ਹਵਾਈ ਆਵਾਜਾਈ ਕੰਟਰੋਲ, ਸੁਰੱਖਿਆ ਉਪਕਰਨ ਅਤੇ ਲੈਂਡਿੰਗ ਤਕਨੀਕ ਵੀ ਜਹਾਜ਼ ਹਾਦਸਿਆਂ ਦਾ ਵੱਡਾ ਕਾਰਨ ਹਨ। ਹਵਾਈ ਹਾਦਸਿਆਂ ਦਾ ਕਾਰਨ ਚਾਹੇ ਕੋਈ ਵੀ ਹੋਵੇ, ਇਨ੍ਹਾਂ ਕਾਰਨ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਇਨ੍ਹਾਂ ਨੂੰ ਰੋਕਣ ਲਈ ਵੱਖ-ਵੱਖ ਉਪਾਅ ਸਖ਼ਤੀ ਨਾਲ ਲਾਗੂ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਕਈ ਤਕਨੀਕੀ ਕਮੀਆਂ ਨੂੰ ਵੀ ਸਮੇਂ ਸਿਰ ਠੀਕ ਕਰਨ ਦੀ ਲੋੜ ਹੈ। ਹਰੇਕ ਏਅਰਲਾਈਨ ਨੂੰ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਆਪਣੀਆਂ ਨੀਤੀਆਂ ਵਿੱਚ ਲੋੜ ਅਨੁਸਾਰ ਬਦਲਾਅ ਕਰਨਾ ਚਾਹੀਦਾ ਹੈ ਤਾਂ ਹੀ ਹਵਾਈ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ।



# ਆਰਥਿਕ ਵਿਕਾਸ ਦਾ ਧੁਰਾ ਬਣੇ ਪਿੰਡ



ਡਾ. ਜੈਅੰਤੀ ਲਾਲ ਭੰਡਾਰੀ
(ਲੇਖਕ ਅਰਥ-ਸ਼ਾਸਤਰੀ ਹੈ)

ਹਾਲ ਹੀ ਵਿੱਚ ਐੱਸ.ਬੀ.ਆਈ. ਰਿਸਰਚ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਸਹਾਇਤਾ ਪ੍ਰੋਗਰਾਮਾਂ ਦੇ ਹਾਂ-ਪੱਖੀ ਅਸਰਾਂ ਅਤੇ ਵਿਕਾਸ ਕਾਰਜਾਂ ਕਾਰਨ ਦੇਸ਼ ਵਿੱਚ ਗ਼ਰੀਬੀ ਵਿੱਚ ਕਮੀ ਆਈ ਹੈ। ਇਹ ਬੀਤੇ ਸਾਲ ਵਿੱਚ ਘਟ ਕੇ ਪੰਜ ਪ੍ਰਤੀਸ਼ਤ ਤੋਂ ਵੀ ਘੱਟ ਰਹਿ ਗਈ ਹੈ।

ਗ਼ਰੀਬੀ ਵਿੱਚ ਇਹ ਕਮੀ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿੱਚ ਦਿਹਾਤੀ ਇਲਾਕਿਆਂ ਵਿੱਚ ਜ਼ਿਆਦਾ ਤੇਜ਼ੀ ਨਾਲ ਹੋਈ ਹੈ। ਜਿੱਥੇ ਵਿੱਤੀ ਸਾਲ 2011-12 ਵਿੱਚ ਦਿਹਾਤੀ ਗ਼ਰੀਬੀ 25.7 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ 13.7 ਫ਼ੀਸਦੀ ਸੀ, ਓਥੇ ਹੀ 2023-24 ਵਿਚ ਗ੍ਰਾਮੀਣ ਗ਼ਰੀਬੀ ਘਟ ਕੇ 4.86 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ ਘਟ ਕੇ 4.09 % ’ਤੇ ਆ ਗਈ।

ਵਿੱਤੀ ਸਾਲ 2009-10 ਤੋਂ 2023-24 ਵਿਚਾਲੇ ਸ਼ਹਿਰੀ ਇਲਾਕਿਆਂ ਵਿੱਚ ਹਰ ਮਹੀਨੇ ਪ੍ਰਤੀ ਵਿਅਕਤੀ ਉਪਭੋਗਤਾ ਖ਼ਰਚਾ 1984 ਰੁਪਏ ਵਧ ਕੇ 6996 ਰੁਪਏ ਅਤੇ ਪੇਂਡੂ ਇਲਾਕਿਆਂ ਵਿੱਚ ਇਹ 1054 ਰੁਪਏ ਤੋਂ ਵਧ ਕੇ 4122 ਰੁਪਏ ਹੋ ਗਿਆ। ਇਸ ਤਰ੍ਹਾਂ ਦੇਖੀਏ ਤਾਂ ਬੀਤੇ 14 ਸਾਲਾਂ ਵਿੱਚ ਆਮਦਨੀ ਵਧਣ ਨਾਲ ਜਿੱਥੇ ਸ਼ਹਿਰਾਂ ਵਿੱਚ ਹਰ ਮਹੀਨੇ ਪ੍ਰਤੀ ਵਿਅਕਤੀ ਉਪਭੋਗਤਾ ਖ਼ਰਚਾ 3.5 ਗੁਣਾ ਹੋ ਗਿਆ, ਓਥੇ ਹੀ ਇਹ ਦਿਹਾਤੀ ਇਲਾਕਿਆਂ ਵਿੱਚ ਲਗਪਗ ਚਾਰ ਗੁਣਾ ਹੋ ਗਿਆ।

ਸਾਫ਼ ਹੈ ਕਿ ਸ਼ਹਿਰਾਂ ਦੀ ਤੁਲਨਾ ਵਿੱਚ ਪਿੰਡਾਂ ਵਿੱਚ ਖ਼ਰਚੇ ਵਿੱਚ ਹੋਇਆ ਵਾਧਾ ਜ਼ਿਆਦਾ ਹੈ। ਵਿਸ਼ਵ ਬੈਂਕ ਦੁਆਰਾ ਪ੍ਰਕਾਸ਼ਿਤ ਦੁਨੀਆ ਵਿੱਚ ਗ਼ਰੀਬੀ ਬਾਬਤ ਰਿਪੋਰਟ-2024 ਵਿੱਚ ਵੀ ਕਿਹਾ ਗਿਆ ਹੈ ਕਿ ਭਾਰਤ ਵਿੱਚ ਬਹੁਤ ਜ਼ਿਆਦਾ ਗ਼ਰੀਬਾਂ ਦੀ ਗਿਣਤੀ 1990 ਵਿੱਚ 43.1 ਕਰੋੜ ਸੀ। ਇਹ ਗਿਣਤੀ ਘਟਦੇ ਹੋਏ 2021 ਵਿੱਚ 16.74 ਕਰੋੜ ਅਤੇ 2024 ਵਿੱਚ ਲਗਪਗ 12.9 ਕਰੋੜ ਰਹਿ ਗਈ। ਨੀਤੀ ਆਯੋਗ ਵੱਲੋਂ ਆਲਮੀ ਮਾਨਤਾ ਦੇ ਮਾਪਦੰਡਾਂ ’ਤੇ ਆਧਾਰਤ ਬਹੁ-ਆਯਾਮੀ ਗ਼ਰੀਬੀ ਇੰਡੈਕਸ (ਐੱਮ.ਪੀ.ਆਈ.)-2024 ਮੁਤਾਬਕ ਦੇਸ਼ ਵਿੱਚ ਬੀਤੇ ਦਸ ਸਾਲਾਂ ਵਿੱਚ ਲਗਪਗ 25 ਕਰੋੜ ਲੋਕ ਬਹੁ-ਆਯਾਮੀ ਗ਼ਰੀਬੀ ਦੇ ਦਾਇਰੇ ਤੋਂ ਬਾਹਰ ਆਏ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਭਾਰਤ ਵਿੱਚ ਤੇਜ਼ੀ ਨਾਲ ਵਧਦਾ ਵਿਕਾਸ ਆਮ ਆਦਮੀ ਦੀ ਆਮਦਨੀ ਵਧਾ ਰਿਹਾ ਹੈ ਅਤੇ ਗ਼ਰੀਬੀ ਵਿੱਚ ਤੇਜ਼ੀ ਨਾਲ ਘਟਣ ਦੀ ਬਿਰਤੀ ਉੱਭਰ ਰਹੀ ਹੈ। ਇਸ ਦੇ ਨਾਲ ਹੀ ਸ਼ਹਿਰਾਂ ਦੀ ਤੁਲਨਾ ਵਿੱਚ ਪਿੰਡਾਂ ਵਿੱਚ ਗ਼ਰੀਬੀ ਤੇਜ਼ੀ ਨਾਲ ਘਟ ਰਹੀ ਹੈ ਅਤੇ ਉਨ੍ਹਾਂ ਦੀ ਆਮਦਨੀ ਅਤੇ ਖ਼ਰਚਣ ਦੀ ਤਾਕਤ ਵਿੱਚ ਵੀ ਤੇਜ਼ ਵਾਧਾ ਹੋ ਰਿਹਾ ਹੈ। ਇਸ ਵਿੱਚ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਨੇ ਅਹਿਮ ਭੂਮਿਕਾ ਨਿਭਾਈ ਹੈ।




ਸਰਕਾਰ ਨੇ ਇਸ ਤਹਿਤ 80 ਕਰੋੜ ਤੋਂ ਵੱਧ ਗ਼ਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ 2028 ਤੱਕ ਮੁਫ਼ਤ ਅਨਾਜ ਦਿੱਤਾ ਜਾਣਾ ਯਕੀਨੀ ਬਣਾਇਆ ਹੈ। ਦੇਸ਼ ਭਰ ਵਿੱਚ ਮੌਜੂਦਾ ਜਨਤਕ ਵੰਡ ਪ੍ਰਣਾਲੀ ਦੀਆਂ ਪੰਜ ਲੱਖ ਤੋਂ ਵੱਧ ਉੱਚਿਤ ਮੁੱਲ ਦੀਆਂ ਦੁਕਾਨਾਂ ਦੇ ਮਾਧਿਅਮ ਨਾਲ ਇਹ ਮੁਫ਼ਤ ਅਨਾਜ ਵੰਡਿਆ ਜਾ ਰਿਹਾ ਹੈ। ਇਹ ਮਹੱਤਵਪੂਰਨ ਹੈ ਕਿ ਸੰਨ 2016 ਤੋਂ ਰਾਸ਼ਨ ਦੀਆਂ ਦੁਕਾਨਾਂ ਵਿੱਚ ਪੁਆਇੰਟ ਆਫ਼ ਸੇਲ (ਪੀ.ਓ.ਐੱਸ.) ਮਸ਼ੀਨਾਂ ਦੀ ਸ਼ੁਰੂਆਤ ਨਾਲ ਇਸ ਯੋਜਨਾ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਵਿੱਚ ਮਦਦ ਮਿਲੀ ਹੈ।



ਸੰਨ 2011-12 ਦੀ ਖਪਤ ਸੰਖਿਆ ਦੇ ਆਧਾਰ ’ਤੇ ਸ਼ਾਂਤਾ ਕੁਮਾਰ ਕਮੇਟੀ ਨੇ ਕਿਹਾ ਸੀ ਕਿ ਪੀ.ਡੀ.ਐੱਸ. ਵਿਵਸਥਾ ਵਿੱਚ ਲਗਪਗ 46 ਪ੍ਰਤੀਸ਼ਤ ਦੀ ਲੀਕੇਜ ਹੈ। ਇਸ ਸਮੇਂ ਇਹ ਲੀਕੇਜ ਘਟ ਕੇ 28 ਫ਼ੀਸਦ ਰਹਿ ਗਈ ਹੈ। ਰਾਸ਼ਨ ਕਾਰਡ ਦੇ ਡਿਜੀਟਲੀਕਰਨ ਕਾਰਨ ਦੇਸ਼ ਵਿੱਚ ਪੀ.ਡੀ.ਐੱਸ. ਨੂੰ ਜ਼ਿਆਦਾ ਕਾਰਗਰ ਬਣਾਉਣ ਲਈ ਆਧਾਰ ਅਤੇ ਈ.ਕੇ.ਵਾਈ.ਸੀ. ਪ੍ਰਣਾਲੀ ਦੇ ਮਾਧਿਅਮ ਨਾਲ ਪ੍ਰਮਾਣੀਕਰਨ ਕਰਵਾਉਣ ਤੋਂ ਬਾਅਦ ਹੁਣ ਤੱਕ ਫ਼ਰਜ਼ੀ ਮਿਲੇ ਪੰਜ ਕਰੋੜ 80 ਲੱਖ ਤੋਂ ਵੱਧ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਵਿਕਸਤ ਭਾਰਤ ਲਈ ਗ੍ਰਾਮੀਣ ਅਰਥਚਾਰੇ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾਉਣ ਦੇ ਰਾਹ ’ਤੇ ਅੱਗੇ ਵਧੇ। ਇਸ ਨਾਲ ਵੀ ਪੇਂਡੂਆਂ ਦੀ ਆਮਦਨੀ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ ਅਤੇ ਦਿਹਾਤੀ ਗ਼ਰੀਬੀ ਵਿਚ ਹੋਰ ਕਮੀ ਆਵੇਗੀ।

# ਸਮੇਂ ਅਨੁਸਾਰ ਸਹੀ ਹੈ ਸਕੂਲੀ ਸਿੱਖਿਆ ਵਿੱਚ ਆਇਆ ਬਦਲਾਓ



ਪ੍ਰੇਮ ਪਾਲ ਸ਼ਰਮਾ
ਭਾਰਤ ਸਰਕਾਰ ਵਿੱਚ
ਸੰਯੁਕਤ ਸਕੱਤਰ ਰਿਹਾ
ਲੇਖਕ ਸਿੱਖਿਆ ਸ਼ਾਸਤਰੀ ਹੈ

ਇਹ ਸਵਾਗਤਯੋਗ ਹੈ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਦੀ ਇੱਕ ਵੱਡੀ ਤਰੁੱਟੀ ਨੂੰ ਕੇਂਦਰ ਸਰਕਾਰ ਨੇ ਦੂਰ ਕਰ ਦਿੱਤਾ ਹੈ। ਹੁਣ ਨਵੇਂ ਸੈਸ਼ਨ ਤੋਂ ਪੰਜਵੀਂ ਅਤੇ ਅੱਠਵੀਂ ਜਮਾਤ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਹੀ ਅਗਲੀਆਂ ਜਮਾਤਾਂ ਵਿੱਚ ਜਾ ਸਕਣਗੇ। ਸੰਨ 2010 ਤੋਂ ਪੂਰੇ ਦੇਸ਼ ਵਿੱਚ ਅੱਠਵੀਂ ਤੱਕ ਦੀਆਂ ਜਮਾਤਾਂ ਨੂੰ ਪਾਸ-ਫ਼ੇਲ੍ਹ ਦੇ ਨਿਯਮ ਤੋਂ ਮੁਕਤ ਕਰ ਦਿੱਤਾ ਗਿਆ ਸੀ। ਅਜਿਹਾ ਇਸ ਸੀਮਤ ਤਰਕ ਦੀ ਆੜ ਵਿੱਚ ਕੀਤਾ ਗਿਆ ਸੀ ਕਿ ਫ਼ੇਲ੍ਹ ਹੋਣ ਕਾਰਨ ਬੱਚੇ ਸਕੂਲ ਛੱਡ ਦਿੰਦੇ ਹਨ, ਉਨ੍ਹਾਂ ਦਾ ਮਨੋਬਲ ਟੁੱਟ ਜਾਂਦਾ ਹੈ ਅਤੇ ਤਣਾਅ ਵਿੱਚ ਆ ਜਾਂਦੇ ਹਨ।


ਇਸ ਲਈ ਬਿਨਾਂ ਪ੍ਰੀਖਿਆ ਦੇ ਹੀ ਉਨ੍ਹਾਂ ਨੂੰ ਅਗਲੀ ਜਮਾਤ ਵਿੱਚ ਭੇਜ ਦਿੱਤਾ ਜਾ ਰਿਹਾ ਸੀ। ਇਹ ਠੀਕ ਹੈ ਕਿ ਸਿੱਖਿਆ ਦਾ ਅਰਥ ਸਿਰਫ਼ ਪ੍ਰੀਖਿਆ ਨਹੀਂ ਹੈ ਅਤੇ ਪ੍ਰੀਖਿਆ ਦੇ ਤਣਾਅ ਤੋਂ ਵਿਦਿਆਰਥੀਆਂ ਨੂੰ ਮੁਕਤ ਵੀ ਰੱਖਿਆ ਜਾਣਾ ਚਾਹੀਦਾ ਹੈ ਪਰ ਇਸ ਨਿਯਮ ਨੇ ਸਕੂਲੀ ਸਿੱਖਿਆ ਨੂੰ ਤਾਂ ਨੁਕਸਾਨ ਪਹੁੰਚਾਇਆ ਹੀ, ਕਾਲਜ ਸਿੱਖਿਆ ਨੂੰ ਵੀ ਬਰਬਾਦ ਕਰ ਦਿੱਤਾ। ਇਸ ਦਾ ਸਭ ਤੋਂ ਬੁਰਾ ਅਸਰ ਦੇਸ਼ ਭਰ ਦੇ ਸਰਕਾਰੀ ਸਕੂਲਾਂ ’ਤੇ ਹੋਇਆ। ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਗ਼ਰੀਬ ਪਰਿਵਾਰਾਂ ਦੇ ਬੱਚੇ ਪੜ੍ਹਦੇ ਹਨ ਜਿਨ੍ਹਾਂ ਦੀ ਆਰਥਿਕ-ਸਮਾਜਿਕ ਹਾਲਤ ਚੰਗੀ ਨਹੀਂ ਹੁੰਦੀ। ਉਨ੍ਹਾਂ ਕੋਲ ਆਪਣੇ ਬੱਚਿਆਂ ਦੀ ਸਿੱਖਿਆ ਵੱਲ ਧਿਆਨ ਦੇਣ ਲਈ ਨਾ ਵਕਤ ਹੁੰਦਾ ਹੈ, ਨਾ ਸਮਰੱਥਾ। ਕੋਈ ਬੱਚਾ ਘਰ ਤੋਂ ਤਾਂ ਸਕੂਲ ਚਲਿਆ ਗਿਆ ਪਰ ਉਹ ਅਸਲ ਵਿਚ ਸਕੂਲ ਗਿਆ ਜਾਂ ਨਹੀਂ, ਜਾਂ ਉਸ ਨੇ ਕੀ ਪੜ੍ਹਾਈ ਕੀਤੀ, ਇਸ ਦੀ ਜਾਣਕਾਰੀ ਉਦੋਂ ਹੀ ਮਿਲੇਗੀ ਜਦ ਉਹ ਪ੍ਰੀਖਿਆ ਦੇਣ ਤੋਂ ਬਾਅਦ ਪਾਸ ਜਾਂ ਫ਼ੇਲ੍ਹ ਹੋਵੇਗਾ।

ਅੱਠਵੀਂ ਤੱਕ ਫ਼ੇਲ੍ਹ ਨਾ ਕਰਨ ਦੀ ਨੀਤੀ ਕਾਰਨ ਬੱਚੇ ਅਗਲੀ ਜਮਾਤ ਵਿੱਚ ਤਾਂ ਪੁੱਜਦੇ ਜਾ ਰਹੇ ਸਨ ਪਰ ਉਨ੍ਹਾਂ ’ਚੋਂ ਕਈਆਂ ਨੂੰ ਆਉਂਦਾ-ਜਾਂਦਾ ਕੁਝ ਵੀ ਨਹੀਂ ਸੀ। ਇਸ ਨਾਲ ਅਗਲੀ ਸ਼੍ਰੇਣੀ ਦੇ ਅਧਿਆਪਕਾਂ ਦੇ ਸਾਹਮਣੇ ਵੀ ਕਈ ਸਮੱਸਿਆਵਾਂ ਖੜ੍ਹੀਆਂ ਹੋਣ ਲੱਗੀਆਂ ਸਨ। ਨਤੀਜੇ ਵਜੋਂ ਸਕੂਲੀ ਸਿੱਖਿਆ ਵਿੱਚ ਹੋਰ ਵੀ ਗਿਰਾਵਟ ਆਉਂਦੀ ਗਈ। ਬੀਤੇ ਇੱਕ ਦਹਾਕੇ ਤੋਂ ਪ੍ਰਾਇਮਰੀ ਅਤੇ ਇਸ ਵਰਗੀਆਂ ਦੂਜੀਆਂ ਸੰਸਥਾਵਾਂ ਦੇ ਸਰਵੇ ਵਾਰ-ਵਾਰ ਇਸ ਗੱਲ ਵੱਲ ਇਸ਼ਾਰਾ ਕਰ ਰਹੇ ਸਨ ਕਿ ਅੱਠਵੀਂ ਦੇ ਬੱਚੇ ਨੂੰ ਚੌਥੀ ਕਲਾਸ ਦਾ ਗਣਿਤ ਨਹੀਂ ਆਉਂਦਾਜਾਂ ਪੰਜਵੀਂ ਦਾ ਬੱਚਾ ਦੂਜੀ ਜਮਾਤ ਦੀ ਹਿੰਦੀ ਦੀ ਕਿਤਾਬ ਵੀ ਨਹੀਂ ਪੜ੍ਹ ਸਕਦਾ। ਅਜਿਹੀਆਂ ਰਿਪੋਰਟਾਂ ਆਉਣ ਤੋਂ ਬਾਅਦ ਦੋ-ਚਾਰ ਦਿਨ ਤਾਂ ਸਿੱਖਿਆ ਵਿਵਸਥਾ ’ਤੇ ਕੁਝ ਸਵਾਲ ਉੱਠਦੇ ਪਰ ਉਸ ਵਿੱਚ ਸੁਧਾਰ ਬਾਰੇ ਕਦੇ ਗੰਭੀਰਤਾ ਨਾਲ ਨਹੀਂ ਸੋਚਿਆ ਜਾਂਦਾ। ਅਜਿਹੇ ਵਿੱਚ ਨਿੱਜੀ ਸਕੂਲ ਸਰਕਾਰੀ ਸਕੂਲਾਂ ਦੇ ਮੁਕਾਬਲੇ ਹੋਰ ਅੱਗੇ ਵਧਦੇ ਚਲੇ ਜਾ ਰਹੇ ਸਨ। ਜਿਨ੍ਹਾਂ ਸਲਾਹਕਾਰਾਂ ਨੇ ਬੱਚਿਆਂ ਨੂੰ ਸਕੂਲ ਨਾ ਛੱਡਣ ਦੇਣ ਲਈ ਫ਼ੇਲ੍ਹ ਨਾ ਕਰਨ ਦਾ ਆਸਾਨ ਰਸਤਾ ਅਪਣਾਇਆ, ਉਨ੍ਹਾਂ ਨੇ ਅਜਿਹਾ ਕੋਈ ਸੁਝਾਅ ਨਹੀਂ ਦਿੱਤਾ, ਜਿਸ ਨਾਲ ਇਸ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ।



ਜਦ ਇਹੀ ਬੱਚੇ ਨੌਵੀਂ-ਦਸਵੀਂ ਵਿੱਚ ਕਈ-ਕਈ ਵਾਰ ਮੌਕੇ ਦੇਣ ਦੇ ਬਾਵਜੂਦ ਫ਼ੇਲ੍ਹ ਹੁੰਦੇ ਗਏ ਤਾਂ ਮਜਬੂਰ ਹੋ ਕੇ ਸੂਬਾ ਸਰਕਾਰਾਂ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਫ਼ੇਲ੍ਹ ਨਾ ਕਰਨ ਦੀ ਨੀਤੀ ਤੁਰੰਤ ਸਮਾਪਤ ਕੀਤੀ ਜਾਵੇ ਕਿਉਂਕਿ ਇਸ ਨਾਲ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਹੋਰ ਵਿਗੜ ਜਾਵੇਗਾ। ਸੰਨ 2016 ਵਿੱਚ ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਨੇ ਸੂਬਿਆਂ ਦੀ ਗੱਲ ’ਤੇ ਧਿਆਨ ਦਿੰਦੇ ਹੋਏ ਇਸ ਨੀਤੀ ਨੂੰ ਬਦਲਣ ਦੀ ਸਲਾਹ ਕੇਂਦਰ ਸਰਕਾਰ ਨੂੰ ਦਿੱਤੀ। ਸੰਨ 2019 ਵਿੱਚ ਕੇਂਦਰ ਨੇ ਸੂਬਿਆਂ ਦੀ ਸਹਿਮਤੀ ਨਾਲ ਇਹ ਸੋਧ ਤਾਂ ਕਰ ਦਿੱਤੀ ਕਿ ਪ੍ਰੀਖਿਆ ਤੋਂ ਬਾਅਦ ਹੀ ਬੱਚਿਆਂ ਨੂੰ ਅਗਲੀਆਂ ਜਮਾਤਾਂ ਵਿੱਚ ਪ੍ਰਮੋਟ ਕੀਤਾ ਜਾਵੇਗਾ ਪਰ ਇਸ ਨੂੰ ਲਾਗੂ ਕਰਨ ਬਾਰੇ ਸੂਬਿਆਂ ਉੱਤੇ ਛੱਡ ਦਿੱਤਾ ਕਿਉਂਕਿ ਸਿੱਖਿਆ ਦਾ ਅਧਿਕਾਰ ਸਮਵਰਤੀ ਸੂਚੀ ਦਾ ਕਾਨੂੰਨ ਹੈ, ਇਸ ਲਈ ਬਿਨਾਂ ਦੋ-ਤਿਹਾਈ ਸੂਬਾ ਸਰਕਾਰਾਂ ਦੀ ਸਹਿਮਤੀ ਦੇ ਇਹ ਸੰਭਵ ਨਹੀਂ ਸੀ। ਦਿੱਲੀ, ਅਸਾਮ, ਬਿਹਾਰ, ਗੁਜਰਾਤ, ਹਿਮਾਚਲ ਸਮੇਤ 16 ਸੂਬਿਆਂ ਨੇ ਇਸ ਨੂੰ ਬਦਲ ਦਿੱਤਾ ਪਰ ਕਰਨਾਟਕ, ਛੱਤੀਸਗੜ੍ਹ, ਉੱਤਰ ਪ੍ਰਦੇਸ਼ ਵਰਗੇ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪੰਜਵੀਂ ਤੇ ਅੱਠਵੀਂ ਜਮਾਤ ਵਿਚ ਫ਼ੇਲ੍ਹ ਨਾ ਕਰਨ ਦੀ ਨੀਤੀ ’ਤੇ ਹੀ ਚੱਲ ਰਹੇ ਸਨ। ਹੁਣ ਕੇਂਦਰ ਸਰਕਾਰ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਸਾਰੇ ਸਕੂਲਾਂ ਵਿੱਚ ਪੰਜਵੀਂ ਤੇ ਅੱਠਵੀਂ ਜਮਾਤ ਵਿਚ ਫ਼ੇਲ੍ਹ ਕਰਨ ਦੀ ਨੀਤੀ ਇਸੇ ਸੈਸ਼ਨ ਤੋਂ ਲਾਗੂ ਕਰ ਦਿੱਤੀ ਗਈ ਹੈ।







ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## 19 ਜਨਵਰੀ, 1922 'ਤੇ ਵਿਸ਼ੇਸ਼

# ਚਾਬੀਆਂ ਦਾ ਮੋਰਚਾ

ਸੰਨ 1849 ਵਿਚ ਅੰਗਰੇਜ਼ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਹੋਏ ਸੰਚਾਲਕਾਂ ਦੇ ਹੱਥ ਵਿਚ ਦਿੱਤਾ। ਬਾਕੀ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤ ਪੁਜਾਰੀ ਵੀ ਸਰਕਾਰੀ ਹੀ ਸਨ। ਉਨ੍ਹਾਂ ਦੀਆਂ ਗੁਰਮਤਿ ਮਰਯਾਦਾ ਭੰਗ ਕਰਨ ਦੀਆਂ ਮਨਮਾਨੀਆਂ ਦਾ ਜ਼ੋਰ ਸੀ। ਗੁਰੂ ਸਿੰਘ ਸਭਾ ਦੇ ਆਗੂਆਂ ਨੇ ਉਨ੍ਹਾਂ ਦੀਆਂ ਕੋਝੀਆਂ ਹਰਕਤਾਂ ਖਤਮ ਕਰਨ ਦੇ ਯਤਨਾ ਵਿਚ ਗੁਰਮਤਿ ਮਰਯਾਦਾ ਬਹਾਲ ਕਰਨ ਦਾ ਪ੍ਰਚਾਰ ਸ਼ੁਰੂ ਕੀਤਾ। ਸਭਾ ਨੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗ੍ਰਿਤ ਕੀਤਾ। ਜਿਸ ਨਾਲ ਸਿੱਖ ਧਰਮ ਵਿਚ ਸੁਧਾਰ ਹੋਣ ਲੱਗਾ। ਇਸ ਸਮੇਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਸਜੇ ਦੀਵਾਨਾਂ ਵਿਚ ਦੁਰਾਚਾਰੀ ਪ੍ਰਬੰਧਕਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ। ਪਰ ਉਨ੍ਹਾਂ ਨੂੰ ਤਾਂ ਸਰਕਾਰੀ ਸ਼ਹਿ ਪ੍ਰਾਪਤ ਸੀ। ਸੰਗਤਾਂ 'ਤੇ ਸਰਕਾਰੀ ਦਬਾਅ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਤਾਂ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।



ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਆ ਚੁੱਕਾ ਸੀ ਪਰ ਅੰਗਰੇਜ਼ ਹਕੂਮਤ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਕਾਰੀ ਨਿਗਰਾਨ ਨਿਯੁਕਤ ਕਰ ਲਿਆ। ਜਿਸ ਦੇ ਕੋਲ ਖਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਜਾਣ ਲਿਆ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਸਰਕਾਰੀ ਦਖ਼ਲਅੰਦਾਜ਼ੀ ਹੈ। ਇਹ ਗੁਰਦੁਆਰਿਆਂ ਤੇ ਸਰਕਾਰੀ ਕਬਜ਼ਾ ਰੱਖਣ ਦੀ ਚਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 20, 1921 ਨੂੰ ਇਹ ਫੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਸੌਂਪਣੀਆਂ ਚਾਹੀਦੀਆਂ ਹਨ। ਨਵੰਬਰ 7, 1921 ਨੂੰ ਜ਼ਿਲ੍ਹਾ ਅਧਿਕਾਰੀ ਅੰਮ੍ਰਿਤਸਰ ਨੇ ਚਾਬੀਆਂ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਤੋਂ ਚਾਬੀਆਂ ਲੈ ਕੇ ਸਰਕਾਰੀ ਕਬਜ਼ੇ ਵਿਚ ਕਰ ਲਈਆਂ। ਨਵੰਬਰ 11, 1921 ਨੂੰ ਸਰਕਾਰ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਬਦਲ ਕੇ ਕਪਤਾਨ ਬਹਾਦਰ ਸਿੰਘ ਜੀ ਨੂੰ ਨਿਗਰਾਨ ਨਿਯੁਕਤ ਕਰ ਦਿੱਤਾ। ਸੰਗਤਾਂ ਨੇ ਇਸ ਦਾ ਵਿਰੋਧ ਕੀਤਾ ਜੋ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ।

ਨਵੰਬਰ 12, 1921 ਨੂੰ ਰੋਸ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹੇ ਹੀ ਰੋਸ ਵਿਦਰੋਹ ਗੁੱਜਰਾਂਵਾਲਾ, ਗੁਜਰਖਾਨ ਅਤੇ ਅਜਨਾਲਾ ਵਿਖੇ ਵੀ ਹੋਇਆ। ਕੈਪਟਨ ਬਹਾਦਰ ਸਿੰਘ ਜੀ ਨੇ ਅਸਤੀਫ਼ਾ ਦੇ ਦਿੱਤਾ। ਸਰਕਾਰੀ ਟਕਰਾਉ ਜਾਰੀ ਰਿਹਾ। ਸਰਕਾਰ ਨੇ ਜਬਰੀ ਕਬਜਾ ਕਰਕੇ ਚਾਬੀਆਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਨੂੰ 26 ਨਵੰਬਰ, 1921 ਨੂੰ ਅਜਨਾਲਾ ਦੇ ਦੀਵਾਨ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰਦੁਆਰਾ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਅੰਮ੍ਰਿਤਸਰ ਦੀ ਇਕੱਤਰਤਾ ਮੁਲਤਵੀ ਕਰ ਦਿੱਤੀ। ਪਰ 50 ਤੋਂ ਵੱਧ ਮੈਂਬਰ ਅਜਨਾਲਾ ਦੀਵਾਨ ਜਾਰੀ ਰੱਖਣ ਲਈ ਪੁੱਜ ਗਏ। ਸਰਦਾਰ ਬਹਾਦਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਆਦਿ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। ਨਵੰਬਰ 27, 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ। ਸੰਗਤਾਂ ਨੂੰ 4 ਦਸੰਬਰ 1921 ਨੂੰ ਰੋਸ ਦਿਵਸ ਰੱਖਣ ਦੀ ਅਪੀਲ ਕੀਤੀ। ਜਿਸ ਨਾਲ ਮੋਰਚਾ ਜੋਰ ਪਕੜ ਗਿਆ। ਸਰਕਾਰ ਵੀ ਬੇਵੱਸ ਹੋ ਗਈ ਸੀ ਅੰਗਰੇਜ਼ ਸਰਕਾਰ ਨੇ ਵਕਤ ਵਿਚਾਰਿਆ ਕਿ ਭਾਰੀ ਮੋਰਚੇ ਦੇ ਅਸਰ ਹੇਠ ਫੌਜ ਅਤੇ ਕਿਸਾਨ ਵੀ ਬਾਗੀ ਹੋ ਜਾਣਗੇ। ਜਿਸ ਦਾ ਆਰਥਿਕ ਵਿਕਾਸ ਤੇ ਅਸਰ ਹੋਵੇਗਾ। ਰੋਜ਼ਮਰਾ ਦੇ ਕੰਮਕਾਰ ਵੀ ਠੱਪ ਹੋ ਕੇ ਰਹਿ ਜਾਣਗੇ। ਜਿਸ ਨਾਲ ਸਰਕਾਰ ਦੀ ਮਾਲੀ ਸਥਿਤੀ ਵਿਗੜ ਸਕਦੀ ਹੈ।


ਜਨਵਰੀ 3, 1922 ਨੂੰ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਜਨਵਰੀ 5, 1921 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਪੁਰਬ ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਉਦੋਂ ਤੱਕ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਸਾਰੇ ਸਿੰਘ ਰਿਹਾਅ ਨਹੀਂ ਹੋ ਜਾਂਦੇ।

ਜਨਵਰੀ 19, 1922 ਨੂੰ ਸਰ ਜੌਹਨ ਮੇਨਾਰਡ ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਫਿਰ ਵੀ ਸੰਗਤਾਂ ਨੇ ਜ਼ਿਲ੍ਹਾ ਅਧਿਕਾਰੀ ਕੋਲ ਜਾ ਕੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸਰਕਾਰੀ ਅਧਿਕਾਰੀ ਨੇ ਅਕਾਲ ਤਖਤ ਸਾਹਿਬ ਦੇ ਦੀਵਾਨ ਵਿਚ ਪਹੁੰਚ ਕੇ ਚਾਬੀਆਂ ਲਾਲ ਕੱਪੜੇ ਵਿਚ ਵਲੇਟ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਸਿੱਖ ਪੰਥ ਦੀ ਸ਼ਾਨਦਾਰ ਜਿੱਤ ਹੋਈ। ਅਕਾਲੀਆਂ ਦੀ ਇਸ ਜਿੱਤ ਦਾ ਦੇਸ਼ ਭਰ ਵਿਚ ਸਵਾਗਤ ਹੋਇਆ। ਜਨਤਕ ਮੋਰਿਆਂ ਦਾ ਰਾਹ ਖੁੱਲ੍ਹਿਆ।ਵਕਤੀ ਵਕਫ਼ਾ ਪਾ ਕੇ ਅੰਗਰੇਜ਼ ਹਕੂਮਤ ਆਪਣੀ ਹਾਰ ਦਾ ਬਦਲਾ ਲੈਣ ਤੇ ਉਤਰ ਆਈ। ਸਿੰਘਾਂ ਦੀਆਂ ਨਜਾਇਜ਼ ਗ੍ਰਿਫਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੇ ਪੁੱਜ ਗਈ। ਸਿੰਘਾਂ ਦੇ ਰੋਜ਼ਾਨਾ ਜੀਵਨ ਤੇ ਵੀ ਸਖਤੀ ਹੋਣ ਲੱਗੀ। ਸਰਕਾਰ ਵਿਰੁਧ ਜਨਤਕ ਲਹਿਰਾਂ ਉਠੀਆਂ। ਸਿੰਘਾਂ ਨੂੰ ਹੋਰ ਬੜੇ ਮੋਰਚੇ ਲਾਉਣੇ ਪਏ। ਇਸ ਤਰ੍ਹਾਂ ਚਾਬੀਆਂ ਦਾ ਮੋਰਚਾ ਇਤਿਹਾਸਕ ਹੋ ਗਿਆ।

# ਪ੍ਰੋ. ਬਲਵੰਤ ਸਿੰਘ ਢਿੱਲੋਂ ਵੱਲੋਂ ਲਿਖੀ ਗਈ ਭਾਵਪੂਰਤ ਅਤੇ ਪ੍ਰੇਰਨਾਮਈ ਚਿੱਠੀ

ਗੁਰੂ ਪਿਆਰੇ, ਪ੍ਰੋ. ਪਰਮਵੀਰ ਸਿੰਘ ਆਪਣੀ ਨਵ-ਪ੍ਰਕਾਸ਼ਿਤ ਪੁਸਤਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਮਹੱਤਵਪੂਰਨ ਮਤੇ ਤੇ ਫ਼ੈਸਲੇ ਮੁਹੱਈਆ ਕਰਵਾਉਣ ਲਈ ਆਪ ਦਾ ਬੇਹੱਦ ਸ਼ੁਕਰੀਆ। ਇਸ ਮਹੱਤਵਪੂਰਣ ਖੋਜ-ਪ੍ਰੋਜੈਕਟ ਨੂੰ ਸਫਲਤਾ ਸਹਿਤ ਸਿਰੇ ਚਾੜ੍ਹਨ, ਵਿਧੀਵਧ ਤਰਤੀਬ ਤੇ ਸੁਚੱਜੀ ਪੇਸ਼ਕਾਰੀ ਲਈ ਢੇਰ ਸਾਰੀਆਂ ਮੁਬਾਰਕਾਂ।

ਮੈਂ ਮਹਿਸੂਸ ਕਰਦਾ ਹਾਂ ਕਿ ਇਸ ਵਿੱਚ ਆਪ ਦੀ ਅਤੇ ਆਪ ਦੇ ਸਹਿਯੋਗੀਆਂ ਦੀ ਸਾਲਾਂ-ਬੱਧੀ ਅਣਥਕ ਮਿਹਨਤ, ਲਗਨ, ਪੇਸ਼ਾਵਰਾਨਾ ਸੂਝ ਤੇ ਨੀਝ ਦਾ ਬਹੁਤ ਵੱਡਾ ਯੋਗਦਾਨ ਹੈ। ਇਹੋ ਜਿਹੀਆਂ ਸਰੋਤ ਪੁਸਤਕਾਂ ਮੇਰੇ ਦਿਲ ਦੇ ਬਹੁਤ ਕਰੀਬ ਹਨ, ਕਿਉਂਕਿ ਸਰੋਤ ਮਨੁਖੀ ਸਰੀਰ ਦੇ ਵਾਂਗ ਇਤਿਹਾਸ ਨੂੰ ਜਿੰਦਾ ਰੱਖਣ ਲਈ ਖ਼ੂਨ ਤੇ ਆਕਸੀਜਨ ਦੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਸਰੋਤਾਂ ਦੇ ਆਧਾਰ ਉਤੇ ਹੀ ਪੁਰਾਣੀਆਂ ਮਾਨਤਾਵਾਂ ਵਿੱਚ ਸ਼ੋਧ ਦੀ ਗੁਜਾਇਸ਼ ਦੀ ਸੰਭਾਵਨਾ ਬਣਦੀ ਹੈ। ਆਪ ਦੀ ਇਸ ਰਚਨਾ ਨੇ ਸਿੱਖ ਪੰਥ ਅਤੇ ਪੰਜਾਬ ਦੇ ਵੀਹਵੀਂ ਸਦੀ ਦੇ ਇਤਿਹਾਸਕ ਦਸਤਾਵੇਜ਼ਾਂ ਨੂੰ ਅਲੋਪ ਹੋ ਜਾਣ ਦੀ ਕਗਾਰ ਤੋਂ ਬਚਾ ਲਿਆ ਹੈ ਤੇ ਇਨ੍ਹਾਂ ਦੀ ਸਿੱਖ ਪੰਥ ਦੀ ਜਨਤਕ ਕਚਹਿਰੀ ਵਿੱਚ ਮੁੜ ਦਸਤਕ ਦਿਵਾ ਦਿੱਤੀ ਹੈ। ਇਸ ਵਿੱਚ ਪਿਛਲੇ 104 ਵਰ੍ਹਿਆਂ ਦੀ ਸਿੱਖ ਲੀਡਰਸ਼ਿਪ ਦੇ ਨਾਲ ਵਕਤਨ-ਬਵਕਤਨ ਸਿੱਖ ਪੰਥ ਨੂੰ ਦਰਪੇਸ਼ ਮੁੱਦਿਆਂ ਬਾਰੇ ਜਾਣਕਾਰੀ ਤੋਂ ਇਲਾਵਾ ਉਸ ਵਕਤ ਦੇ ਸਿੱਖ ਨੇਤਾਵਾਂ ਦੀ ਵਿਕਟ ਮਾਹੌਲ ਵਿਚ ਪੰਜਾਬ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਸਭਿਆਚਾਰਕ, ਆਦਿ ਸਰੋਕਾਰਾਂ ਬਾਰੇ ਦਿਖਾਈ ਸੂਝ ਤੇ ਪ੍ਰਤਿਬਧਤਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।




ਨਿਰਸੰਦੇਹ ਅਜੋਕੇ ਦੌਰ ਵਿੱਚ ਸਿੱਖ ਪੰਥ ਨੇਤਰਤਵ ਦੇ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਪਰ ਸਿੱਖ ਪੰਥ ਬੜਾ ਖੁਸ਼ਕਿਸ਼ਮਤ ਹੈ ਕਿ ਇਸ ਨੂੰ ਬੁਨਿਆਦੀ ਧਾਰਮਿਕ ਸਿਧਾਂਤ, ਸੰਸਥਾਵਾਂ ਤੇ ਤਹਿਜ਼ੀਬ ਗੁਰੂ-ਬਖ਼ਸ਼ਿਸ਼ ਵਜੋਂ ਵਿਰਸੇ ਵਿੱਚ ਪ੍ਰਾਪਤ ਹੋਈਆਂ ਹਨ ਅਤੇ ਕੁਝ-ਕੁ ਨੂੰ ਸਿੱਖ ਪੰਥ ਨੇ ਆਪਣੇ ਦੀਨ-ਦੁਨੀਆ ਦੇ ਸਰੋਕਾਰਾਂ ਦੀ ਰਾਖੀ ਹਿਤ ਆਪਣੇ ਇਤਿਹਾਸਕ ਤਜ਼ਰਬੇ ਦੇ ਮੁਤਾਬਿਕ ਕਾਇਮ ਕੀਤਾ ਹੈ। ਇਤਿਹਾਸਕਾਰ ਬਖ਼ੂਬੀ ਜਾਣਦੇ ਹਨ ਕਿ ਸਰਬੱਤ ਖ਼ਾਲਸਾ ਤੇ ਗੁਰਮਤਾ ਜਿਹੀਆਂ ਸੰਸਥਾਵਾਂ ਸਿੱਖ ਪੰਥ ਦੇ ਪੇਚੀਦਾ ਮਸਲਿਆਂ ਨੂੰ ਸੁਲਝਾਉਣ ਲਈ ਰਾਹ-ਦਿਸੇਰਾ ਬਣਕੇ ਬਹੁੜੀਆਂ ਸਨ ਅਤੇ ਸਿੱਖ ਪੰਥ ਵਿੱਚ ਨੇਤਰਤਵ ਦੀ ਅਣਹੋਂਦ ਦੇ ਖਲਾਅ ਨੂੰ ਭਰਨ ਵਿੱਚ ਇਤਿਹਾਸਿਕ ਭੂਮਿਕਾ ਨਿਭਾਈ ਸੀ।

20ਵੀਂ ਸਦੀ ਦੀਆਂ ਦੋ ਸਿੱਖ ਸੰਸਥਾਵਾਂ ਮਸਲਨ ਸ਼੍ਰੋਮਣੀ ਗੁਰਦੁਆਰਾ ਪਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਉਕਤ ਫਲਸਫੇ ਤੇ ਤਹਿਜ਼ੀਬ ਦੀ ਉਪਜ ਹਨ ਅਤੇ ਇਨ੍ਹਾਂ ਦਾ ਇਤਿਹਾਸ ਇਕ-ਦੂਜੇ ਨਾਲ ਓਤਪੋਤ ਹੈ। ਇਨ੍ਹਾਂ ਦੋਨਾਂ ਸੰਸਥਾਵਾਂ ਦੀ ਜਾਇਜ਼ਕਰਾਰੀ ਅਤੇ ਸਿੱਖ ਅਤੇ ਪੰਜਾਬ ਦੇ ਇਤਿਹਾਸ ਉਪਰ ਇਨ੍ਹਾਂ ਦੇ ਪ੍ਰਭਾਵ/ਛਾਪ ਦੀ ਜਾਣਕਾਰੀ ਨੂੰ ਜਾਂਚਣ-ਪਰਖਣ ਲਈ ਆਪ ਜੀ ਦੀ ਕਿਤਾਬ ਪ੍ਰਮਾਣੀਕ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਪੁਸਤਕ ਵਿੱਚ ਸ਼ਾਮਿਲ ਮਤਿਆਂ ਵਿੱਚ ਉਕਤ ਦੋਨਾਂ ਸੰਸਥਾਵਾਂ ਦੇ ਸਿੱਖ ਨੇਤਾਵਾਂ ਦੁਆਰਾ ਪ੍ਰਗਟਾਈ ਜਾਗਰੂਕਤਾ, ਦ੍ਰਿੜਤਾ ਤੇ ਕੁਰਬਾਨੀ ਦਾ ਜਜ਼ਬਾ ਨਿਸਚਿਤ ਤੌਰ 'ਤੇ ਨਵੀਂ ਪੀੜ੍ਹੀ ਨੂੰ ਵਿਰਸਾ ਸੰਭਾਲ ਲਈ ਹਾਕਾਂ ਮਾਰਨ ਤੋਂ ਇਲਾਵਾ ਮੌਜੂਦਾ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਨੂੰ ਆਪਣੀ ਕਾਰਗੁਜ਼ਾਰੀ ਬਾਰੇ ਆਤਮ-ਚਿੰਤਨ ਦੀ ਦੁਹਾਈ ਵੀ ਦਿੰਦਾ ਰਹੇਗਾ।

ਇਹ ਪੁਸਤਕ ਜਿੱਥੇ ਪਿਛਲੀ ਇੱਕ ਸਦੀ ਦੇ ਸਿੱਖ ਪੰਥ ਦੇ ਸਿਆਸੀ ਤੇ ਧਾਰਮਿਕ ਪਿੜ ਵਿੱਚ ਹੋ ਗੁਜ਼ਰੀਆਂ ਸ਼ਖ਼ਸੀਅਤਾਂ ਨਾਲ ਜਾਣ-ਪਹਿਚਾਨ ਕਰਾਉਣ ਦੇ ਨਾਲ ਪਾਠਕਾਂ ਤੇ ਖੋਜਾਰਥੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਮੁਲੰਕਣ ਕਰਨ ਦਾ ਮੌਕਾ ਵੀ ਪ੍ਰਦਾਨ ਕਰੇਗੀ। ਸਿੱਖ ਪੰਥ ਦੀ ਤਹਿਜ਼ੀਬ 'ਦੁਨੀਆਂ ਕਾਰਨ ਦੀਨ ਗਵਾਇਆ' ਵਿੱਚ ਯਕੀਨ ਨਹੀਂ ਰੱਖਦੀ ਤੇ ਨਾ ਹੀ ਇਸ ਦੀ ਪੈਰਵੀ ਕਰਨ ਲਈ ਸਿੱਖਾਂ ਨੂੰ ਪ੍ਰੇਰਨਾ ਦਿੰਦੀ ਹੈ; ਬਲਕਿ ਹੱਕ, ਸੱਚ, ਨੇਕੀ ਇਨਸਾਫ਼ ਅਤੇ ਧਰਮ ਦੀ ਖਾਤਰ ਦਨਿਆਵੀ ਹਿਤਾਂ ਤੇ ਸੁਖ ਆਰਾਮ ਨੂੰ ਕੁਰਬਾਨ ਕਰਨ ਦਾ ਸਬਕ ਸਿਖਾਉਂਦੀਹੈ। ਵਿਚਾਰਾਧੀਨ ਪੁਸਤਕ ਗੁਰਦੁਆਰਾ ਸੁਧਾਰ ਲ਼ਹਿਰ ਅਧੀਨ ਜੈਤੋ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਅਤੇ ਸਿੱਖ ਪੰਥ ਦੀ ਸਿਆਸੀ ਜਮਾਤ, ਅਕਾਲੀ ਦਲ ਦੀ ਜਾਇਜ਼ਕਰਾਰੀ ਤੇ ਉਦੇਸ਼, ਸਿੱਖ ਰਹਿਤ ਮਰਯਾਦਾ ਨੂੰ ਪਰਿਭਾਸ਼ਿਤ ਕਰਨ ਵਾਲੇ ਧਾਰਮਿਕ ਮਸਲਿਆਂ ਬਾਰੇ ਭਰੋਸੇਯੋਗ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਸ ਵਿੱਚ ਸ਼ਾਮਿਲ ਮਤੇ ਪੰਜਾਬ ਦੇ ਬਟਵਾਰੇ ਦਾ ਦੁਖਾਂਤ, ਪੰਜਾਬੀ ਸੂਬੇ ਦੇ ਅੰਦੋਲਨ, ਜੂਨ 1984 ਵਿੱਚ ਭਾਰਤੀ ਫੌਜ ਦਾ ਦਰਬਾਰ ਸਾਹਿਬ ਉੱਪਰ ਹਮਲਾ ਤੇ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਦੇ ਕਾਲੇ ਦੌਰ ਵਿੱਚ ਸਿੱਖ ਨਸਲ-ਕੁਸ਼ੀ ਬਾਰੇ ਵੀ ਰੌਸ਼ਨੀ ਪਾਉਂਦੇ ਹਨ। ਇਨ੍ਹਾਂ ਮਤਿਆਂ ਦਾ ਦਾਇਰਾ ਬਹੁਤ ਵਸੀਹ ਹੈ ਜੋ ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ ਸਰੋਕਾਰਾਂ ਵਿਸ਼ੇਸ਼ ਕਰਕੇ ਦਲਿਤ ਭਾਈਚਾਰੇ ਦੀ ਭਾਗੀਦਾਰੀ, ਸਮਾਜਿਕ ਬੁਰਾਈਆਂ, ਸਿੱਖ ਪੰਥ ਵਿੱਚ ਪਤਿਤਪੁਣੇ ਦਾ ਖਾਤਮੇ ਦੀ ਪ੍ਰੇਰਨਾ ਦੇ ਨਾਲ ਪੂਰੇ ਭਾਰਤੀ ਉਪ ਮਹਾਂਦੀਪ ਦੇ ਸਿੱਖਾਂ ਅਤੇ ਵਿਸ਼ਵ ਸਿੱਖ ਭਾਈਚਾਰੇ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ।

ਇਹ ਪੁਸਤਕ ਇੱਕ ਆਲ੍ਹਾ ਦਰਜੇ ਦੀ ਸੰਦਰਭ-ਕੋਸ਼ ਹੈ ਜਿਸ ਦੀ ਸੰਰਚਨਾ ਜਟਿਲ ਨਹੀਂ ਬਲਕਿ ਪਾਠਕ ਹਿਤੈਸ਼ੀ ਹੈ। ਖੋਜਾਰਥੀ ਆਪਣੀ ਰੁਚੀ ਦੇ ਵਿਸ਼ੇ ਨੂੰ ਬਿਨਾ ਕਿਸੇ ਦੇਰੀ ਦੇ ਇਸ ਵਿਚੋਂ ਲੱਭ ਸਕਦੇ ਹਨ। ਮੈਨੂੰ ਪੂਰਨ ਉਮੀਦ ਹੈ ਕਿ ਭਵਿਖ ਵਿੱਚ ਸਿੱਖ ਧਰਮ-ਅਧਿਐਨ ਤੇ ਪੰਜਾਬ ਦੇ ਇਤਿਹਾਸ ਉੱਪਰ ਖੋਜ-ਕਾਰਜ ਕਰਨ ਵਾਲੇ ਵਿਦਵਾਨਾਂ ਲਈ ਆਧਾਰ-ਭੂਤ ਸਮਗ੍ਰੀ ਜੁਟਾਉਣ ਦਾ ਹੱਕ ਅਦਾ ਕਰੇਗੀ ਅਤੇ ਇਸ ਵਿੱਚ ਸ਼ਾਮਿਲ ਮਤੇ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਦੇ ਲਈ ਰਾਹ ਪੱਧਰਾ ਕਰਨਗੇ। ਇਸ ਉਤਮ ਕਿਸਮ ਦੀ ਪ੍ਰਕਾਸ਼ਨਾ ਦਾ ਸਵਾਗਤ ਕਰਦਾ ਹੋਇਆ, ਮੈਂ ਆਪ ਜੀ ਨੂੰ ਹਾਰਦਿਕ ਵਧਾਈ ਦਿੰਦਾ ਹਾਂ।

**ਪ੍ਰੋ. ਬਲਵੰਤ ਸਿੰਘ ਢਿੱਲੋਂ**
ਸਾਬਕਾ ਡਾਇਰੈਕਟਰ
ਗੁਰੂ ਗ੍ਰੰਥ ਸਾਹਿਬ ਸਟਡੀਜ਼ ਸੈਂਟਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ




### ਅਪਣੱਤ, ਪਿਆਰ, ਖਟਾਸ ਤੇ ਮਿਠਾਸ ਨਾਲ ਭਰਿਆ ਹੁੰਦੈ

# ਨਨਾਣ-ਭਰਜਾਈ ਦਾ ਰਿਸ਼ਤਾ



**ਗਗਨਦੀਪ ਧਾਲੀਵਾਲ**

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਵਿੱਚ ਵਿਚਰਦਿਆਂ ਕਈ ਰਿਸ਼ਤੇ ਨਿਭਾਉਂਦਾ ਹੈ। ਇੱਕ ਔਰਤ ਵੀ ਕਈ ਰੂਪਾਂ ਵਿੱਚ ਰਿਸ਼ਤੇ ਨਿਭਾਉਂਦੀ ਹੈ ਜਿਵੇਂ ਕਿ ਮਾਂ, ਧੀ, ਭੈਣ, ਪਤਨੀ, ਨੂੰਹ, ਸੱਸ, ਨਨਾਣ, ਭਰਜਾਈ ਆਦਿ। ਇਨ੍ਹਾਂ ਰਿਸ਼ਤਿਆਂ ਵਿੱਚੋਂ ਇੱਕ ਅਨੋਖਾ ਰਿਸ਼ਤਾ ਨਨਾਣ-ਭਰਜਾਈ ਦਾ ਹੁੰਦਾ ਹੈ ਜੋ ਕਿ ਅਪਣੱਤ, ਪਿਆਰ, ਖਟਿਆਸ, ਮਠਿਆਸ ਨਾਲ ਭਰਿਆ ਹੁੰਦਾ ਹੈ। ਪਤੀ ਦੀ ਭੈਣ ਨੂੰ ਨਣਾਨ ਆਖਿਆ ਜਾਂਦਾ ਹੈ। ਜਦੋਂ ਨਵੀਂ ਵਿਆਹੀ ਕੁੜੀ ਸਹੁਰੇ ਘਰ ਆਉਂਦੀ ਹੈ ਤਾਂ ਉਸਨੂੰ ਕਈ ਰਿਸ਼ਤੇ ਨਿਭਾਉਣੇ ਪੈਂਦੇ ਹਨ। ਉਹ ਇੱਕ ਰਿਸ਼ਤਾ ਨਨਾਣ-ਭਰਜਾਈ ਦਾ ਵੀ ਨਿਭਾਉਂਦੀ ਹੈ।

ਨਣਾਨ ਨੂੰ ਮਲਵਈ ਬੋਲੀ ਵਿੱਚ 'ਨਣਦ' ਵੀ ਕਿਹਾ ਜਾਂਦਾ ਹੈ। ਦੇਖਣ ਵਿੱਚ ਆਉਂਦਾ ਹੈ ਕਿ ਕਈ ਵਾਰ ਕੁੜੀ ਦੇ ਸਹੁਰੇ ਘਰ ਆਉਣ ਤੋਂ ਪਹਿਲਾਂ ਹੀ ਨਣਾਨ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਵਿਆਹੀਆਂ ਹੋਈਆਂ ਨਣਾਨਾਂ ਦਾ ਭਰਜਾਈ ਨਾਲ ਮੇਲ-ਮਿਲਾਪ ਬਹੁਤ ਘੱਟ ਹੁੰਦਾ ਹੈ ਸਗੋਂ ਖਾਸ ਪ੍ਰੋਗਰਾਮ ਦੇ ਮੌਕੇ 'ਤੇ ਹੀ ਹੁੰਦਾ ਹੈ। ਅੱਜ-ਕੱਲ੍ਹ ਹਰ ਘਰ ਦੀ ਲੜਕੀ ਪੜ੍ਹੀ-ਲਿਖੀ ਹੋਣ ਕਰਕੇ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਆਪਣੀ ਭਰਜਾਈ ਲਈ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਜਾਂ ਕਈ ਵਾਰ ਭਰਜਾਈ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਸਿਰਫ ਐਤਵਾਰ ਦਾ ਦਿਨ ਹੀ ਹੁੰਦਾ ਹੈ ਰਿਸ਼ਤੇਦਾਰਾਂ ਨੂੰ ਮਿਲਣ ਦਾ। ਭਰਜਾਈ ਕਈ ਵਾਰ ਵੱਡੀ ਹੁੰਦੀ ਹੈ ਜੋ ਮਾਂ ਸਮਾਨ ਹੁੰਦੀ ਹੈ ਜੋ ਕਿ ਬਹੁਤ ਖਿਆਲ ਰੱਖਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ:-

ਜੱਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ।

ਕਈ ਵਾਰ ਨਣਾਨ ਛੋਟੀ ਹੋਣ ਕਾਰਨ ਕੁਆਰੀ ਹੁੰਦੀ ਹੈ। ਅਕਸਰ ਹੀ ਕੁਆਰੀ ਨਣਾਨ ਤੇ ਭਾਬੀ ਇੱਕੋ ਉਮਰ-ਹਾਣ ਦੀਆਂ ਹੀ ਹੁੰਦੀਆਂ ਹਨ। ਭਾਬੀ ਦੇ ਆ ਜਾਣ 'ਤੇ ਰਿਸ਼ਤੇ ਵਿੱਚ ਖਟਿਆਸ ਵੀ ਆ ਜਾਂਦੀ ਹੈ। ਕਈ ਵਾਰ ਨਣਾਨ ਭਰਜਾਈ ਦੇ ਹਰ ਕੰਮ ਵਿੱਚ ਟੋਕਾ-ਟਾਕੀ ਕਰਦੀ ਹੈ ਭਰਜਾਈ ਨੂੰ ਪਸੰਦ ਹੀ ਨਹੀਂ ਕਰਦੀ। ਨਣਾਨ ਤੇ ਭਰਜਾਈ ਦਾ ਰਿਸ਼ਤਾ ਕਦੇ ਪਿਆਰ ਭਰਿਆ ਕਦੇ ਕੁੜੱਤਣ ਵਿੱਚ ਦੇਖਿਆ ਜਾ ਸਕਦਾ ਹੈ। ਕਈ ਵਾਰੀ ਤਾਂ ਨਣਾਨ ਆਪਣੇ ਭਰਾ ਨੂੰ ਭਾਬੀ ਖ਼ਿਲਾਫ਼ ਚੁੱਕ ਦਿੰਦੀ ਹੈ ਤੇ ਉਹ ਲੜਾਈ-ਝਗੜਾ ਕਰਦਾ ਹੈ।

ਇਸਦੇ ਉਲਟ ਜੇਕਰ ਸੁਭਾਵਿਕ ਹੀ ਉਸ ਦਾ ਆਪਣੇ ਪਤੀ ਨਾਲ ਕਿਸੇ ਗੱਲ ਤੋਂ ਝਗੜਾ ਹੋ ਜਾਵੇ ਤਾਂ ਉਹ ਸਮਝਦੀ ਹੈ ਕਿ ਜਰੂਰ ਨਣਾਨ ਨੇ ਲੂਤੀ ਲਾਈ ਹੈ।

ਨਣਾਨੇ ਪੁਆੜੇ ਹੱਥੀਏ, ਰਾਤੀਂ ਤੂੰ ਮੈਨੂੰ ਮਾਰ ਪਵਾਈ

ਜੇਕਰ ਨਣਾਨ-ਭਰਜਾਈ ਵਿੱਚ ਆਪਸੀ ਪਿਆਰ ਹੋਵੇ ਤਾਂ ਇਸ ਰਿਸ਼ਤੇ ਦੀ ਕੋਈ ਥਾਂ ਨਹੀਂ ਲੈ ਸਕਦਾ।

ਭਾਬੀ ਤੇਰੇ ਰੰਗ ਵਰਗਾ,
ਮੈਨੂੰ ਬੇਰੀ ਹੇਠੋਂ ਬੇਰ ਥਿਆਇਆ

ਪਰ ਕਈ ਵਾਰ ਇਹ ਰਿਸ਼ਤਾ ਨਫਰਤ ਦਾ ਰੂਪ ਧਾਰ ਲੈਂਦਾ ਹੈ ਜਿਸ ਨਾਲ ਘਰ ਵਿੱਚ ਕਲੇਸ ਬਣਿਆ ਰਹਿੰਦਾ ਹੈ। ਰਿਸ਼ਤੇ ਵਿੱਚ ਫਿੱਕ ਪੈ ਜਾਂਦੀ ਹੈ। ਜਿੱਥੇ ਨਣਾਨ-ਭਰਜਾਈ ਆਪਸ ਵਿੱਚ ਸਹੇਲੀਆਂ ਭੈਣਾਂ ਵਾਂਗ ਰਹਿੰਦੀਆਂ ਹਨ ਉਸ ਘਰ ਵਿੱਚ ਪਿਆਰ ਦੇ ਫੁੱਲ ਮਹਿਕਦੇ ਹਨ। ਜਿਸ ਘਰ ਵਿੱਚ ਰਿਸ਼ਤਾ ਤਣਾਅਪੂਰਨ ਰਹਿੰਦਾ ਹੈ ਉੱਥੇ ਘਰ ਨਰਕ ਵਾਂਗ ਜਾਪਦੇ ਹਨ। ਨਣਾਨ-ਭਰਜਾਈ ਦੇ ਰਿਸ਼ਤੇ ਨੂੰ ਲੈ ਕੇ ਬੋਲੀਆਂ ਵੀ ਘੜੀਆਂ ਜਾਂਦੀਆਂ ਹਨ:-

ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ,
ਨਣਾਨੇ ਮੋਰਨੀਏ ਘਰ ਜਾ ਕੇ ਨਾ ਦੱਸੀ,
ਨਣਾਨੇ

ਨਣਾਨ ਤੇ ਭਰਜਾਈ ਦਾ ਰਿਸ਼ਤਾ ਸਹੇਲੀ ਤੇ ਭੈਣ ਵਰਗਾ ਹੁੰਦਾ ਹੈ ਭਰਜਾਈ ਆਪਣੇ ਦਿਲ ਦੀਆਂ ਗੱਲਾਂ ਦੱਸਦੀ ਹੈ:-

ਇੱਕ ਤਾਂ ਨਣਦੇ ਤੂੰ ਨੀ ਪਿਆਰੀ,
ਦੂਜਾ ਪਿਆਰਾ ਤੇਰਾ ਵੀਰ,
ਨੀ ਜਦ ਰੋਂਦਾ ਨਣਦੇ,
ਅੱਖਾਂ 'ਚੋਂ ਵਗਦਾ ਨੀਰ,
ਨੀ ਜਦ .

ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਜਿੱਥੇ ਨਣਾਨ ਦੀ ਮੁਖਤਿਆਰੀ ਹੁੰਦੀ ਹੈ। ਉੱਥੇ ਅਕਸਰ ਹੀ ਘਰ ਬਰਬਾਦ ਹੋ ਜਾਂਦੇ ਹਨ। ਉਹ ਹਮੇਸ਼ਾ ਹੀ ਭਰਜਾਈ ਨੂੰ ਨੀਵਾਂ ਦਿਖਾਉਣ ਵਿੱਚ ਲੱਗੀ ਰਹਿੰਦੀ ਹੈ।

ਸੱਸ ਦਾ ਵੀ ਫਰਜ ਬਣਦਾ ਹੈ ਕਿ ਆਪਣੇ ਬਾਬਲ ਦਾ ਘਰ ਛੱਡ ਕੇ ਆਈ ਨੂੰਹ ਨੂੰ ਆਪਣੀ ਧੀ ਬਣਾਵੇ ਤੇ ਘਰ ਦੀ ਜਿੰਮੇਵਾਰੀ ਸੌਂਪੇ। ਤਾਂ ਜੋ ਆਪਸੀ ਸਾਂਝ-ਪਿਆਰ ਬਣਿਆ ਰਹੇ। ਨਣਾਨ-ਭਰਜਾਈ ਦੇ ਰਿਸ਼ਤੇ ਦੀ ਖਾਸੀਅਤ ਇਹ ਵੀ ਹੈ ਕਿ ਨਣਾਨ ਕਈ ਵਾਰ ਭਰਜਾਈ ਦੀ ਹਿਮਾਇਤ ਵੀ ਕਰਦੀ ਹੈ। ਆਪਣੀ ਮਾਂ ਨੂੰ ਸਮਝਾਉਂਦੀ ਹੈ ਕਿ ਉਹ ਵੀ ਇਸ ਘਰ ਦੀ ਧੀ ਹੈ। ਨਣਾਨ-ਭਰਜਾਈ ਦਾ ਰਿਸ਼ਤਾ ਦੋਸਤੀ ਦਾ ਵੀ ਹੁੰਦਾ ਹੈ ਜੋ ਹਰ ਗੱਲ ਇੱਕ-ਦੂਜੇ ਨੂੰ ਦੱਸਦੀਆਂ ਹਨ।

ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਨਣਾਨ ਨੇ ਹਮੇਸ਼ਾ ਭਰਜਾਈ ਦੇ ਮੱਥੇ ਲੱਗਣਾ ਹੁੰਦਾ ਹੈ ਸੋ ਨਣਾਨ ਨੂੰ ਵੀ ਚਾਹੀਦਾ ਹੈ ਕਿ ਉਹ ਪਿਆਰ ਨਾਲ ਰਿਸ਼ਤਾ ਨਿਭਾਵੇ। ਦੇਖਣ ਵਿੱਚ ਆਉਦਾ ਹੈ ਕਿ ਕਈ ਵਾਰ ਕੁੜੀ ਸਹੁਰੇ ਘਰ ਆਉਣ ਸਾਰ ਅੱਡ ਹੋ ਜਾਂਦੀ ਹੈ ਨਿੱਕੀ-ਨਿੱਕੀ ਗੱਲ 'ਤੇ ਨਣਾਨ ਨਾਲ ਖਾਰ ਖਾਂਦੀ ਹੈ। ਜੇਕਰ ਭਰਜਾਈ ਨਣਾਨ ਨੂੰ ਆਪਣੀ ਸਹੇਲੀ ਜਾਂ ਭੈਣ ਬਣਾ ਲਵੇ ਤਾਂ ਰਿਸ਼ਤਾ ਉਮਰਾਂ ਤੀਕ ਨਿਭ ਜਾਵੇਗਾ। ਸੋ ਦੋਵਾਂ ਦਾ ਫਰਜ਼ ਬਣਦਾ ਹੈ ਕਿ ਇਹ ਰਿਸ਼ਤਾ ਦਿਲੋਂ ਪਿਆਰ-ਸਤਿਕਾਰ ਨਾਲ ਨਿਭਾਇਆ ਜਾਵੇ। ਜੇਕਰ ਇੱਕ-ਦੂਜੇ ਦੀ ਕਦਰ ਕੀਤੀ ਜਾਵੇ ਤਾਂ ਹੀ ਰਿਸ਼ਤਾ ਚਿਰ-ਸਥਾਈ ਨਿਭ ਸਕਦਾ ਹੈ।

# ਧੀ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਾਉਣ ਮਾਪੇ



**ਭੋਲਾ ਨੂਰਪੁਰਾ**

ਮਾਪੇ ਆਪਣੀ ਬੇਟੀ ਨੂੰ ਜਿੰਨਾ ਹੋ ਸਕਦਾ ਪੜ੍ਹਾਉਂਦੇ-ਲਿਖਾਉਂਦੇ ਹਨ, ਕੰਮਾਂ-ਕਾਰਾਂ ਤੋਂ ਸਿੱਖਿਅਤ ਵੀ ਕਰਾਉਂਦੇ ਹਨ। ਅਕਸਰ ਬਹੁਤੀਆਂ ਲੜਕੀਆਂ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਮਾਂ-ਬਾਪ ਦੇ ਘਰ 'ਚ ਪੈ ਚੁੱਕੀਆਂ ਆਦਤਾਂ ਸਹੁਰੇ-ਘਰ ਨਾਲ ਚਲੀਆਂ ਜਾਂਦੀਆਂ ਹਨ ਪਰ ਉੱਥੇ ਇਹ ਆਦਤਾਂ ਸਵੀਕਾਰੀਆਂ ਨਹੀਂ ਜਾਂਦੀਆਂ।

ਅਕਸਰ ਐਸੀਆਂ ਆਦਤਾਂ ਛੋਟੀ ਉਮਰ ਵਿੱਚ ਕੁਝ ਨਾ-ਸਮਝੀ ਦੌਰਾਨ ਪੈ ਜਾਂਦੀਆਂ ਹਨ, ਖ਼ੁਦ ਮਾਂ-ਬਾਪ ਵੀ ਨਿਆਣੀ ਉਮਰ ਸਮਝਦੇ ਹੋਏ ਨਜ਼ਰ-ਅੰਦਾਜ਼ ਕਰ ਜਾਂਦੇ ਹਨ। ਕਈ ਲੜਕੀਆਂ ਮਾਂ-ਬਾਪ ਦੇ ਬਹੁਤੇ ਲਾਡ-ਪਿਆਰ ਸਦਕਾ ਇਤਰਾਜ਼ਯੋਗ ਆਦਤਾਂ ਦੀਆਂ ਆਦੀ ਹੋ ਜਾਂਦੀਆਂ ਹਨ। ਲਾਡ-ਪਿਆਰ ਦੌਰਾਨ ਮਾਪੇ ਵੀ ਵਰਜਣਾ ਤੋਂ ਝਿਜਕ ਜਾਂਦੇ ਹਨ। ਅਜਿਹੇ ਹਾਲਾਤ ਪੈਦਾ ਨਾ ਹੋਣ ਅਤੇ ਤੁਹਾਡੀ ਧੀ ਸਹੁਰੇ ਘਰ ਜਾ ਕੇ ਸੋਭਾ ਖੱਟੇ, ਹਰੇਕ ਮਾਂ-ਬਾਪ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਧੀ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਾਉਣ ਅਤੇ ਜ਼ਿੰਦਗੀ ਦੇ ਸਫ਼ਰ ਲਈ ਉਨ੍ਹਾਂ ਦਾ ਰਾਹ-ਦਸੇਰਾ ਬਣਨ।

**ਮਾਂ-ਬਾਪ ਦੀ ਭੂਮਿਕਾ**

ਅਜਿਹਾ ਮਾਹੌਲ ਸਿਰਜਣ ਲਈ ਮਾਂ ਦੀ ਭੂਮਿਕਾ ਸਭ ਤੋਂ ਵੱਡੀ ਸਾਬਤ ਹੋ ਸਕਦੀ ਹੈ ਕਿਉਂਕਿ ਇੱਕ ਧੀ ਆਪਣੀ ਮਾਂ ਕੋਲ ਵੱਧ ਸਮਾਂ ਬਤੀਤ ਕਰਦੀ ਹੈ। ਪਿਓ ਨੂੰ ਤਾਂ ਕਾਰੋਬਾਰ ਜਾਂ ਨੌਕਰੀ ਲਈ ਬਾਹਰ ਅੰਦਰ ਜਾਣਾ ਪੈਂਦਾ ਹੈ ਪਰ ਬੱਚੇ ਆਪਣੇ ਮਾਂ-ਪਿਓ ਤੋਂ ਬਰਾਬਰ ਦਾ ਸਿੱਖਦੇ ਹਨ। ਸਾਡੀਆਂ ਆਦਤਾਂ ਦਾ ਪ੍ਰਭਾਵ ਬੱਚਿਆਂ 'ਤੇ ਪੈਂਦਾ ਹੈ। ਸਭ ਤੋਂ ਜ਼ਰੂਰੀ ਨੁਕਤਾ ਇਹ ਹੈ ਕਿ ਮਾਂ ਖ਼ੁਦ ਚੰਗੇ ਗੁਣਾਂ ਦੀ ਧਾਰਨੀ ਬਣੇ ਤਦ ਹੀ ਧੀ ਚੰਗੀ ਸਿੱਖਿਆ ਲੈ ਸਕਦੀ ਹੈ। ਸੋ ਆਪਣੀ ਔਲਾਦ ਨੂੰ ਖ਼ਾਸ ਕਰ ਕੇ ਧੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਮਾਪਿਆਂ ਨੂੰ ਮੁੱਢ ਤੋਂ ਸੁਚੇਤ ਹੋ ਜਾਣਾ ਚਾਹੀਦਾ ਹੈ। ਕਹਿੰਦੇ ਹਨ ਕਿ 'ਵਾਦੜੀਆਂ ਸਜਾਦੜੀਆਂ ਨਿੱਭਣ ਸਿਰਾਂ ਦੇ ਨਾਲ...ਭਾਵ ਜੋ ਇੱਕ ਵਾਰ ਆਦਤ ਪੈ ਗਈ, ਉਹ ਮੁੜ ਕੇ ਕਦੇ ਨਹੀਂ ਜਾਂਦੀਆਂ। ਸੋ ਇੱਕ ਧੀ ਨੂੰ ਸ਼ੁਰੂ ਤੋਂ ਹੀ ਹਰ ਪੱਖ ਤੋਂ ਸੰਪੂਰਨ ਗੁਣਾਂ ਦਾ ਧਾਰਨੀ ਬਣਾਉਣਾ ਮਾਪਿਆਂ ਦਾ ਮੁੱਢਲਾ ਫ਼ਰਜ਼ ਹੈ। ਇਸ ਨੂੰ ਨਿਭਾਉਣ ਲਈ ਮਾਂ-ਬਾਪ ਨੂੰ ਸ਼ੁਰੂ ਤੋਂ ਮਿਹਨਤ ਕਰਨੀ ਚਾਹੀਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਬੱਚੇ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਾਉਣ ਲਈ ਉਸ ਨੂੰ ਮੁੱਢ ਤੋਂ ਬੁਰੀਆਂ ਆਦਤਾਂ ਤੋਂ ਵਰਜਣਾ ਚਾਹੀਦਾ ਹੈ ਪਰ ਇਹ ਕੰਮ ਹਮੇਸ਼ਾ ਘੂਰੀ ਦੀ ਬਜਾਏ ਨਾਲ-ਨਾਲ ਪਿਆਰ ਨਾਲ ਵੀ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਸੀਂ ਆਪਣੀ ਧੀ ਦਾ ਦਿਲ ਜਿੱਤਣ ਵਿੱਚ ਕਾਮਯਾਬ ਹੋ ਜਾਵੋਗੇ।

**ਅੰਤਰ ਝਾਤ ਦੀ ਲੋੜ**

ਆਪਣੇ ਭਵਿੱਖ ਬਾਰੇ ਹਰ ਲੜਕੀ ਨੂੰ ਲੋੜ ਹੈ ਆਪਣੇ ਅੰਦਰ ਝਾਤ ਮਾਰ ਕੇ ਦੇਖਣ ਦੀ ਕਿਉਂਕਿ ਆਉਣ ਵਾਲਾ ਸਮਾਂ ਉਸਦੀ ਪੈਰ-ਪੈਰ 'ਤੇ ਪ੍ਰੀਖਿਆ ਲਵੇਗਾ। ਅਗਰ ਤੁਹਾਡੀ ਸਹੇਲੀ ਜਾਂ ਹੋਰ ਕੋਈ ਵੀ ਤੁਹਾਡੀ ਆਦਤ ਬਾਰੇ ਤੁਹਾਨੂੰ ਰੋਕਦਾ-ਟੋਕਦਾ ਹੈ ਤਾਂ ਗੁੱਸਾ ਕਰਨ ਦੀ ਬਜਾਏ ਕੀਤੀ ਰੋਕ-ਟੋਕ 'ਤੇ ਅਸਰ ਕਰਨਾ ਚਾਹੀਦਾ ਹੈ, ਤੁਹਾਡੇ ਲਈ ਭਲੇ ਦੀ ਗੱਲ ਹੋਵੇਗੀ। ਤੁਹਾਨੂੰ ਲੋੜ ਹੈ ਧਿਆਨ ਦੇਣ ਦੀ, ਆਪਣੇ ਵਿਵਹਾਰ ਬਾਰੇ, ਬੋਲਚਾਲ ਬਾਰੇ, ਖਾਣ-ਪੀਣ ਦੇ ਢੰਗ ਬਾਰੇ, ਉੱਠਣ-ਬੈਠਣ ਬਾਰੇ, ਤਾਂ ਕਿ ਸਹੁਰੇ ਘਰ 'ਚ ਤੁਹਾਡੇ ਉੱਪਰ ਕਿਸੇ ਕਿਸਮ ਦੀ ਬੰਦਿਸ਼ ਜਾਂ ਟੋਕਾ-ਟਾਕੀ ਕਰਨ ਦੀ ਗੁੰਜ਼ਾਇਸ਼ ਹੀ ਨਾ ਰਹੇ।



**ਪੜ੍ਹਾਈ-ਲਿਖਾਈ ਦੌਰਾਨ ਰਸੋਈ ਦੇ ਕੰਮਕਾਰ ਵੀ ਸਿਖਾਓ**

ਧਿਆਨ ਦੇਣ ਉਹ ਲੜਕੀਆਂ ਜੋ ਬੈਠਣ ਸਮੇਂ, ਬੈਠਦਿਆਂ ਹੀ ਸੋਫ਼ੇ ਜਾਂ ਬੈਂਡਾਂ ਉੱਪਰ ਟੇਢੀਆਂ ਹੋ ਜਾਂਦੀਆਂ ਹਨ, ਸੋਫ਼ੇ ਅੱਗੇ ਪਏ ਮੇਜ਼ ਉਪਰ ਲੱਤਾਂ ਰੱਖ ਕੇ ਬੈਠਦੀਆਂ ਹਨ। ਅਗਰ ਤੁਹਾਡੇ ਵਿੱਚ ਇਹ ਆਦਤਾਂ ਸਹੁਰੇ ਘਰ ਬਰਕਰਾਰ ਰਹਿਣਗੀਆਂ ਤਾਂ ਸਹੁਰੇ ਪਰਿਵਾਰ ਵਾਲੇ ਬੇਅਕਲ ਜਾਂ ਬੇਸੂਝੀ ਹੀ ਕਹਿਣਗੇ। ਮਾਂ-ਬਾਪ ਲਈ ਵੀ ਇਹੀ ਕਹਾਂਗਾ, ਅਗਰ ਉਨ੍ਹਾਂ ਦੀ ਬੇਟੀ ਨੂੰ ਇਤਰਾਜ਼ਯੋਗ ਆਦਤ ਪੈਣੀਂ ਸ਼ੁਰੂ ਹੋ ਰਹੀ ਹੈ ਤਾਂ ਉਸ ਨੂੰ ਛੋਟੀ ਉਮਰੇ ਸਮਝਾਉਂਦੇ ਰਹੋ, ਇਹ ਨਾ ਸੋਚੋ ਕਿ ਵੱਡੀ ਹੋ ਕੇ ਆਪੇ ਆਦਤ ਛੱਡ ਦੇਵੇਗੀ। ਇਹ ਸੋਚਣਾ ਗ਼ਲਤ ਸਿੱਧ ਹੋ ਸਕਦਾ ਹੈ। ਦੂਜੇ ਪਾਸੇ ਲੜਕੀਆਂ ਨੂੰ ਚਾਹੀਦਾ ਹੈ ਕਿ ਮਾਂ-ਬਾਪ ਵੱਲੋਂ ਕੀਤੀ ਰੋਕ-ਟੋਕ ਦਾ ਗੁੱਸਾ ਨਾ ਕਰਨ। ਮਾਂ-ਬਾਪ ਦਾ ਆਪਣੇ ਬੱਚੇ ਦੀ ਚੰਗੀ ਜ਼ਿੰਦਗੀ ਬਣਾਉਣਾ ਸਭ ਤੋਂ ਵੱਡਾ ਫਰਜ਼ ਹੈ।

**ਰਸੋਈ ਦੇ ਕੰਮ ਵੀ ਸਿਖਾਏ ਜਾਣ**

ਇੱਥੇ ਇਹ ਵੀ ਗੱਲ ਕਰਨੀ ਬਣਦੀ ਹੈ, ਕਿ ਮਾਂ ਆਪਣੀ ਧੀ ਨੂੰ ਪੜ੍ਹਾਈ-ਲਿਖਾਈ ਦੌਰਾਨ ਰਸੋਈ ਦੇ ਕੰਮਕਾਰ ਵੀ ਸਿਖਾਉਂਦੀ ਰਹੇ, ਕਿਉਂਕਿ ਕਈ ਮਾਵਾਂ ਇਹ ਸੋਚ ਕੇ ਰਸੋਈ ਦਾ ਕੰਮਕਾਰ ਨਹੀਂ ਸਿਖਾਉਂਦੀਆਂ,ਕਿ ਇਹ ਕਿਹੜਾ ਵਿਹਲੀ ਆ, ਸਾਰਾ ਦਿਨ ਤਾਂ ਪੜ੍ਹ ਕੇ ਆਉਂਦੀਆ, ਕੋਈ ਨੀ ਹੌਲੀ-ਹੌਲੀ ਸਿੱਖਦੀ ਰਹੂੰ ! ਸੋ ਮਾਂ ਦੀ ਇਹ ਵੱਡੀ ਗਲਤੀ ਹੈ। ਅਗਰ ਉਨ੍ਹਾਂ ਦੀ ਲੜਕੀ ਰਸੋਈ ਦੇ ਕੰਮ-ਕਾਰਾਂ ਤੋਂ ਅਣਜਾਣ ਰਹੇਗੀ ਤਾਂ ਸਹੁਰੇ ਘਰ ਵਾਲਿਆਂ ਨੂੰ ਬਹੁਤ ਵੱਡੀ ਘਾਟ ਰੜਕੇਗੀ। ਖ਼ੈਰ, ਸਿਆਣੀਆਂ ਸੱਸਾਂ ਨੂੰਹਾਂ ਨੂੰ ਮੱਤਾਂ ਦੇ ਕੇ ਥੋੜ੍ਹਾ-ਬਹੁਤਾ ਸਿਖਾ ਵੀ ਦਿੰਦੀਆਂ ਹਨ ਪਰ ਜਦੋਂ ਤੁਹਾਡੀ ਲੜਕੀ ਕੋਰੀ ਅਣਜਾਣ ਹੋਵੇਗੀ ਤਾਂ ਸੱਸ ਜ਼ਰੂਰ ਕਹੇਗੀ ਕਿ ਮਾਂ ਨੇ ਰਸੋਈ ਦਾ ਕੰਮ ਸਿਖਾਇਆ ਹੀ ਨਹੀਂ। ਸਹੁਰੇ ਘਰ 'ਚ ਆਏ ਮਹਿਮਾਨਾਂ ਲਈ ਖਾਣ-ਪੀਣ ਦਾ ਪ੍ਰਬੰਧ ਉਹ ਕਿਵੇਂ ਕਰੇਗੀ ?

**ਸਾਦਗੀ 'ਚ ਰਹਿਣਾ ਸਿਖਾਇਆ ਜਾਵੇ**

ਅਗਰ ਤੁਹਾਡੀ ਲੜਕੀ ਸਹੇਲੀਆਂ ਦੀ ਰੀਸ ਨਾਲ ਵੱਧ ਖ਼ਰਚਾ ਕਰਵਾ ਕੇ ਭੜਕੀਲਾ ਫੈਸ਼ਨ ਕਰਦੀ ਹੈ ਤਾਂ ਉਸ ਨੂੰ ਸਾਦਗੀ 'ਚ ਰਹਿਣਾ ਸਿਖਾਓ, ਹੋ ਸਕਦਾ ਸਹੁਰਾ ਪਰਿਵਾਰ ਭੜਕੀਲੇ ਫੈਸ਼ਨ ਅਤੇ ਨਾਜਾਇਜ਼ ਖ਼ਰਚੇ ਦੇ ਵਿਰੁੱਧ ਹੋਵੇ। ਜਿਹੜੀ ਲੜਕੀ ਆਪਣੇ ਮਾਂ-ਬਾਪ ਦਾ ਖ਼ੁਸ਼ ਰਹਿਣ ਕੇ ਕਹਿਣਾ ਮੰਨੇਗੀ, ਆਗਿਆ 'ਚ ਰਹੇਗੀ ਉਹ ਸਹੁਰੇ ਘਰ 'ਚ ਜਾ ਕੇ ਵੀ ਖ਼ੁਸ਼ ਰਹਿ ਕੇ ਵਿਚਰੇਗੀ, ਆਏ ਮਹਿਮਾਨਾਂ ਦਾ ਸਤਿਕਾਰ ਕਰੇਗੀ, ਤਾਂ ਸਹੁਰੇ ਪਰਿਵਾਰ ਦੀ ਸੁਚੱਜੀ ਨੂੰਹ ਬਣ ਕੇ ਵਿਚਰੇਗੀ। ਉਸਦੀ ਪ੍ਰਸੰਸਾ ਹੁੰਦੀ ਰਹੇਗੀ। ਇਸ ਲਈ ਧੀਆਂ ਨੂੰ ਸਹੁਰੇ ਘਰ ਵਿੱਚ ਸੋਭਾ ਖੱਟਣ ਅਤੇ ਆਪਣੇ ਸੱਸ-ਸਹੁਰੇ ਦਾ ਪਿਆਰ ਲੈਣ ਲਈ ਚੰਗੀਆਂ ਆਦਤਾਂ ਦਾ ਧਾਰਨੀ ਬਣਨਾ ਚਾਹੀਦਾ ਹੈ। ਇਸ ਨਾਲ ਧੀ ਨੂੰ ਜਿਥੇ ਪਰਿਵਾਰਕ ਸੁੱਖ ਮਿਲੇਗਾ ਉਥੇ ਇਨ੍ਹਾਂ ਗੱਲਾਂ ਦਾ ਪ੍ਰਭਾਵ ਉਸ ਦੀ ਔਲਾਦ 'ਤੇ ਵੀ ਪਵੇਗਾ ਸਾਂਝੇ ਪਰਿਵਾਰ ਦੀ ਰੀਤ ਨੂੰ ਉਤਸ਼ਾਹ ਮਿਲੇਗਾ। ਔਲਾਦ ਸੁੱਖ ਲਈ ਉਕਤ ਗੱਲਾਂ 'ਤੇ ਅਮਲ ਕਰਨ ਦੀ ਅੱਜ ਵੱਡੀ ਲੋੜ ਹੈ ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE






FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035



# 'ਦੁਲਹਨ'

**ਜਗਦੀਸ਼ ਕੌਰ ਮਾਨ**

ਬੱਸ ਚੜ੍ਹਨ ਹੀ ਲੱਗਾ ਸਾਂ ਕਿ ਬਾਹਰਲੇ ਪਾਸੇ ਲਿਖੀ ਇਬਾਰਤ ਨੂੰ ਪੜ੍ਹ ਕੇ ਚੌਂਕ ਗਿਆ। ਡਿਊਟੀ 'ਤੇ ਜਾਣ ਲਈ ਹਰ ਰੋਜ਼ ਇਸੇ ਬੱਸ 'ਤੇ ਜਾਂਦਾ ਹਾਂ ਇਸੇ ਤੇ ਵਾਪਸ ਆਉਦਾ ਹਾਂ। ਅੱਗੇ ਪਿੱਛੇ ਕਦੇ ਇਨ੍ਹਾਂ ਸ਼ਬਦਾਂ ਵੱਲ ਮੇਰਾ ਧਿਆਨ ਹੀ ਨਹੀਂ ਸੀ ਗਿਆ ਪਰ ਅੱਜ ਇਨ੍ਹਾਂ ਸਾਦੇ ਜਿਹੇ ਪਰ ਅਰਥ ਭਰਪੂਰ ਸ਼ਬਦਾਂ ਨੇ ਮੈਨੂੰ ਮਾਨਸਿਕ ਤੌਰ 'ਤੇ ਹਲੂਣ ਕੇ ਰੱਖ ਦਿੱਤਾ ਹੈ ।ਮਨ ਦੇ ਕਿਸੇ ਖੂੰਜੇ ਵਿੱਚ ਡੂੰਘੀਆਂ ਪਈਆਂ ਅਤੀਤ ਦੀਆਂ ਯਾਦਾਂ ਨੇ ਤਾਜ਼ੇ ਜ਼ਖ਼ਮਾਂ ਵਾਂਗ ਇੱਕ ਦਮ ਖਲਬਲੀ ਮਚਾ ਦਿੱਤੀ ਹੈ। ਉਸ ਘਟਨਾ ਨੂੰ ਯਾਦ ਕਰ ਕੇ ਮੈਨੂੰ ਅੱਜ ਵੀ ਅੰਤਾਂ ਦੀ ਨਮੋਸ਼ੀ ਮਹਿਸੂਸ ਹੋ ਰਹੀ ਹੈ।ਮਨ ਆਤਮ ਗਿਲਾਨੀ ਨਾਲ ਧੁਰ ਅੰਦਰ ਤੱਕ ਭਰ ਗਿਆ ਹੈ ਪਰ ਹੁਣ ਤਾਂ ਆਪਣੀ ਉਸ ਮਾੜੀ ਕਰਤੂਤ 'ਤੇ ਸਿਰਫ਼ ਪਛਤਾਵਾ ਹੀ ਕੀਤਾ ਜਾ ਸਕਦਾ ਹੈ। ਪਛਤਾਵੇ ਤੋਂ ਸਿਵਾਏ ਹੋਰ ਹੁਣ ਕੀਤਾ ਵੀ ਕੀ ਜਾ ਸਕਦਾ ਹੈ! ਇਸ ਗੱਲ ਨੂੰ ਸਾਰੇ ਮੰਨਦੇ ਹਨ ਕਿ ਬੀਤਿਆ ਸਮਾਂ ਮੁੜ ਕੇ ਕਦੇ ਵੀ ਹੱਥ ਨਹੀਂ ਆਉਦਾ ਪਰ ਇਹ ਵੀ ਇਕ ਕੌੜਾ ਸੱਚ ਹੈ ਕਿ ਅਤੀਤ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਜਿਉਂਦੇ ਜੀਅ ਬੰਦੇ ਦਾ ਖਹਿੜਾ ਵੀ ਤਾਂ ਨਹੀਂ ਛੱਡਦੀਆਂ। ਕੁਝ ਘਟਨਾਵਾਂ ਤਾਂ ਇਹੋ ਜਿਹੀਆਂ ਵਾਪਰ ਜਾਂਦੀਆਂ ਹਨ ਕਿ ਉਹ ਮਨ ਦੇ ਚੌਖਟੇ ਵਿਚ ਫੈਵੀਕੋਲ ਦੇ ਜੋੜ ਵਾਂਗ ਪੱਕੀਆਂ ਹੀ ਜੁੜ ਜਾਂਦੀਆਂ ਹਨ ਫਿਰ ਉਨ੍ਹਾਂ ਦਾ ਪੱਕਾ ਤੇ ਪੀਡਾ ਜੋੜ ਦਿਲ ਦਿਮਾਗ਼ ਦੇ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਨਹੀਂ ਟੁੱਟਦਾ।

ਜਦੋਂ ਦੀ ਇਹ ਗੱਲ ਹੈ ਉਦੋਂ ਬੀ. ਏ ਕਰਨ ਤੋਂ ਬਾਅਦ ਮੈਨੂੰ ਐੱਫ. ਸੀ. ਆਈ ਵਿਚ ਨੌਕਰੀ ਕਰਦਿਆਂ ਦਸ ਸਾਲ ਹੋ ਗਏ ਸਨ। ਮੇਰੀ ਉਮਰ ਵਿਆਹ ਮੰਗਣੇ ਵਾਲੀ ਹੋ ਗਈ ਸੀ ਪਰ ਆਪਣਾ ਵਿਆਹ ਕਰਵਾਉਣ ਤੋਂ ਪਹਿਲਾਂ ਮੇਰੇ ਸਾਹਮਣੇ ਕਈ ਹੋਰ ਘਰੇਲੂ ਜ਼ਿੰਮੇਵਾਰੀਆਂ ਮੂੰਹ ਟੱਡੀ ਖੜ੍ਹੀਆਂ ਸਨ। ਘਰ ਮੁਟਿਆਰ ਭੈਣ ਵਿਆਹੁਣ ਵਾਲੀ ਸੀ। ਅਸਲੋਂ ਹੀ ਟੁੱਟਿਆ ਜਿਹਾ ਘਰ ਵੀ ਪੁਰਾਣੇ ਰਿਵਾਜ ਦਾ ਸੀ ਅੱਧਾ ਕੁ ਕੱਚਾ ਅੱਧਾ ਕੁ ਪੱਕਾ ਤੇ ਕਿਸੇ ਢੰਗ ਸਿਰ ਦਾ ਵੀ ਨਹੀਂ ਸੀ। ਜਦੋਂ ਘਰ ਵਿੱਚ ਗ਼ਰੀਬੀ ਹੋਵੇ ਉਦੋਂ ਤਾਂ ਮਜਬੂਰੀ ਵੱਸ ਬੰਦੇ ਨੂੰ ਹਾਲਤਾਂ ਨਾਲ ਸਮਝੌਤਾ ਕਰਨਾ ਹੀ ਪੈਂਦਾ ਹੈ ਪਰ ਹੁਣ ਤਾਂ ਸਾਡੇ ਤੇ ਸੱਚੇ ਪਾਤਸ਼ਾਹ ਦੀਆਂ ਮਿਹਰਾਂ ਸਨ ।ਅਸੀਂ ਤਿੰਨੇ ਜਣੇ ਵਧੀਆ ਕੰਮਾਂ ਕਾਰਾਂ 'ਤੇ ਲੱਗੇ ਹੋਏ ਸਾਂ ਤੇ ਚੰਗੀਆਂ ਤਨਖਾਹਾਂ ਲੈ ਰਹੇ ਸਾਂ। ਮੈਥੋਂ ਛੋਟਾ ਭਰਾ ਪੰਜਾਬ ਪੁਲਿਸ ਵਿੱਚ ਤਾਇਨਾਤ ਸੀ ।ਪਿਤਾ ਜੀ ਡਾਕ ਮਹਿਕਮੇ ਵਿੱਚ ਸੇਵਾਵਾਂ ਨਿਭਾ ਰਹੇ ਸਨ। ਚਾਰ ਪੈਸੇ ਵੀ ਕੋਲ ਸਨ ।ਸੋ ਸਭ ਤੋਂ ਪਹਿਲਾਂ ਅਸੀਂ ਪੁਰਾਣਾ ਘਰ ਸਾਰਾ ਢਾਹ ਕੇ ਤੇ ਨਾਲ ਲਗਦੀ ਜਗ੍ਹਾ ਖ਼ਰੀਦ ਕੇ ਇਕ ਵਧੀਆ ਆਲੀਸ਼ਾਨ ਕੋਠੀ ਬਣਾਈ ਫਿਰ ਛੋਟੀ ਭੈਣ ਦਾ ਵਿਆਹ ਪੂਰੀ ਸਜ ਧਜ ਨਾਲ ਕੀਤਾ। ਮੈਂ ਵੱਡਾ ਹੋਣ ਕਰਕੇ ਹੁਣ ਵਾਰੀ ਮੇਰੇ ਵਿਆਹ ਦੀ ਸੀ। ਮੈਨੂੰ ਬਥੇਰੇ ਰਿਸ਼ਤੇ ਆਏ ਪਰ ਉਹ ਸਾਰੇ ਮੇਰੇ ਮਨ ਦੀ ਤਮੰਨਾ ਤੋਂ ਅਸਲੋਂ ਹੀ ਊਣੇ ਸਨ।

ਮੇਰਾ ਵਿਚਾਰ ਸੀ ਕਿ ਕੋਈ ਪੜ੍ਹੀ ਲਿਖੀ ਨੌਕਰੀ 'ਤੇ ਲੱਗੀ ਹੋਈ ਸੋਹਣੀ ਸੁਨੱਖੀ ਕੁੜੀ ਮਿਲ ਜਾਵੇ ਤਾਂ ਸ਼ਰੀਕੇ ਕਬੀਲੇ ਵਿਚ ਜਮਾਂ ਈਂ ਬੱਲੇ ਬੱਲੇ ਹੋ ਜੇ। ਅੱਜ ਕੱਲ੍ਹ ਦੀ ਮਹਿੰਗਾਈ ਦੇ ਜ਼ਮਾਨੇ ਵਿਚ ਵਧੀਆ ਗੁਜ਼ਾਰਾ ਚਲਾਉਣ ਲਈ ਜ਼ਰੂਰੀ ਹੈ ਕਿ ਦੋਵੇਂ ਜੀਅ ਕਮਾਉਦੇ ਹੋਣ। ਅਖੀਰ ਮੇਰੇ ਮਨ ਦੀ ਇਹ ਇੱਛਾ ਵੀ ਪੂਰੀ ਹੋ ਹੀ ਗਈ ਤੇ ਮੈਨੂੰ ਇਕ ਐੱਮ. ਏ. ਬੀ ਐੱਡ ਕੁੜੀ ਦਾ ਰਿਸ਼ਤਾ ਆ ਗਿਆ। ਕੁੜੀ ਭਾਵੇਂ ਅਜੇ ਨੌਕਰੀ 'ਤੇ ਤਾਂ ਨਹੀਂ ਸੀ ਲੱਗੀ ਪਰ ਉਨ੍ਹੀਂ ਦਿਨੀਂ ਪੜ੍ਹਿਆਂ ਲਿਖਿਆਂ ਨੂੰ ਨੌਕਰੀ ਮਿਲਣੀ ਅੱਜ ਜਿੰਨੀ ਮੁਸ਼ਕਿਲ ਨਹੀਂ ਸੀ। ਉਸ ਦੇ ਮਾਂ ਬਾਪ ਮੈਨੂੰ ਦੇਖਣ ਆਏ ਆਪਣੀ ਬੇਟੀ ਦੀ ਫੋਟੋ ਵੀ ਨਾਲ ਲੈ ਕੇ ਆਏ ਸਨ। ਸਾਡੇ ਸਾਰੇ ਪਰਿਵਾਰ ਨੂੰ ਤਾਂ ਕੁੜੀ ਫੋਟੋ ਦੇਖ ਕੇ ਹੀ ਪਸੰਦ ਆ ਗਈ ਸੀ ।ਲਗਦੇ ਹੱਥ ਹੀ ਦੇਖ ਦਿਖਾਈ ਦਾ ਦਿਨ ਵੀ ਮਿਥ ਲਿਆ ਗਿਆ ਕਿਉਕਿ ਮੇਰੇ ਵੱਡੇ ਭੈਣ ਭਣੋਈਏ ਦਾ ਕੈਨੇਡਾ ਦਾ ਵੀਜ਼ਾ ਲੱਗਿਆ ਹੋਇਆ ਸੀ ਤੇ ਹੋਰ ਥੋੜ੍ਹੇ ਕੁ ਦਿਨਾਂ ਨੂੰ ਉਨ੍ਹਾਂ ਦੋਹਾਂ ਜਣਿਆਂ ਨੇ ਕੈਨੇਡਾ ਚਲੇ ਜਾਣਾ ਸੀ । ਅਸੀਂ ਸੋਚਿਆ ਇਨ੍ਹਾਂ ਦੇ ਇਥੇ ਹੁੰਦਿਆਂ-ਹੁੰਦਿਆਂ ਇਹ ਦੇਖ ਦਿਖਾਈ ਦਾ ਕੰਮ ਵੀ ਨਿਬੇੜ ਹੀ ਲਿਆ ਜਾਵੇ ਤਾਂ ਚੰਗਾ ਰਹੇਗਾ।ਕੁੜੀ ਦੇਖਣ ਗਿਆਂ ਨੇ ਅਸੀਂ ਘਰ ਦੀ ਮਾੜੀ ਹਾਲਤ ਤਾਂ ਪਹਿਲਾਂ ਹੀ ਭਾਂਪ ਲਈ ਸੀ। ਉਹ ਵਿਚਾਰੇ ਗ਼ਰੀਬੜੇ ਜਿਹੇ ਬੰਦੇ ਸਨ । ਘਰ ਦੀ ਹਾਲਤ ਮੂੰਹੋਂ ਬੋਲ ਕੇ ਦੁਹਾਈਆਂ ਦੇ ਰਹੀ ਸੀ ਕਿ ਉਨ੍ਹਾਂ ਕੋਲ ਦੇਣ ਲੈਣ ਨੂੰ ਤਾਂ ਬਸ ਕੁੜੀ ਹੀ ਕੁੜੀ ਹੈ ਪਰ ਮੈਨੂੰ ਮਹਾਂ ਮੂਰਖ ਨੂੰ ਸ਼ੇਖ ਚਿੱਲੀ ਵਾਂਗ ਹਵਾਈ ਕਿਲ੍ਹੇ ਉਸਾਰਨ ਦੀ ਆਦਤ ਸੀ। ਆਪਣੀ ਵਧੀਆ ਕੋਠੀ ਤੇ ਸਰਕਾਰੀ ਨੌਕਰੀ ਦਾ ਮੈਨੂੰ ਹੱਦੋਂ ਵੱਧ ਗਰੂਰ ਸੀ। ਮੈਂ ਇਸ ਗ਼ਲਤਫਹਿਮੀ ਦਾ ਸ਼ਿਕਾਰ ਹੋ ਗਿਆ ਸਾਂ ਕਿ ਉਸ ਦਾ ਇਕ ਭਰਾ ਫ਼ੌਜੀ ਹੈ, ਦੂਜਾ ਭਰਾ ਵੀ ਸਰਕਾਰੀ ਮੁਲਾਜ਼ਮ ਹੈ ਤੇ ਚੰਗੀ ਤਨਖ਼ਾਹ ਲੈ ਰਿਹਾ ਹੈ। ਭਾਵੇਂ ਉਹ ਘਰੋਂ ਅਲੱਗ ਹੈ ਫਿਰ ਵੀ ਭੈਣ ਦੇ ਵਿਆਹ 'ਤੇ ਖ਼ਰਚਾ ਤਾਂ ਉਹ ਵੀ ਕਰੇਗਾ। ਵਿਆਹ ਤਾਂ ਇਹ ਵਧੀਆ ਹੀ ਕਰਨਗੇ, ਚੰਗਾ ਚੋਖਾ ਦਾਜ ਦਹੇਜ ਵੀ ਦੇਣਗੇ, ਇਨ੍ਹਾਂ ਦੇ ਘਰ ਇਕੱਲੀ-ਇਕੱਲੀ ਤਾਂ ਕੁੜੀ ਹੈ, ਇਨ੍ਹਾਂ ਨੇ ਕਿਹੜਾ ਬਹੁਤੀਆਂ ਧੀਆਂ ਦੇ ਵਿਆਹ ਕਰਨੇ ਹਨ। ਮੇਰੀ ਭੈਣ ਕੁੜੀ ਨੂੰ ਸ਼ਗਨ ਦੇਣ ਲੱਗੀ ਤਾਂ ਉਸ ਦੀ ਮਾਂ ਨੇ ਭੈਣ ਨੂੰ ਇਹ ਕਹਿਕੇ ਰੋਕ ਦਿੱਤਾ,'ਨਹੀਂ ਭਾਈ ਬੀਬਾ! ਜਿੰਨਾ ਚਿਰ ਮੇਰਾ ਫ਼ੌਜੀ ਪੁੱਤ, ਮੁੰਡੇ ਨੂੰ ਤੇ ਥੋਡੇ ਘਰ ਬਾਰ ਨੂੰ ਨਿਗ੍ਹਾ ਥਾਣੀਂ ਨ੍ਹੀਂ ਕੱਢ ਲੈਂਦਾ ਓਨਾ ਚਿਰ ਸਾਡੇ ਵੱਲੋਂ ਰਿਸ਼ਤੇ ਦੀ ਗੱਲ ਪੱਕੀ ਨਾ ਸਮਝੋ, ਸਾਡੀ ਹਾਂ ਨਾਂਹ ਤਾਂ ਉਸ ਦੇ ਛੁੱਟੀ ਆਏ ਤੋਂ ਹੀ ਹੋਵੇਗੀ।' ਮੇਰੇ ਨਾਲ ਗਈ ਮੇਰੀ ਵੱਡੀ ਭੈਣ ਤੇ ਭਣੋਈਆ ਬੁਸ ਬੁਸ ਕਰਨ ਲੱਗ ਪਏ, 'ਲਉ ਮਾਸੀ ਜੀ! ਅਸੀਂ ਤਾਂ ਘਰੋਂ ਮਿਥ ਕੇ ਆਏ ਸੀ ਬਈ ਸ਼ਗਨ ਪਾ ਕੇ ਹੀ ਮੁੜਾਂਗੇ, ਹੁਣ ਜੀ! ਤੁਸੀਂ ਇਉ ਨਾ ਕਰੋ, ਤੁਸੀਂ ਬਿਠਾਓ ਕੁੜੀ ਨੂੰ ਆਪਾਂ ਮਾੜਾ ਜਿਹਾ ਰੋਕਾ ਤਾਂ ਕਰ ਲਈਏ।' ਮੇਰੀ ਭੈਣ ਦੇ ਵਾਰ-ਵਾਰ ਜ਼ੋਰ ਪਾਉਣ ਦੇ ਬਾਵਜੂਦ ਉਸ ਦੀ ਮਾਂ ਨੇ ਕੁੜੀ ਨੂੰ ਸ਼ਗਨ ਤਾਂ ਫੇਰ ਵੀ ਨਹੀਂ ਸੀ ਲੈਣ ਦਿੱਤਾ ਪਰ ਸਾਨੂੰ ਯਕੀਨ ਦਿਵਾਉਣ ਖ਼ਾਤਰ ਮੈਨੂੰ ਸ਼ਗਨ ਦੇ ਦਿੱਤਾ ਤੇ ਉਸੇ ਦਸ ਰੁਪਏ ਦੇ ਨੋਟ ਨੂੰ ਅਸੀਂ ਰੋਕਾ ਸਮਝ ਲਿਆ ਸੀ। ਮੈਂ ਤਾਂ ਹੁੱਬੇ ਹੋਏ ਨੇ ਆਪਣੇ ਸਾਰੇ ਦੋਸਤਾਂ ਮਿੱਤਰਾਂ ਨੂੰ ਵੀ ਦੱਸ ਦਿੱਤਾ ਸੀ ਕਿ ਮੇਰਾ ਰਿਸ਼ਤਾ ਲੁਧਿਆਣੇ ਸ਼ਹਿਰ ਵਿੱਚ ਹੋ ਗਿਆ ਹੈ। ਉਨ੍ਹਾਂ ਦੇ ਘਰੋਂ ਹੀ ਸਾਨੂੰ ਪਤਾ ਲੱਗਿਆ ਸੀ ਕਿ ਉਸ ਦਾ ਵੱਡਾ ਭਰਾ ਪਟਿਆਲੇ ਵਿਆਹਿਆ ਹੋਇਆ ਹੈ ਤੇ ਉਸ ਦੀ ਪਤਨੀ ਪੇਕੀਂ ਜਣੇਪਾ ਕੱਟਣ ਗਈ ਹੋਈ ਹੈ ? ਬੜੀ ਚੁਸਤੀ ਨਾਲ ਮੈਂ ਉਨ੍ਹਾਂ ਤੋਂ ਪਟਿਆਲੇ ਵਾਲਿਆਂ ਦੇ ਘਰ ਦਾ ਐਡਰੈੱਸ ਵੀ ਪਤਾ ਕਰ ਲਿਆ ਸੀ। ਮੈਨੂੰ ਅੱਚਵੀ ਲੱਗੀ ਹੋਈ ਸੀ ਕਿ ਕਿਹੜਾ ਵੇਲਾ ਹੋਵੇ ਜਦੋਂ ਮੈਂ ਫ਼ੌਜੀ ਦੇ ਸਹੁਰੀਂ ਜਾ ਕੇ ਉਸ ਦੀ ਪਤਨੀ ਨੂੰ ਆਪਣੀ ਛੋਟੀ ਜਿਹੀ ਡੀਮਾਂਡ ਦੱਸ ਕੇ ਆਵਾਂ, ਆਪਣੀ ਹੋਛੀ ਤੇ ਲਾਲਚੀ ਸੋਚ ਪ੍ਰਗਟ ਕਰਨੋਂ ਮੈਂ ਨਾ ਹੀ ਰਹਿ ਸਕਿਆ। ਘਰ ਦਿਆਂ ਤੋਂ ਚੋਰੀਓਂ ਮੈਂ ਉਨ੍ਹਾਂ ਦੀ ਨੂੰਹ ਦੇ ਪੇਕੇ ਘਰ ਜਾ ਪਹੁੰਚਿਆ ਤੇ 'ਸੂਤ ਨਾ ਪਤਾਣ, ਜੁਲਾਹੇ ਨਾਲ ਡਾਂਗੋਂ ਡਾਂਗੀ' ਵਾਲੀ ਗੱਲ ਕਰ ਆਇਆ।

ਮੈਂ ਬਹੁਤੇ ਕਾਹਲੇ ਨੇ ਪੈਂਦੀ ਸੱਟੇ ਹੀ ਉਸਨੂੰ ਆਪਣੀ ਮੰਗ ਸਪਸ਼ਟ ਤੌਰ 'ਤੇ ਦੱਸ ਦਿੱਤੀ , 'ਮੇਰੀ ਡੀਮਾਂਡ ਤਾਂ ਭੈਣ ਜੀ! ਮੋਟਰਸਾਈਕਲ ਦੀ ਹੈ, ਤੁਹਾਨੂੰ ਪਤਾ ਈ ਐ ਏਨੀ ਕੁ ਉਮੀਦ ਤਾਂ ਪੜ੍ਹਿਆ ਲਿਖਿਆ ਪੱਕੀ ਨੌਕਰੀ 'ਤੇ ਲੱਗਿਆ ਹਰੇਕ ਮੁੰਡਾ ਰੱਖਦਾ ਹੀ ਹੈ।' ਮੈਂ ਉਸ ਤੇ ਆਪਣੀ ਸਰਕਾਰੀ ਨੌਕਰੀ ਦਾ ਰੋਅਬ ਪਾਉਣ ਲਈ ਦਲੀਲ ਦਿੱਤੀ।

'ਕੋਈ ਨਾ ਵੀਰ ਜੀ! ਉਹ ਅੱਜ ਭਲਕ ਛੁੱਟੀ ਆਉਣ ਹੀ ਵਾਲੇ ਹਨ, ਮੈਂ ਉਨ੍ਹਾਂ ਨੂੰ ਦੱਸ ਦੇਵਾਂਗੀ ਸਾਰੀ ਗੱਲ।'

ਮੈਂ ਅਕਲ ਦੇ ਅੰਨ੍ਹੇ ਨੇ ਤਾਂ ਇਹ ਵੀ ਨਾ ਸੋਚਿਆ ਕਿ ਮੋਟਰਸਾਈਕਲ ਦੇਣ ਦੀ ਉਨ੍ਹਾਂ ਵਿਚ ਕਿੱਥੇ ਗੁਜਾਇਸ਼ ਹੈ! ਨਾਲੇ ਮੋਟਰਸਾਈਕਲ ਦੀ ਮੰਗ ਕਰਨ ਵਾਲਾ ਮੈਂ ਕਿਹੜਾ ਕਿਸੇ ਸ਼ਾਹੂਕਾਰ ਦਾ ਪੁੱਤ ਸੀ, ਨੌਕਰੀ ਤੋਂ ਸਿਵਾਏ ਹੋਰ ਮੇਰੇ ਕੋਲ ਸੀ ਵੀ ਕੀ? ਜੇ ਕੋਠੀ ਪਾ ਲਈ ਸੀ ਉਹ ਤਾਂ ਸਾਡੀ ਸਾਰੇ ਭਰਾਵਾਂ ਦੀ ਸਾਂਝੀ ਸੀ, ਇਹ ਕਿੱਡੀ ਕੁ ਵੱਡੀ ਗੱਲ ਸੀ! ਪਰ ਉਦੋਂ ਮੱਤ ਹੀ ਏਨੀ ਕੁ ਸੀ ।ਕੀ ਕਰਦਾ! ਜਿੰਨੀ ਕੁ ਅਕਲ ਸੀ ਝੱਲ ਖਿਲਾਰ ਕੇ ਮੁੜ ਆਇਆ ਸਾਂ ਤੇ ਹੁਣ ਮੰਗ ਦੇ ਨਤੀਜੇ ਦੀ ਉਡੀਕ ਵਿਚ ਸਾਂ। ਜਦੋਂ ਫ਼ੌਜੀ ਭਾਈ ਛੁੱਟੀ ਆਇਆ ਤਾਂ ਉਸ ਦੀ ਪਤਨੀ ਨੇ ਮੇਰੇ ਵੱਲੋਂ ਰੱਖੀ ਗਈ ਡੀਮਾਂਡ ਉਸ ਨੂੰ ਦੱਸਣੀ ਹੀ ਸੀ। ਉਹ ਗੁੱਸੇ ਨਾਲ ਭਰਿਆ ਪੀਤਾ ਤੁਰੰਤ ਸਾਡੇ ਪਿੰਡ ਪਹੁੰਚ ਗਿਆ ਤੇ ਸਾਰੇ ਟੱਬਰ ਵਿਚ ਬਿਠਾਲ ਕੇ ਮੇਰੀ ਲਾਹ ਪਾਹ ਕਰਦੇ ਹੋਏ ਨੇ ਉਸੇ ਵੇਲੇ ਹੀ ਸਾਨੂੰ ਰਿਸ਼ਤੇ ਤੋਂ ਜਵਾਬ ਦੇ ਦਿੱਤਾ। ਮੇਰੀ ਵੱਡੀ ਭੈਣ ਜਿਹੜੀ ਮੇਰੇ ਨਾਲ ਕੁੜੀ ਦੇਖਣ ਗਈ ਸੀ, ਉਸ ਦੇ ਸਾਹਮਣੇ ਹੀ ਮੇਰੇ ਨਾਲ ਛਿੱਤਰ ਪਤਾਣ ਹੋ ਗਈ, 'ਨਾ ਤੂੰ ਕੀਹਤੋਂ ਪੁੱਛ ਕੇ ਗਿਆ ਸੀ ਉਨ੍ਹਾਂ ਦੇ ਘਰੇ? ਸ਼ਰਮ ਨਾ ਆਈ ਤੈਨੂੰ ਇਹੋ ਜਿਹੀ ਕਰਤੂਤ ਖਿਲਾਰਦੇ ਨੂੰ? ਕੀ ਹੋ ਗਿਐ ਜੇ ਅੱਜ ਆਪਾਂ ਮਾੜੀ ਮੋਟੀ ਰੋਟੀ ਖਾਣ ਲੱਗ ਪਏ ਆਂ ਤਾਂ, ਤੂੰ ਅੱਠਾਂ ਕੁ ਦਿਨਾਂ ਦਾ ਰੱਜਿਆ ਹੋਇਆ ਐਡੀ ਛੇਤੀ ਪੈਰ ਛੱਡ ਗਿਆ?'

ਫਿਰ ਉਹ ਆਪਣੇ ਘਰ ਵਾਲੇ ਵੱਲ ਹੱਥ ਕਰ ਕੇ ਕਹਿਣ ਲੱਗੀ, 'ਇਹ ਨੂੰ ਵਿਚਾਰੇ ਨੂੰ ਤਾਂ ਆਪਣੇ ਘਰੋਂ ਅੱਧ ਮੁੱਲ ਦਾ ਪੁਰਾਣਾ ਸਾਈਕਲ ਵੀ ਨਹੀਂ ਸੀ ਜੁੜਿਆ, ਜੇ ਇਹ ਵੀ ਉਦੋਂ ਮੋਟਰਸਾਈਕਲ ਦੀ ਮੰਗ ਰੱਖ ਦਿੰਦਾ ਫੇਰ...?' ਸਾਰਾ ਟੱਬਰ ਗੁੱਸੇ ਵਿੱਚ ਮੇਰੇ 'ਤੇ ਕਚੀਚੀਆਂ ਵੱਟ ਰਿਹਾ ਸੀ ਤੇ ਮੈਂ ਸ਼ਰਮ ਨਾਲ ਪਾਣੀ ਪਾਣੀ ਹੋਇਆ ਨੀਵੀਂ ਨਹੀਂ ਸਾਂ ਚੁੱਕ ਰਿਹਾ। ਜਵਾਬ ਹੋ ਚੁੱਕੇ ਰਿਸ਼ਤੇ ਨੂੰ ਦੁਬਾਰਾ ਜੋੜਨ ਲਈ ਸਾਡੇ ਘਰ ਦੇ 'ਕੱਲੇ-'ਕੱਲੇ ਜੀਅ ਨੇ ਉਨ੍ਹਾਂ ਦੇ ਮਿੰਨਤਾਂ ਤਰਲੇ ਕੀਤੇ ਪਰ ਮੇਰੇ ਵੱਲੋਂ ਕੀਤੀ ਗਈ ਨਾ ਮਾਫ਼ ਕਰਨ ਯੋਗ ਗੁਸਤਾਖੀ ਕਾਰਨ ਉਹ ਸਾਕ ਸਿਰੇ ਨਾ ਚੜ੍ਹ ਸਕਿਆ।

ਇੱਕ ਦਿਨ ਇਕ ਦੋਸਤ ਨੇ ਮੈਨੂੰ ਰਾਹ ਵਿੱਚ ਰੋਕ ਕੇ ਪੁੱਛਿਆ, 'ਨਾ ਯਾਰ! ਹੁਣ ਤੂੰ ਸਾਨੂੰ ਵਿਆਹ ਵੂਹ ਕਦੋਂ ਕੁ ਦਿਖਾਉਣੈਂ? ਅਸੀਂ ਵੀ ਫੇਰ ਖਿੱਚੀਏ ਤਿਆਰੀਆਂ ਬਾਰਾਤੀ ਬਣਨ ਦੀਆਂ, ਹੁਣ ਤਾਂ ਵਾਹਵਾ ਚਿਰ ਹੋ ਗਿਐ ਮੰਗਣੀ ਹੋਈ ਨੂੰ।' ਉਹ ਲਗਾਤਾਰ ਪੁੱਛੀ ਜਾ ਰਿਹਾ ਸੀ, ਮੇਰੇ ਵੱਲੋਂ ਨਾ ਹੂੰ ਨਾ ਹਾਂ, ਹੁਣ ਉਹ ਕਿਹੜਾ ਨਿਆਣਾ ਸੀ, ਝੱਟ ਸਮਝ ਗਿਆ ਕਿ ਜ਼ਰੂਰ ਦਾਲ 'ਚ ਕੁਝ ਕਾਲਾ ਹੈ। ਉਸ ਦੇ ਵਾਰ-ਵਾਰ ਪੁੱਛਣ 'ਤੇ ਮੈਨੂੰ ਸੱਚੀ ਗੱਲ ਦੱਸਣੀ ਹੀ ਪਈ। ਸਾਰੀ ਗੱਲ ਸੁਣਨ ਤੋਂ ਬਾਅਦ ਉਹ ਬੋਲਿਆ, 'ਉਏ! ਅਮਰਜੀਤ!! ਫਿੱਟੇ ਮੂੰਹ ਤੇਰੇ! ਮੈਂ ਕਹਿੰਨਾ ਲੱਖ ਲਾਹਨਤ ਤੇਰੀ ਇਹੋ ਜਿਹੀ ਘਟੀਆ ਸੋਚ ਦੇ! ਸਿਰਫ਼ ਏਨੀ ਕੁ ਗੱਲ ਪਿੱਛੇ ਐਡਾ ਵਧੀਆ ਰਿਸ਼ਤਾ ਹੱਥੋਂ ਗਵਾ ਲਿਐ? ਓਏ ਕਮਲਿਆ! ਹੋਰ ਚਹੁੰ ਦਿਨਾਂ ਨੂੰ ਉਹ ਨੇ ਨੌਕਰੀ 'ਤੇ ਲੱਗ ਜਾਣਾ ਸੀ ਫੇਰ ਭਾਵੇਂ ਤੂੰ ਆਏ ਸਾਲ ਨਵਾਂ ਮੋਟਰਸਾਈਕਲ ਖ਼ਰੀਦ ਲਿਆ ਕਰਦਾ, ਨਾਲੇ ਸੁਦਾਈਆਂ! ਜੀਹਨੇ ਸੋਨੇ ਵਰਗੀ ਧੀ ਪੜ੍ਹਾ ਲਿਖਾ ਕੇ ਤੇਰੇ ਮਗਰ ਲਾਉਣੀ ਸੀ ਹੋਰ ਉਹਨੇ ਪਿੱਛੇ ਕੀ ਰੱਖ ਲੈਣਾ ਸੀ! ਕੀ ਤੂੰ ਦੱਸ ਸਕਦਾ ਹੈਂ ਕਿ ਜਿਗਰ ਦੇ ਟੁਕੜੇ ਤੋਂ ਮਹਿੰਗੀ ਚੀਜ਼ ਦੁਨੀਆ ਵਿੱਚ ਹੋਰ ਕਿਹੜੀ ਹੁੰਦੀ ਐ? ਤੂੰ ਯਾਰ! ਕੁਸ਼ ਤਾਂ ਸੋਚਦਾ, ਕਦੇ ਬੱਸਾਂ ਦੇ ਪਿੱਛੇ ਲਿਖਿਆ ਨ੍ਹੀਂ ਤੂੰ ਪੜ੍ਹਿਆ,'ਦੁਲਹਨ ਹੀ ਦਹੇਜ ਹੈ।'।

ਸੁਰਤ ਤਾਂ ਮੇਰੀ ਉਸ ਦੀਆਂ ਗੱਲਾਂ ਨੇ ਹੀ ਟਿਕਾਣੇ ਲਿਆ ਦਿੱਤੀ ਸੀ ਪਰ ਅੱਜ ਕਿੰਨੇ ਹੀ ਸਾਲਾਂ ਬਾਅਦ ਬੱਸ ਦੇ ਪਿਛਲੇ ਪਾਸੇ ਉਹੀ ਇਬਾਰਤ ਲਿਖੀ ਦੇਖ ਕੇ ਭੁੱਲੀ ਵਿਸਰੀ ਯਾਦ ਮੁੜ ਤੋਂ ਤਾਜ਼ਾ ਹੋ ਗਈ ਸੀ ਨਾਲ ਹੀ ਖਿਆਲ ਆਇਆ, 'ਜਦੋਂ ਹੋਕਾ ਦੇ ਕੇ ਚਿੜੀਆਂ ਨੂੰ ਖੇਤ ਚੁਗਣ ਦਾ ਆਪ ਸੱਦਾ ਦਿੱਤਾ ਹੋਵੇ ਫਿਰ ਬਾਅਦ ਵਿੱਚ ਪਛਤਾਵੇ ਤੋਂ ਸਿਵਾਏ ਹੋਰ ਹੱਥ ਪੱਲੇ ਆਉਣ ਨੂੰ ਬਚਦਾ ਵੀ ਕੀ ਹੈ!'

## ਮਿੰਨੀ ਕਹਾਣੀਆਂ

### ਕੀੜੀ ਅਤੇ ਮੁਫ਼ਤਖੋਰ ਮਨੁੱਖ

**ਬਲਜੀਤ ਸਿੰਘ ਨਾਭਾ**

ਇੱਕ ਦਿਨ ਇੱਕ ਆਦਮੀ ਨੇ ਕੀੜੀਆਂ ਦੇ ਭੌਣ ਉੱਤੇ ਕਣਕ ਦੇ ਕੁਝ ਦਾਣੇ ਖਿਲਾਰ ਦਿੱਤੇ। ਦੋ ਚਾਰ ਦਿਨ ਬਾਅਦ ਜਦੋਂ ਉਹ ਦੁਬਾਰਾ ਉੱਥੇ ਕਣਕ ਦੇ ਦਾਣੇ ਪਾਉਣ ਆਇਆ ਤਾਂ ਦੇਖਿਆ ਕਿ ਉਹ ਭੌਣ ਖਾਲੀ ਸੀ ਤੇ ਦਾਣੇ ਉੱਥੇ ਹੀ ਪਏ ਸਨ। ਉਸ ਨੇ ਅੱਗੇ ਪਿੱਛੇ ਹੋ ਕੇ ਦੁਬਾਰਾ ਭੌਣ ਲੱਭਿਆ ਤੇ ਉੱਥੇ ਕਣਕ ਦੇ ਦਾਣੇ ਖਿਲਾਰ ਦਿੱਤੇ। ਕੁਝ ਦਿਨਾਂ ਬਾਅਦ ਜਦੋਂ ਫਿਰ ਉਹ ਦੁਬਾਰਾ ਉੱਥੇ ਆਇਆ ਤਾਂ ਹੈਰਾਨ ਹੋਇਆ ਕਿ ਕੀੜੀਆਂ ਦਾ ਉਹ ਭੌਣ ਵੀ ਖਾਲੀ ਸੀ। ਉਹ ਆਲੇ-ਦੁਆਲੇ ਦੇਖ ਕੇ ਭੌਣ ਲੱਭਣ ਲੱਗਿਆ।

ਕੀੜੀਆਂ ਦਾ ਨਵੀਂ ਭੌਣ ਦੇਖ ਕੇ ਉਹ ਨੇੜੇ ਗਿਆ। ਉਸ ਨੇ ਅਜੇ ਹੱਥ ਵਿੱਚ ਦਾਣੇ ਚੁੱਕੇ ਹੀ ਸਨ ਕਿ ਅਚਾਨਕ ਆਵਾਜ਼ ਆਈ "ਆਦਮਜਾਤ ਇਸ ਭੌਣ ਉੱਪਰ ਦਾਣੇ ਨਾ ਖਿਲਾਰੀਂ, ਅਸੀਂ ਮੁਫ਼ਤਖੋਰ ਨਹੀਂ ਬਣਨਾ, ਮਿਹਨਤ ਨਹੀਂ ਛੱਡਣੀ, ਸਾਨੂੰ ਮੁਆਫ਼ ਕਰੀਂ ਤੇ ਇੱਥੋਂ ਚਲਾ ਜਾ। ਇਹ ਸੁਣ ਕੇ ਆਦਮੀ ਬਹੁਤ ਹੈਰਾਨ ਹੋਇਆ। ਉਸ ਨੂੰ ਕੁਝ ਸਮਝ ਨਹੀਂ ਆਇਆ ਕਿ ਇਹ ਕੀੜੀਆਂ ਕੀ ਕਹਿ ਰਹੀਆਂ ਹਨ ਅਤੇ ਕੀ ਕਹਿਣਾ ਚਾਹ ਰਹੀਆਂ ਹਨ।

ਆਦਮੀ ਬੋਲਿਆ ਮੈਂ ਤੁਹਾਡੇ ਭੌਣ 'ਤੇ ਦਾਣੇ ਤਾਂ ਪਾਉਂਦਾ ਹਾਂ ਤਾਂ ਕਿ ਤੁਸੀਂ ਭੁੱਖੀਆਂ ਨਾ ਰਹੋ ਅਤੇ ਤੁਹਾਨੂੰ ਸੌਖੇ ਹੀ ਦਾਣੇ ਲੱਭ ਜਾਣ।

ਕੀੜੀ ਬੋਲੀ, "ਤੂੰ ਝੂਠ ਬੋਲ ਰਿਹਾ ਏਂ। ਅਸਲ ਵਿੱਚ ਦਾਣੇ ਪਾਉਣ ਦੇ ਬਹਾਨੇ ਤੂੰ ਆਪਣੀ ਕਿਸਮਤ ਨੂੰ ਸੰਵਾਰਨ ਦੀ ਕੋਸ਼ਿਸ਼ ਕਰ ਰਿਹਾ ਹੈਂ, ਪਰ ਇਸ ਨਾਲ ਸਾਡੀ ਕਿਸਮਤ ਖ਼ਰਾਬ ਹੁੰਦੀ ਹੈ।"

ਅਜੇ ਕੀੜੀ ਦੀ ਗੱਲ ਖ਼ਤਮ ਵੀ ਨਹੀਂ ਹੋਈ ਸੀ ਕਿ ਮਨੁੱਖ ਬੋਲ ਪਿਆ, ਉਹ ਕਿਵੇਂ?""

ਕੀੜੀ ਬੋਲੀ, ਅਸੀਂ ਮਿਹਨਤ ਕਰ ਕੇ ਖਾਣ ਵਿੱਚ ਭਰੋਸਾ ਰੱਖਦੇ ਹਾਂ, ਮੁਫ਼ਤ ਦੀਆਂ ਸਹੂਲਤਾਂ ਲੈ ਕੇ ਅਸੀਂ ਆਪਣੇ ਆਪ ਨੂੰ ਬੇਕਾਰ ਨਹੀਂ ਕਰਨਾ ਚਾਹੁੰਦੀਆਂ। ਇਹ ਮੁਫ਼ਤ ਦੀਆਂ ਸਹੂਲਤਾਂ ਤੁਹਾਨੂੰ ਹੀ ਮੁਬਾਰਕ ਹੋਣ। ਤੁਹਾਡੇ ਝੂਠੇ ਲੋਕਤੰਤਰ ਦੀਆਂ ਚੋਣਾਂ ਜਿੱਤਣ ਲਈ ਸਿਆਸਤਦਾਨਾਂ ਨੇ ਮੁਫ਼ਤ ਅਨਾਜ, ਮੁਫ਼ਤ ਪੈਸੇ, ਮੁਫ਼ਤ ਦਾਲਾਂ, ਮੁਫ਼ਤ ਬਿਜਲੀ, ਮੁਫ਼ਤ ਬੱਸ ਦੇ ਝੂਟੇ ਆਦਿ ਵਰਗੇ ਕਈ ਤਰ੍ਹਾਂ ਦੇ ਲੋਭ-ਲਾਲਚ ਦੇ ਕੇ ਤੁਹਾਡੀ ਕਿਸਮਤ 'ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਤੁਹਾਨੂੰ ਬੇਕਾਰ ਕਰ ਦਿੱਤਾ ਹੈ ਅਤੇ ਹੁਣ ਤੂੰ ਮੇਰੀ ਭੌਣ 'ਤੇ ਦਾਣੇ ਪਾ ਕੇ ਮੈਨੂੰ ਆਪਣੇ ਵਰਗਾ ਬਣਾਉਣਾ ਚਾਹੁੰਦਾ ਏਂ।"

****

### ਦਲਦਲ

**ਇਕਬਾਲ ਸਿੰਘ ਹਮਜਾਪੁਰ**

ਸਰਦਾਰ ਨੇ ਬਾਟੀਆਂ ਵਿੱਚ ਚਾਹ ਪਾ ਕੇ ਸੀਰੀਆਂ ਨੂੰ ਆਵਾਜ਼ ਮਾਰ ਲਈ ਸੀ। ਉਸ ਦੇ ਸੀਰੀ ਝੋਨਾ ਲਾਉਣ ਲਈ ਕੱਦੂ ਕੀਤੇ ਹੋਏ ਖੇਤ 'ਚ ਰੇਹ ਪਾ ਰਹੇ ਸਨ।

ਸਰਦਾਰ ਦੇ ਆਵਾਜ਼ ਮਾਰਨ ਦੀ ਦੇਰ ਸੀ ਕਿ ਚਾਰੇ ਸੀਰੀ ਵੱਟ 'ਤੇ ਪਹੁੰਚ ਗਏ। ਉਹ ਆਪੋ-ਆਪਣੀ ਝੋਲ਼ੀ ਰੱਖ ਕੇ ਵੱਟ 'ਤੇ ਹੀ ਬਹਿ ਗਏ।

"ਦੱਸ ਦਿਓ ਬਈ ਕਿੰਨਾ ਕੁ ਪਾਵਾਂ?" ਇਹ ਆਖਦਿਆਂ ਸਰਦਾਰ ਚਾਹ ਪਾਉਣ ਤੋਂ ਬਾਅਦ ਇੱਕ ਹੋਰ ਚੂਰਾ ਜਿਹਾ ਬਾਟੀਆਂ ਵਿੱਚ ਪਾਉਣ ਲੱਗ ਪਿਆ ਸੀ। ਉਸ ਨੇ ਚੂਰਾ ਤਿੰਨ ਬਾਟੀਆਂ ਵਿੱਚ ਪਾ ਦਿੱਤਾ, ਪਰ ਜਦੋਂ ਚੌਥੇ ਸੀਰੀ ਮੀਤੇ ਦੀ ਬਾਟੀ ਵਿੱਚ ਪਾਉਣ ਲੱਗਾ ਤਾਂ ਮੀਤੇ ਨੇ ਬਾਟੀ ਉੱਪਰ ਹੱਥ ਧਰ ਲਿਆ।

"ਸਰਦਾਰ ਜੀ! ਮੇਰੀ ਬਾਟੀ ਵਿੱਚ ਨਾ ਪਾਇਓ। ਮੇਰੀਆਂ ਰਾਤੀਂ ਲੱਤਾਂ ਬਹੁਤ ਦੁਖਦੀਆਂ ਸਨ।" ਮੀਤੇ ਨੇ ਆਖਿਆ।

"ਲੱਤਾਂ ਇਸ ਚੂਰੇ ਨਾਲ ਥੋੜ੍ਹੀ ਦੁਖਦੀਆਂ। ਇਹ ਚੂਰਾ ਸਗੋਂ ਹੱਡ-ਗੋਡੇ ਖੋਲ੍ਹਦਾ ਆ।" ਇੱਕ ਸੀਰੀ ਮੀਤੇ ਨੂੰ ਸਮਝਾਉਣ ਲੱਗਾ। "ਨਹੀਂ! ਲੱਤਾਂ ਇਹ ਚੂਰਾ ਖਾਣ ਨਾਲ ਹੀ ਦੁਖਦੀਆਂ।" ਮੀਤੇ ਨੇ ਦੁਬਾਰਾ ਆਖਿਆ। ਮੀਤੇ ਦਾ ਪੱਕਾ ਵਿਸ਼ਵਾਸ ਸੀ ਕਿ ਲੱਤਾਂ ਇਸ ਚੂਰੇ ਕਰਕੇ ਹੀ ਦੁਖਦੀਆਂ ਹਨ। ਉਸ ਨੇ ਪਹਿਲੀ ਵਾਰ ਕੱਲ੍ਹ ਹੀ ਇਹ ਚੂਰੇ ਵਾਲੀ ਚਾਹ ਪੀਤੀ ਸੀ। ਚੂਰੇ ਵਾਲੀ ਚਾਹ ਪੀਣ ਤੋਂ ਬਾਅਦ ਉਸ ਨੂੰ ਦਿਨ ਵਿੱਚ ਇੰਝ ਲੱਗਿਆ ਸੀ, ਜਿਵੇਂ ਉਸ ਵਿੱਚ ਘੋੜੇ ਜਿੰਨੀ ਤਾਕਤ ਆ ਗਈ ਹੋਵੇ। ਉਹ ਕੱਦੂ ਵਿੱਚ ਭੱਜਾ ਜਾਂਦਾ ਸੀ, ਪਰ ਰਾਤ ਨੂੰ ਉਸ ਦੀਆਂ ਲੱਤਾਂ ਦੁਖਣ ਲੱਗ ਪਈਆਂ ਸਨ। "ਮੀਤਿਆ! ਇਸ ਤੋਂ ਬਿਨਾਂ ਤੈਥੋਂ ਤੁਰਿਆ ਨਹੀਂ ਜਾਣਾ। ਇਸ ਤੋਂ ਬਿਨਾਂ ਝੋਲੀ ਚੁੱਕ ਕੇ ਖੇਤ ਵਿਚਲੀ ਦਲਦਲ ਵਿੱਚੋਂ ਕਿਵੇਂ ਨਿਕਲੇਂਗਾ?" ਦੂਜਾ ਸੀਰੀ ਵੀ ਬੋਲ ਪਿਆ ਸੀ, ਪਰ ਮੀਤੇ ਨੇ ਫਿਰ ਵੀ ਆਪਣੀ ਬਾਟੀ ਵਿੱਚ ਉਹ ਚੂਰਾ ਜਿਹਾ ਨਾ ਪਵਾਇਆ। "ਵੇਖ ਲੈ ਫਿਰ ਕੱਦੂ ਵਿੱਚ ਪਿੱਛੇ ਰਹਿ ਗਿਆ ਤਾਂ ਸਰਦਾਰ ਨੇ ਝਿੜਕਣਾ। ਉਹ ਤੈਨੂੰ ਕੰਮੋਂ ਹਟਾ ਵੀ ਸਕਦਾ।" ਤੀਜਾ ਸੀਰੀ ਆਖਣ ਲੱਗਾ।

'ਇਸ ਦਲਦਲ ਵਿੱਚੋਂ ਤਾਂ ਮੈਂ ਹੌਲੀ ਹੌਲੀ ਤੁਰਦਾ ਹੋਇਆ ਕਿਵੇਂ ਨਾ ਕਿਵੇਂ ਨਿਕਲ ਜਾਵਾਂਗਾ, ਪਰ ਜਿਹੜੀ ਦਲਦਲ 'ਚ ਇਹ ਚੂਰਾ ਮੈਨੂੰ ਲੈ ਕੇ ਜਾਵੇਗਾ, ਉਸ ਵਿੱਚੋਂ ਨਿਕਲਣਾ ਮੁਸ਼ਕਲ ਹੈ। ਉਸ ਦਲਦਲ ਦਾ ਦੂਜਾ ਨਾਂ ਮੌਤ ਹੈ।' ਮੀਤਾ ਸੋਚਣ ਲੱਗਾ। ਉਸ ਨੇ ਆਪਣੇ ਮਨ ਨਾਲ ਫ਼ੈਸਲਾ ਕਰ ਲਿਆ ਸੀ ਕਿ ਕੁਝ ਵੀ ਹੋ ਜਾਵੇ, ਉਹ ਇਹ ਚੂਰਾ ਜਿਹਾ ਨਹੀਂ ਖਾਵੇਗਾ। ਜੇਕਰ ਸਰਦਾਰ ਕੰਮ ਤੋਂ ਜਵਾਬ ਵੀ ਦੇ ਦੇਵੇਗਾ ਤਾਂ ਹੋਰ ਕਿਧਰੇ ਕੰਮ ਕਰਨ ਚਲਾ ਜਾਵੇਗਾ।

# ਮੇਰੀ ਕਲਮ

## ਮੁਹੱਬਤਾਂ ਵਾਲੇ
**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**

ਮੁਹੱਬਤਾਂ ਵਾਲੇ ਮੇਲਾ ਲੁੱਟ ਕੇ ਲੈ ਗਏ ਨੇ
ਹਾਰ ਕੇ ਵੀ ਉਹ ਦੁਨੀਆ ਜਿੱਤ ਕੇ ਬਹਿ ਗਏ ਨੇ
ਹੈਂਕੜ ਸਦਾ ਖ਼ੁਸ਼ੀਆਂ ’ਤੇ ਪੈਂਦੀ ਭਾਰੀ ਹੈ
ਸੌ ਟਕੇ ਦੀ ਗੱਲ ਸਿਆਣੇ ਕਹਿ ਗਏ ਨੇ
ਕਦੇ ਕਦੇ ਜਦ ਮਿਲਦੇ ਸੀ ਤਾਂ ਪਿਆਰ ਬੜਾ
ਨਿੱਤ ਮਿਲਕੇ ਤਾਂ ਕਮੀਆਂ ਕੱਢਣ ਬਹਿ ਗਏ ਨੇ
ਪਿਆਰ ਮੁਹੱਬਤ ਇਸ਼ਕ ਹਕੀਕੀ, ਦਾ ਜ਼ਮਾਨਾ ਬੀਤ ਗਿਆ
ਹੁਣ ਸਾਡੇ ਵਿੱਚ ਰਾਸ਼ਨ ਜਾਂ ਖਰਚੇ ਦੇ ਚਰਚੇ ਰਹਿ ਗਏ ਨੇ
ਇੱਕ ਗੱਲ ਹੋਰ ਮੇਰੇ ਦਿਲ ਨੂੰ ਡਾਢੀ ਚੁਭਦੀ ਹੈ
ਸਫ਼ਰਾਂ ’ਤੇ ਜਾਣਾ ਸੀ ਉਹ ਰਾਹ ਸੈਰਾਂ ਦੇ ਪੈ ਗਏ ਨੇ
ਚੱਲ ਜੋ ਤੂੰ ਸੀ ਚਾਹੁੰਦਾ, ਉਹ ਵੀ ਮੰਨ ਲਿਆ
ਬਦੋਬਦੀ ਹੁਣ ਕਿਸ ਲਈ ਦੂਰ ਜੇ ਹੋ ਗਏ ਨੇ
ਪੀਰਾਂ ਵਾਂਗ ਧਿਆਉਂਦੇ ਬਸ ਇੱਕ ਦੀਦ ਲਈ
ਉਹ ਚੰਦ ਈਦ ਦੇ ਵਾਂਗੂ ਦਰਸ਼ਨ ਦੇ ਗਏ ਨੇ
ਵਿਛੜੀਆਂ ਰੂਹਾਂ ਦੀ ਪੀੜ ਪੁਰਾਣੀ ਲੱਗਦੀ ਹੈ
ਦਿਲ ਮੇਰੇ ਦੇ ਜਜ਼ਬਾਤ ਜੋ ਆਪੇ ਵਹਿ ਗਏ ਨੇ
ਧਾਲੀਵਾਲ ਇਹ ਜ਼ਿੰਦਗੀ ਉਂਝ ਹਸੀਨ ਬੜੀ,
ਕਿਉਂ ਮਾਣਨ ਵਾਲੇ ਪਲਾਂ ’ਚ ਉਲਝ ਕੇ ਰਹਿ ਗਏ ਨੇ।

## ਫ਼ੋਨ ਤੇ ਡਰਾਈਵਿੰਗ
**ਜਗਜੀਤ ਸਿੰਘ ਲੱਡਾ**



ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਦੱਸ ਕੀ ਬਣੂੰ ਫੇਰ ਜੇ ਮੂਹਰੇ ਆ ਗਿਆ ਕੋਈ।
ਸਾਰਾ ਟੱਬਰ ਹੈ ਬੈਠਾ ਤੇ ਵਿਆਹ ’ਤੇ ਚੱਲੇ,
ਅੱਜ-ਕੱਲ੍ਹ ਬੱਚੇ ਹੁੰਦੇ ਸਭਨਾਂ ਦੇ ’ਕੱਲੇ-’ਕੱਲੇ,
ਹੌਲੀ ਚੱਲੋ! ਹੱਥ ਬੰਨ੍ਹ, ਸਭ ਕਰੀਏ ਅਰਜੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਕੁਝ ਦਿਮਾਗ਼ ਵਿੱਚੋਂ ਆਪ ਜੀ ਤੇਜ਼ੀ ਨੂੰ ਘਟਾਓ,
ਮਨ ਵਿੱਚ ਥੋੜ੍ਹੇ ਸਮੇਂ ਲਈ ਤੁਸੀਂ ਠੰਢ ਵਰਤਾਓ,
ਰੱਖੇ ਸਫ਼ਰ ’ਚ ਨਿਗ੍ਹਾ ਜੋ ਮੰਜ਼ਿਲ ’ਤੇ ਪਹੁੰਚੇ ਸੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਇੱਕ ਪਲ ਦੀ ਗ਼ਲਤੀ ਪੱਲੇ ਪਾ ਜਾਂਦੀ ਏ ਰੋਣਾ,
ਫੇਰ ਸਾਰੀ ਉਮਰ ਪਛਤਾ ਕੇ ਵੀ ਕੁਝ ਨਾ ਹੋਣਾ,
ਇਨ੍ਹਾਂ ਸੜਕਾਂ ’ਤੇ ਕਿਸੇ ਲੱਤ, ਬਾਂਹ, ਜਾਨ ਖੋਈ
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਜੇ ਮੰਨਣੀ ਨਹੀਂ ਗੱਲ ਸਾਨੂੰ ਬੱਸ ’ਤੇ ਚੜ੍ਹਾਓ,
ਫੇਰ ਤਾਂ ‘ਲੱਡਾ’ ਜੀ ਇਹ ਜਿੰਨੀ ਮਰਜ਼ੀ ਭਜਾਓ,
ਰਹੂ ਥੋਡੀ ਉਂਝ ਫ਼ਿਕਰ, ਸਾਡੀ ਰੂਹ ਜਾਊ ਰੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।

## ਗ਼ਜ਼ਲ
**ਪਰਮਜੀਤ ਸਿੰਘ ਨਿੱਕੇ ਘੁੰਮਣ**

ਹੁਣ ਮੱਥੇ ਬਾਲ ਚਿਰਾਗ਼, ਮੋਮਬੱਤੀਆਂ ਕੀ ਕਰਨੈ?
ਖ਼ੁਦ ਆਪ ਤਾਂ ਸੱਜਣਾ ਜਾਗ, ਮੋਮਬੱਤੀਆਂ ਕੀ ਕਰਨੈ?
ਤੂੰ ਭੰਡੇਂ ਸਾਰੇ ਜਗ ਨੂੰ, ਲਾ ਲਾ ਊਜਾਂ ਵੇ
ਤੇਰੀ ਆਪਣੀ ਪਗੜੀ ਦਾਗ਼, ਮੋਮਬੱਤੀਆਂ ਕੀ ਕਰਨੈ?
ਜਦ ਨਜ਼ਰੀਂ ਆਵੇ ਸੱਪ ਤਾਂ ਲੋਕੀਂ ਮਾਰਨ ਵੇ
ਜੇ ਵਿੱਚ ਸਿਆਸਤ ਨਾਗ, ਮੋਮਬੱਤੀਆਂ ਕੀ ਕਰਨੈ?
ਹੁਣ ਹੋਏ ਗਵੱਈਏ ਬੇਸੁਰ, ਨਾਲੇ ਬੇਤਾਲੇ
ਕੋਈ ਗਾਉਂਦਾ ਨਹੀਉਂ ਰਾਗ, ਮੋਮਬੱਤੀਆਂ ਕੀ ਕਰਨੈ?
ਹੈ ਉੱਪਰੋਂ ਲੈ ਕੇ ਹੇਠਾਂ ਤੀਕਰ ਖ਼ੁਦਗ਼ਰਜ਼ੀ
ਜਿਉਂ ਲੱਗੀ ਕੋਈ ਲਾਗ, ਮੋਮਬੱਤੀਆਂ ਕੀ ਕਰਨੈ?
ਤੂੰ ਕਰਨੈ ਟੂਣੇ-ਟਾਮਣ, ਰੱਬ ਨੂੰ ਮੰਨੇ ਨਾ।
ਨਹੀਂ ਖੁੱਲ੍ਹਣੇ ਤੇਰੇ ਭਾਗ, ਮੋਮਬੱਤੀਆਂ ਕੀ ਕਰਨੈ?

## ਵਧਦਾ ਪ੍ਰਦੂਸ਼ਣ
**ਹਰਪ੍ਰੀਤ ਪੱਤੋ**



ਖੰਘ, ਦਮਾ, ਜ਼ੁਕਾਮ, ਖੁਰਕ ਹੋਈ ਜਾਵੇ,
ਪ੍ਰਦੂਸ਼ਣ ਵਾਲੀ ਵਗਦੀ ਪੌਣ ਬਾਬਾ।
ਅੱਗਾਂ ਲੱਗੀਆਂ ਧੂੰਏਂ ਨੇ ਜ਼ੋਰ ਪਾਇਆ,
ਸਾਹ ਲੱਗਦੇ ਔਖੇ ਆਉਣ ਬਾਬਾ।
ਜਿਉਂ ਹੋਵੇ ਹਨੇਰਾ ਧੂੰਆਂ ਗੁਬਾਰ ਚੜ੍ਹਦਾ,
ਦਿਸੇ ਚੰਦ ਨਾ ਤਾਰੇ ਰੁਸ਼ਨਾਉਣ ਬਾਬਾ।
ਜਾਣਾ ਕਿਤੇ, ਜਾਵੇ ਬੰਦਾ ਉਲਟ ਪਾਸੇ,
ਅਸਲੀ ਰਾਹ ਨਾ ਪਏ ਥਿਆਉਣ ਬਾਬਾ।
ਇੱਕ ਦੀਵਾਲੀ ਦਿਨ ਤਿਉਹਾਰ ਆਉਂਦੇ,
ਲੋਕ ਅੱਗ ਨੋਟਾਂ ਨੂੰ ਲਾਉਣ ਬਾਬਾ।
ਪ੍ਰਦੂਸ਼ਣ ਵਿੱਚ ਵਾਧਾ ਦਿਨੋਂ ਦਿਨ ਹੋਰ ਹੋਵੇ,
ਸਾਹ ਆਪਣੇ ਲੋਕ ਘਟਾਉਣ ਬਾਬਾ।
ਅਜੇ ਪਿੰਡਾਂ ਵਿੱਚ ਕੁਝ ਰਾਹਤ ਮਿਲਦੀ,
ਟ੍ਰੈਫਿਕ ਸ਼ਹਿਰੀਂ ਪ੍ਰਦੂਸ਼ਣ ਵਧਾਉਣ ਬਾਬਾ।
ਕੁਝ ਸਰਕਾਰ ਸਮਝੇ ਕੁਝ ਲੋਕ ਸਮਝਣ,
ਤਰੀਕਾ ਹੋਰ ਕੋਈ ਅਪਨਾਉਣ ਬਾਬਾ।
ਕਮਾਈ ਸਭ ਦਵਾਈਆਂ ਵਿੱਚ ਰੁੜ੍ਹੀ ਜਾਂਦੀ,
ਕਿੱਥੋਂ ਖ਼ਰਚ ਘਰ ਦਾ ਲੋਕ ਚਲਾਉਣ ਬਾਬਾ।
ਲੋਕਾਂ ਦੇ ਸਿਰ ’ਤੇ ਸਰਕਾਰਾਂ ਦੇ ਰਾਜ ਹੁੰਦੇ,
ਪਹਿਲਾਂ ਲੋਕਾਂ ਨੂੰ, ਪੱਤੋ, ਬਚਾਉਣ ਬਾਬਾ।

## ਬੂਟੇ ਲਗਾਈਏ !
**ਓਮਕਾਰ ਸੂਦ ਬਹੋਨਾ**



ਆਓ ਰਲ ਮਿਲ ਬੂਟੇ ਲਗਾਈਏ।
ਰੁੱਖਾਂ ਦੇ ਹੀ ਨਗਮੇ ਗਾਈਏ।
ਰੁੱਖ ਤਾਂ ਠੰਢੀਆਂ ਛਾਵਾਂ ਦਿੰਦੇ,
ਛਾਵਾਂ ਅਤੇ ਦੁਆਵਾਂ ਦਿੰਦੇ,
ਰੁੱਖਾਂ ਦਾ ਵੀ ਮਾਣ ਵਧਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਹਵਾ ਨੂੰ ਉੱਜਲ ਕਰ ਦਿੰਦੇ ਨੇ,
ਨਾਲੇ ਮਿੱਠੇ ਫਲ ਦਿੰਦੇ ਨੇ,
ਇਨ੍ਹਾਂ ਦੇ ਨਾਲ ਪਿਆਰ ਵਧਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਇਹੇ ਤਾਂ ਹਰਿਆਲੀ ਦਿੰਦੇ,
ਨਾਲੇ ਇਹ ਖੁਸ਼ਹਾਲੀ ਦਿੰਦੇ,
ਇਨ੍ਹਾਂ ਦੇ ਸੰਗ ਖ਼ੁਸ਼ੀ ਮਨਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਸਾਡਾ ਜੀਵਨ ਇਹੀ ਬਚਾਉਂਦੇ,
ਸ਼ੁੱਧ ਹਵਾ ਸਾਨੂੰ ਪਹੁੰਚਾਉਂਦੇ,
ਇਨ੍ਹਾਂ ਤੋਂ ਬਲਿਹਾਰੇ ਜਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਬੂਟਿਆਂ ਨੂੰ ਅਸੀਂ ਲਗਾਉਣਾ,
ਰੋਜ਼ ਇਨ੍ਹਾਂ ਨੂੰ ਪਾਣੀ ਪਾਉਣਾ,
ਆਉ ਸੱਚੀ ਕਸਮ ਉਠਾਈਏ-
ਆਓ ਰਲ ਮਿਲ ਬੂਟੇ ਲਗਾਈਏ।

## ਸਮੇਂ ਤੋਂ ਸਬਕ
**ਰਵਿੰਦਰ ਸਿੰਘ ਕੁੰਦਰਾ**
ਕਵੈਂਟਰੀ, ਯੂ.ਕੇ.
07748772308



ਯਾਦਾਂ ਨੇ ਕੁੱਝ ਅਤੀਤ ਦੀਆਂ,
ਜੋ ਵੀਹ ਚੌਵੀ ਨੇ ਸਾਨੂੰ ਦਿੱਤੀਆਂ ਨੇ,
ਕਿੰਨੀਆਂ ਇਨ੍ਹਾਂ ਚੋਂ ਕੌੜੀਆਂ ਸਨ,
ਤੇ ਕਿੰਨੀਆਂ ਸ਼ਹਿਦ ਤੋਂ ਮਿੱਠੀਆਂ ਨੇ।
ਕਿਸ ਨੇ ਕਿਸ ਨੂੰ ਕਿਸ ਵੇਲੇ,
ਪਿਆਰ ਦਾ ਤੋਹਫਾ ਦਿੱਤਾ ਸੀ,
ਅਤੇ ਕਿਸ ਨੇ ਕਿਸ ਨੂੰ ਹਰ ਵੇਲੇ,
ਬੱਸ ਬਦ ਦੁਆਵਾਂ ਹੀ ਲਿਖੀਆਂ ਨੇ।
ਕਿੰਨੇ ਦੋਸਤ ਛੱਡ ਕੇ ਚਲੇ ਗਏ,
ਕਿੰਨੇ ਨਵਿਆਂ ਨੇ ਹੱਥ ਵਧਾਏ ਨੇ,
ਕਿੰਨਿਆਂ ਨੇ ਚੱਲਦੀ ਜ਼ਿੰਦਗੀ ਨੂੰ,
ਨਿੱਤ ਨੇਕ ਸਲਾਹਾਂ ਦਿੱਤੀਆਂ ਨੇ।
ਕਿੰਨੀਆਂ ਹੀ ਮਾਸੂਮ ਜਿੰਦਾਂ ਦੇ,
ਹੱਥ ਮਾਵਾਂ ਹੱਥੋਂ ਛੁੱਟ ਗਏ,
ਤੇ ਕਿੰਨੇ ਨਵ ਜਨਮੇਂ ਫੁੱਲਾਂ ਨੇ,
ਨਵੀਆਂ ਗੋਦਾਂ ਭਰ ਸਿੱਟੀਆਂ ਨੇ।
ਕਈਆਂ ਦੀਆਂ ਝੋਲੀਆਂ ਰੱਜ ਰੱਜ ਕੇ,
ਸੱਧਰਾਂ ਉਮੰਗਾਂ ਸੰਗ ਭਰੀਆਂ,
ਕੁੱਝ ਤਰਸ ਤਰਸ ਕੇ ਖੁਸ਼ੀਆਂ ਬਿਨ,
ਕਿੰਨੀਆਂ ਹੀ ਚੁੰਨੀਆਂ ਭਿੱਜੀਆਂ ਨੇ।
ਮਰਜੀਵੜੇ ਕਈ ਪਾਕ ਜਜ਼ਬਿਆਂ ਨੂੰ,
ਪੁਣਾ ਕੇ ਬਾਜ਼ੀ ਹਾਰ ਗਏ,
ਕਈਆਂ ਦੀਆਂ ਹਾਲੇ ਵੀ ਮੰਜ਼ਿਲਾਂ ਤੇ,
ਗਹਿਰੀਆਂ ਨਜ਼ਰਾਂ ਟਿਕੀਆਂ ਨੇ।
ਮੁਕਾਬਲੇ ਸਮੇਂ ਨਾਲ ਬੰਦੇ ਦੇ,
ਜਿਉਂਦੇ ਜੀ ਕਦੀ ਵੀ ਮੁੱਕਦੇ ਨਹੀਂ,
ਮਸਾਣਾਂ ਵਿੱਚ ਪਹੁੰਚ ਕੇ ਲੋਥਾਂ ਅੰਤ,
ਖ਼ਾਕ, ਰਾਖ ਦੇ ਭਾਅ ਹੀ ਵਿਕੀਆਂ ਨੇ।
ਸਮਿਆਂ ਦੇ ਬੜੇ ਸਵਾਲ ਕਈ
ਜਵਾਬ ਉਡੀਕਣ ਬੰਦਿਆਂ ਤੋਂ,
ਤੁਸੀਂ ਕਿਹੜੇ ਭੁਲੇਖਿਆਂ ਵਿੱਚ ਫਸ ਕੇ,
ਨਫਰਤਾਂ ਕੰਧਾਂ ’ਤੇ ਲਿਖੀਆਂ ਨੇ।
ਸਬਕ ਤਾਂ ਬੜੇ ਹੀ ਸੌਖੇ ਨੇ,
ਜੇ ਸਿੱਖਣੇ ਚਾਹੇਂ ਤੂੰ ਭੁੱਲੜਾ ਉਏ,
ਨਹੀਂ ਤਾਂ ਹਸ਼ਰ ਦੀਆਂ ਵਿਧੀਆਂ,
ਤੇਰੇ ਲਈ ਪਹਿਲਾਂ ਹੀ ਵਿੱਢੀਆਂ ਨੇ।

## ਗ਼ਜ਼ਲ
**ਡਾ. ਹਰਨੇਕ ਸਿੰਘ ਕਲੇਰ**

ਬਾਤ ਕਰਦਾ ਸੀ, ਸਦਾ ਜੋ ਪਿਆਰ ਦੀ।
ਪੀੜ ਬਣ ਕੇ, ਰਹਿ ਗਿਆ ਹੈ ਖਾਰ ਦੀ।
ਗ਼ਮ ਨਹੀਂ ਹੁਣ, ਮਾਣਦੇ ਹਾਂ ਜ਼ਿੰਦਗੀ,
ਨਾ ਖ਼ੁਸ਼ੀ ਹੈ ਜਿੱਤ ਦੀ, ਨਾ ਹਾਰ ਦੀ।
ਨਾ ਸਦਾ ਪਤਝੜ ਰਹੇ, ਸਭ ਜਾਣਦੇ
ਰੁੱਤ ਮੁੜ ਕੇ ਮਾਣ ਲੈ ਬਹਾਰ ਦੀ।
ਜ਼ਿੰਦਗੀ ਦਾ ਸੱਚ, ਸੁਣ ਮਨ ਡੋਲਿਆ,
ਨਾ ਕਦੇ ਲੰਘੀ ਮੁੜੇ, ਰੁੱਤ ਪਿਆਰ ਦੀ।
ਨਾ ਕਰੀਂ ਸ਼ਿਕਵਾ, ਕਦੇ ਵੀ ਯਾਰ ’ਤੇ,
ਸਾਂਭ ਰੱਖੀਂ, ਤੂੰ ਨਿਸ਼ਾਨੀ ਯਾਰ ਦੀ।

## ਬੇਕਿਰਕ ਸਮੇਂ
**ਕੇਵਲ ਸਿੰਘ ਰੱਤੜਾ**

ਬੇਕਿਰਕ ਜਹੇ ਸਮਿਆਂ ਅੰਦਰ, ਚੱਲਦੇ ਰੁਕਦੇ ਸਾਹਾਂ ਦੀ
ਕਿਹੜੇ ਸ਼ਬਦੀਂ ਲਿਖਾਂ ਕਹਾਣੀ, ਰੋਸ ’ਚ ਭੱਜੀਆਂ ਬਾਹਾਂ ਦੀ।
ਮੇਰੇ ਪਿੰਡ ਦੇ ਬੋਹੜ ਤੇ ਪਿਲਕਣ, ਗੁਰੂ ਸ਼ਰਧਾ ਲਈ ਕਤਲ ਹੋਏ
ਡਾਹਢੇ ਪੀਰ ਦੇ ਕਹਿਰ ਡਰੋਂ, ਝੰਗ ਬਚ ਗਈ ਹੈ ਦਰਗਾਹਾਂ ਦੀ।
ਦੇਵੀ ਮੰਨ ਪਹਾੜੀਂ ਚੜ੍ਹਦੇ, ਮੰਨਤ ਮੰਗਦੇ ਸ਼ੁਹਰਤ ਦੀ
ਕੁਰਸੀ ਘੜੇ ਕਹਾਣੀ ਕੰਜਕਾਂ, ’ਤੇ ਹੀ ਜਬਰ ਜਨਾਹਾਂ ਦੀ।
ਅਰਥ ਡੂੰਘੇਰੇ ਚੁੱਪ ਦੇ ਹੁੰਦੇ, ਕਿਸੇ ਦੇ ਤੌਰ ਭੁਲਾਉਣ ਲਈ
ਭਾਵੁਕ ਲੋਕੀਂ ਕੀ ਸਮਝਣਗੇ, ਸ਼ਾਤਰ ਚਾਲ ਨਿਗਾਹਾਂ ਦੀ।
ਦਿਸਦੇ ਨਹੀਂ ਪਰ ਸੂਹੀਆ ਤੰਤਰ, ਰਾਹੀਂ ਜੇਬਾਂ ਤੀਕ ਗਏ
ਦਿਲੋ ਦਿਮਾਗ਼ ਵੀ ਬੋਲੀ ਬੋਲਣ, ਉਨ੍ਹਾਂ ਕੁਬੇਰੀ ਸ਼ਾਹਾਂ ਦੀ।
ਰਿਸ਼ਵਤ ਦੇ ਕੇ ਧੰਦਾ ਕਰਦਾ, ਲੁਕਿਆ ਫਿਰੇ ਅਮੀਰਜ਼ਾਦਾ
ਸ਼ੇਅਰਾਂ ਵਿੱਚ ਤੁਲਦੀ ਦੌਲਤ, ਪਰ ਲੱਗੀ ਫ਼ਿਕਰ ਪਨਾਹਾਂ ਦੀ।
ਚੋਰ ਅਦਾਲਤੋਂ ਬਚ ਜਾਂਦੇ, ਅਪੀਲ ਦਲੀਲ ਵਕੀਲਾਂ ਨਾਲ
ਖ਼ਲਕਤ ਦੇ ਤਖਤੇ ਵਿੱਚ ਅੜਦੀ ਗਰਦਨ ਬੇਪਰਵਾਹਾਂ ਦੀ।
ਪੌਣੀ ਸਦੀ ਆਜ਼ਾਦ ਹੋਇਆਂ ਨੂੰ, ਫਿਰ ਵੀ ਮਨੋਂ ਗ਼ੁਲਾਮ ਰਹੇ
ਪਹਿਨਣ, ਖਾਣ, ਦਿਖਾਵੇ ਤੱਕ ਹੀ ਸੋਚ ਹੈ ਖਾਹਮਖਾਹਾਂ ਦੀ।
ਵਕਤ ਬੀਤਿਆ ਗੌਰੀ ਤੁਰਕ, ਚੰਗੇਜ਼ ਸਿਕੰਦਰ ਗੋਰੇ ਦਾ
ਵੰਡੀ ਜਨਤਾ ਕਿੰਝ ਥਾਹ ਪਾਊ ਖ਼ੁਦ ਮੁਕਤੀ ਦੇ ਰਾਹਾਂ ਦੀ।
ਸੱਚ ਸੰਜਮ ਤੇ ਸਮਝ ਦੇ ਬਾਝੋਂ ‘ਰੱਤੜਾ’ ਪਾਰ ਉਤਾਰਾ ਨਹੀਂ ਹੋਣਾ
ਕੁਝ ਛੱਡਣ, ਕੁਝ ਮੰਨਣ ਬਿਨ ਕੀ ਕਦਰ ਹੈ ਕੂੜ ਸਲਾਹਾਂ ਦੀ।



## ਲਗਾਤਾਰ ਕੀਤੀ ਮਿਹਨਤ ਤੇ ਸੰਘਰਸ਼ ਨੇ ਮਿਲਖਾ ਸਿੰਘ ਨੂੰ ਬਣਾਇਆ ਸੀ

# ‘ਉੱਡਣਾ ਸਿੱਖ’

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਨਰਲ ਅਯੂਬ ਖ਼ਾਨ ਵੱਲੋਂ ਬੜੇ ਫ਼ਖ਼ਰ ਨਾਲ ਦਿੱਤੇ ਗਏ ਲਕਬ ‘ਉੱਡਣਾ ਸਿੱਖ’ ਵਜੋਂ ਜਾਣਿਆਂ ਜਾਣ ਵਾਲਾ ਮਹਾਨ ਐਥਲੀਟ ਮਿਲਖਾ ਸਿੰਘ ਦਾ ਸਮੁੱਚਾ ਜੀਵਨ ਮਿਹਨਤ, ਸੰਘਰਸ਼ ਤੇ ਸਿਰੜ ਦੀ ਉਹ ਮਿਸਾਲ ਸੀ ਜੋ ਸਦੀਆਂ ਤੱਕ ਮਨੁੱਖਤਾ ਦਾ ਰਾਹ ਰੁਸ਼ਨਾਉਂਦੀ ਰਹੇਗੀ। ਮੁਲਕ-ਵੰਡ ਤੋਂ ਪਹਿਲਾਂ ਵਾਲੇ ਭਾਰਤ ਦੇ ਜ਼ਿਲ੍ਹਾ ਮੁਜ਼ੱਫ਼ਰਗੜ੍ਹ, ਜੋ ਕਿ ਹੁਣ ਪਾਕਿਸਤਾਨ ਵਿਖੇ ਸਥਿਤ ਹੈ, ਤੋਂ ਦਸ ਮੀਲ ਦੂਰ ਪਿੰਡ ਗੋਵਿੰਦਪੁਰਾ ਵਿਖੇ ਜਨਮੇ ਮਿਲਖਾ ਸਿੰਘ ਨੇ ਮੁਲਕ ਵੰਡ ਸਮੇਂ ਆਪਣੀ ਨਿੱਕੀ ਜਿਹੀ ਉਮਰੇ ਹੀ ਮਨੁੱਖੀ ਲਹੂ ਦੀ ਹੋਲੀ ਦਾ ਤੇ ਧਰਮ ਦੇ ਨਾਂ ’ਤੇ ਨਫ਼ਰਤ ਤੇ ਜ਼ੁਲਮ ਦੀ ਇੰਤਹਾ ਦਾ ਮੰਜ਼ਰ ਰੂ-ਬ-ਰੂ ਵੇਖਿਆ ਸੀ। ਮੁਲਕ ਦੇ ਬਟਵਾਰੇ ਵੇਲੇ ਸੰਪ੍ਰਦਾਇਕਤਾ ਦੇ ਜ਼ਹਿਰ ਨਾਲ ਅੰਨ੍ਹੇ ਹੋਏ ਜਨੂੰਨੀਆਂ ਨੇ ਉਸਦੇ ਮਾਪਿਆਂ ਸਣੇ ਦੋ ਭੈਣਾਂ ਅਤੇ ਇੱਕ ਭਰਾ ਨੂੰ ਕਤਲ ਕਰ ਦਿੱਤਾ ਸੀ। ਆਪਣੀ ਰੂਹ ਉੱਤੇ ਆਪਣਿਆਂ ਦੀ ਮੌਤ ਦੇ ਜ਼ਖ਼ਮ ਲੈ ਕੇ ਉਹ ਦਿੱਲੀ ਆਣ ਪਹੁੰਚਿਆ ਸੀ ਜਿਥੇ ਉਸਨੂੰ ਕੁਝ ਸਮਾਂ ਰਿਫ਼ਊਜ਼ੀ ਕੈਂਪ, ਪੁਨਰਵਾਸ ਕੈਂਪ ਤੇ ਆਪਣੀ ਭੈਣ ਈਸ਼ਵਰ ਕੌਰ ਦੇ ਘਰ ਰਹਿਣਾ ਪਿਆ ਸੀ। ਗ਼ਰੀਬੀ ਦੇ ਥਪੇੜੇ ਖਾਣ ਵਾਲੇ ਇਸ ਸ਼ਖ਼ਸ ਨੂੰ ਬਿਨਾਂ ਟਿਕਟ ਰੇਲ ’ਚ ਸਫ਼ਰ ਕਰਨ ਦੇ ਜੁਰਮ ’ਚ ਜੇਲ੍ਹ ’ਚ ਬੰਦ ਕਰ ਦਿੱਤਾ ਗਿਆ ਤੇ ਉਸ ਨੂੰ ਛੁਡਾਉਣ ਲਈ ਭੈਣ ਈਸ਼ਵਰ ਕੌਰ ਨੂੰ ਆਪਣੇ ਗਹਿਣੇ ਤੱਕ ਵੇਚਣੇ ਪਏ ਸਨ।

ਗ਼ਰੀਬੀ ਤੇ ਬੇਕਾਰੀ ਨੇ ਮਿਲਖਾ ਸਿੰਘ ਨੂੰ ਇਸ ਹੱਦ ਤੱਕ ਮਾਯੂਸ ਕਰ ਦਿੱਤਾ ਸੀ ਕਿ ਸੰਨ 1951 ’ਚ ਉਸਨੇ ਗਲਤ ਰਾਹ ਅਖ਼ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਸੀ ਪਰ ਕਿਸੇ ਰਿਸ਼ਤੇਦਾਰ ਦੇ ਸਮਝਾਉਣ ’ਤੇ ਉਸਨੇ ਫ਼ੌਜ ’ਚ ਭਰਤੀ ਲਈ ਕੋਸ਼ਿਸ਼ ਸ਼ੁਰੂ ਕਰ ਦਿੱਤੀ ਤੇ ਆਪਣੀ ਮਿਹਨਤ ਤੇ ਸਿਰੜ ਦੀ ਬਦੌਲਤ ਚੌਥੀ ਕੋਸ਼ਿਸ਼ ’ਚ ਫ਼ੌਜ ’ਚ ਭਰਤੀ ਹੋਣ ਦਾ ਮਿਸ਼ਨ ਪੂਰਾ ਕਰ ਹੀ ਲਿਆ। ਮਿਲਖਾ ਸਿੰਘ ਦੀ ਪੋਸਟਿੰਗ ‘ਇਲੈਕਟ੍ਰੀਕਲ ਐਂਡ ਮਕੈਨੀਕਲ ਸੈਂਟਰ ਸਿਕੰਦਰਾਬਾਦ’ ਵਿਖੇ ਹੋ ਗਈ ਤੇ ਇਥੇ ਉਸਦਾ ਵਾਹ ਐਥਲੈਟਿਕਸ ਨਾਲ ਪੈ ਗਿਆ ਜਿਸਦੇ ਬਾਰੇ ਉਹ ਕੁਝ ਵੀ ਨਹੀਂ ਜਾਣਦਾ ਸੀ। ਦੁੱਧ ਤੇ ਅੰਡਿਆਂ ਦੀ ਖ਼ੁਰਾਕ ਮਿਲਣ ਦੇ ਲਾਲਚ ’ਚ ਉਸ ਨੇ ਦੌੜਾਂ ’ਚ ਹਿੱਸਾ ਲੈਣ ਦੀ ਸ਼ੁਰੂਆਤ ਕਰ ਦਿੱਤੀ ਪਰ ਛੇਤੀ ਹੀ ਦੌੜਨਾ ਉਸ ਲਈ ਜਨੂੰਨ ਬਣ ਗਿਆ।

ਇੱਕ ਦਿਨ ਉਸਨੇ ‘ਕਰਾਸ ਕੰਟਰੀ ਰੇਸ’ ’ਚ ਭਾਗ ਲੈਂਦਿਆਂ ਛੇਵਾਂ ਸਥਾਨ ਹਾਸਿਲ ਕਰ ਲਿਆ ਤੇ ਉਸਦੀ ਚੋਣ ਵਿਸ਼ੇਸ਼ ਸਿਖਲਾਈ ਹਿੱਤ ਕਰ ਲਈ ਗਈ। ਮਿਲਖਾ ਸਿੰਘ ਨੇ ਕਿਹਾ ਸੀ-‘ਮੈਂ ਦੂਰ-ਦੁਰਾਡੇ ਦੇ ਪਿੰਡ ਤੋਂ ਆਇਆ ਪੇਂਡੂ ਮੁੰਡਾ ਸਾਂ ਤੇ ਮੈਨੂੰ ਅਥਲੈਟਿਕਸ ਜਾਂ ਓਲੰਪਿਕ ਬਾਰੇ ਕੁਝ ਵੀ ਨਹੀਂ ਪਤਾ ਸੀ।’

ਸੰਨ 1956 ’ਚ ਉਲੰਪਿਕ ਖੇਡਾਂ ਦੇ 200 ਤੇ 400 ਮੀਟਰ ਦੇ ਦੌੜ ਮੁਕਾਬਲਿਆਂ ’ਚ ਭਾਗ ਲੈਂਦਿਆਂ ਮਿਲਖਾ ਸਿੰਘ ਦੀ ਮੁਲਾਕਾਤ ਪ੍ਰਸਿੱਧ ਦੌੜਾਕ ਚਾਰਲਸ ਜੈਨਕਿਨਸ ਨਾਲ ਹੋਈ ਜਿਸ ਨੇ ਉਸਨੂੰ ਵਧੀਆ ਸਿਖਲਾਈ ਲੈਣ ਲਈ ਪ੍ਰੇਰਿਆ ਤੇ ਵਧੀਆ ਐਥਲੀਟ ਬਣਨ ਦੇ ਕੁਝ ਗੁਰ ਵੀ ਦੱਸੇ। ਉਸਦੇ ਸੁਝਾਵਾਂ ਨੂੰ ਪੱਲੇ ਬੰਨ੍ਹ ਕੇ ਮਿਲਖਾ ਸਿੰਘ ਨੇ ਰੱਜਵੀਂ ਮਿਹਨਤ ਕੀਤੀ ਤੇ ਸੰਨ 1958 ’ਚ ਉਸਨੇ ਕੌਮੀ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਬਾਅਦ ਉਸਦਾ ਜਿੱਤਾਂ ਦਾ ਸੁਨਹਿਰੀ ਸਫ਼ਰ ਲਗਾਤਾਰ ਚੱਲਦਾ ਰਿਹਾ। ਸੰਨ 1958 ਦੀਆਂ ਏਸ਼ੀਆਈ ਖੇਡਾਂ ’ਚ 200 ਤੇ 400 ਮੀਟਰ ਦੌੜ ਮੁਕਾਬਲਿਆਂ ’ਚ ਉਸਨੇ ਸੋਨ ਤਗ਼ਮੇ ਹਾਸਿਲ ਕੀਤੇ ਤੇ ਉਪਰੰਤ ਉਸੇ ਸਾਲ ਦੀਆਂ ਕਾਮਨਵੈਲਥ ਖੇਡਾਂ ’ਚ ਵੀ ਸੋਨੇ ਦਾ ਤਗ਼ਮਾ ਹਾਸਿਲ ਕੀਤਾ। (ਬਾਕੀ ਸਫ਼ਾ 31 ’ਤੇ)

# ਨੀਰਜ ਚੋਪੜਾ ਬਣੇ 2024 ਦੇ ਸਰਬੋਤਮ ਨੇਜ਼ਾ ਸੁੱਟਣ ਵਾਲੇ ਅਥਲੀਟ

## ਅਮਰੀਕੀ ਪੱਤਰਿਕਾ ‘ਟਰੈਕ ਐਂਡ ਫ਼ੀਲਡ’ ਨੇ ਨੇਜ਼ਾ ਸੁੱਟ ਰੈਂਕਿੰਗ ’ਚ ਟਾਪ ਸਥਾਨ ’ਤੇ ਰੱਖਿਆ



ਪੈਰਿਸ ਉਲੰਪਿੰਕ ’ਚ ਸਿਲਵਰ ਮੈਡਲ ਜਿੱਤਣ ਵਾਲੇ ਭਾਰਤੀ ਖਿਡਾਰੀ ਨੀਰਜ ਚੋਪੜਾ ਨੂੰ ਵਿਸ਼ਵ ਪੱਧਰ ’ਤੇ ਪ੍ਰਸਿੱਧ ਅਮਰੀਕੀ ਪੱਤਰਿਕਾ ‘ਟਰੈਕ ਐਂਡ ਫੀਲਡ ਨਿਊਜ਼’ ਨੇ 2024 ’ਚ ਨੇਜ਼ਾ ਸੁੱਟਣ ’ਚ ਦੁਨੀਆਂ ਦਾ ਸਰਬੋਤਮ ਪੁਰਸ਼ ਐਥਲੀਟ ਕਰਾਰ ਦਿੱਤਾ ਹੈ। ਪਿਛਲੇ ਵਰ੍ਹੇ ਉਲੰਪਿਕ ਖੇਡਾਂ ’ਚ ਪਾਕਿਸਤਾਨ ਨੇ ਅਰਸ਼ਦ ਨਦੀਮ ਦੇ ਬਾਅਦ ਦੂਜੇ ਸਥਾਨ ’ਤੇ ਰਹਿਣ ਵਾਲੇ 27 ਸਾਲਾ ਚੋਪੜਾ ਨੇ ਕੈਲੀਫੋਰਨੀਆ ਸਥਿਤ ਪੱਤਰਿਕਾ ਦੀ 2024 ਦੀ ਰੈਂਕਿੰਗ ’ਚ ਟਾਪ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਗ੍ਰੇਨੇਡਾ ਦੇ ਦੋ ਵਾਰ ਦੇ ਵਿਸ਼ਵ ਚੈਂਪੀਅਨ ਐਂਡਰਸਨ ਪੀਟਰਜ਼ ਨੂੰ ਪਿੱਛੇ ਛੱਡਿਆ। ਇਹ ਪੱਤਰਿਕਾ 1948 ਤੋਂ ਪ੍ਰਕਾਸ਼ਿਤ ਹੋ ਰਹੀ ਹੈ। ਉਹ ਹਰ ਵਰ੍ਹੇ ਵਿਸ਼ਵ ਤੇ ਅਮਰੀਕੀ ਰੈਂਕਿੰਗ ਪ੍ਰਕਾਸ਼ਿਤ ਕਰਦੀ ਹੈ। ਚੋਪੜਾ 2023 ਦੀ ਪੁਰਸ਼ਾਂ ਦੀ ਨੇਜ਼ਾ ਸੁੱਟਣ ਸਬੰਧੀ ਰੈਂਕਿੰਗ ’ਚ ਵੀ ਟਾਪ ਸਥਾਨ ’ਤੇ ਸੀ।

ਨਦੀਮ ਇਸ ਸੂਚੀ ’ਚ ਪੰਜਵੇਂ ਸਥਾਨ ’ਤੇ ਹਨ, ਕਿਉਂਕਿ ਉਨ੍ਹਾਂ ਉਲੰਪਿਕ ਤੋਂ ਇਲਾਵਾ ਸਿਰਫ ਇਕ ਹੋਰ ਮੁਕਾਬਲੇ, ਜੋ ਕਿ ਪੈਰਿੰਗ ਡਾਇਮੰਡ ਲੀਗ ’ਚ ਹਿੱਸਾ ਲਿਆ, ਜਿਸ ’ਚ ਉਹ ਚੌਥੇ ਸਥਾਨ ’ਤੇ ਰਹੇ ਸਨ। ਪੈਰਿਸ ਉਲੰਪਿਕ ’ਚ ਉਨ੍ਹਾਂ 92.97 ਮੀਟਰ ਵਾਲਾ ਨੇਜ਼ਾ ਸੁੱਟ ਕੇ ਗੋਲਡ ਮੈਡਲ ਜਿੱਤਿਆਂ ਸੀ, ਜਦਕਿ ਚੋਪੜਾ ਨੇ 89.45 ਮੀਟਰ ਨਾਲ ਸਿਲਵਰ ਮੈਡਲ ਹਾਸਲ ਕੀਤਾ ਸੀ। ਚੋਪੜਾ ਨੇ ਸਾਲ 2024 ’ਚ ਕੋਈ ਡਾਇਮੰਡ ਲੀਗ ਮੁਕਾਬਲਾ ਨਹੀਂ ਜਿੱਤੀ ਅਤੇ ਉਹ ਦੋਹਾ, ਲੁਸਾਨੇ ਤੇ ਬਰੁਸਬੇਨ ’ਚ ਦੂਜੇ ਸਥਾਨ ’ਤੇ ਰਹੇ। ਪਿਛਲੇ ਵਰ੍ਹੇ ਉਨ੍ਹਾਂ ਦੀ ਇੱਕ ਮਾਤਰ ਵੱਡੀ ਜਿੱਤ ਫਿਨਲੈਂਡ ਦੇ ਤੁਰਕੂ ’ਚ ਪਾਵੋ ਨੂਰਮੀ ਖੇਡਾਂ ’ਚ ਸੀ। ਪੱਤਰਿਕਾ ਨੇ ਲਿਖਿਆ, ‘ਮੌਜੂਦਾ ਸਮੇਂ ’ਚ ਰੈਂਕਿੰਗ ’ਚ ਟਾਪ ’ਤੇ ਕਾਬਜ਼ ਨੀਰਜ ਚੋਪੜਾ ਅਤੇ 2022 ਦੇ ਜੇਤੂ ਐਂਡਰਨਸਨ ਪੀਟਰਜ਼ ਦੇ ਵਿਚਾਲੇ ਟਾਪ ਸਥਾਨ ਲਈ ਸਥਿਤੀ ਸਪੱਸ਼ਟ ਨਹੀਂ ਸੀ। ਚੋਪੜਾ ਨੇ ਕੋਈ ਡਾਇਮੰਡ ਲੀਗ ਨਹੀਂ ਜਿੱਤੀ ਸੀ ਪਰ ਪੈਰਿਸ ਉਲੰਪਿਕ ’ਚ ਬਿਹਤਰ ਪ੍ਰਦਰਸ਼ਨ ਕਾਰਨ ਉਹ ਗ੍ਰੇਨਾਡਾ ਦੇ ਖਿਡਾਰੀ ਤੋਂ 3-2 ਨਾਲ ਅੱਗੇ ਰਹਨ। ਪੀਟਰਜ਼ ਪੈਰਿਸ ਓਲੰਪਿਕ ’ਚ ਨਦੀਮ ਤੇ ਚੋਪੜਾ ਦੇ ਬਾਅਦ ਤੀਜੇ ਸਥਾਨ ’ਤੇ ਰਹੇ ਹੈ। ਉਨ੍ਹਾਂ 2024 ’ਚ ਲੁਸਾਨੇ , ਜਿਊਰਿਖ ਤੇ ਬਰੁਸੇਲਜ ’ਚ ਤਿੰਨ ਡਾਇਮੰਡ ਲੀਗ ਪ੍ਰਤੀਯੋਗਿਤਾਵਾਂ ਜਿੱਤੀਆਂ ਸੀ। ਪੱਤਰਿਕਾ ਨੇ ਨਦੀਮ ਬਾਰੇ ਲਿਖਿਆ, ‘ ਤੁਸੀਂ ਉਲੰਪਿਕ ਗੋਲਡ ਮੈਡਲ ਜੇਤੂ ਬਾਰੇ ਕੀ ਕਹਿ ਸਕਦੇ ਹੋ, ਜਿਸ ਨੇ ਉਲੰਪਿਕ ਤੋਂ ਇਲਾਵਾ ਸਿਰਫ਼ ਇੱਕ ਹੋਰ ਮੁਕਾਬਲੇ ’ਚ ਹਿੱਸਾ ਲਿਆ ਤੇ ਉਸ ’ਚ ਉਹ ਚੌਥੇ ਸਥਾਨ ’ਤੇ ਰਹੇ। ਇਸ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਪੰਜਵੇਂ ਨੰਬਰ ਤੋਂ ਉਪਰ ਨਹੀਂ ਰੱਖਿਆ ਜਾ ਸਕਦਾ। ਹਾਲਾਂਕਿ ਉਹ ਸਰਬਕਾਲਿਕ ਸੂਚੀ ’ਚ ਛੇਵੇਂ ਸਥਾਨ ’ਤੇ ਪੁੱਜ ਗਏ ਹਨ।

## 1980 ਤੋਂ ਲਗਾਤਾਰ ਜਾਰੀ ਮਿਹਨਤ ਹੋਈ ਸ.ਫਲ

# ਐਥਲੀਟ ਸੁੱਚਾ ਸਿੰਘ ਨੂੰ 54 ਸਾਲਾਂ ਬਾਅਦ ਮਿਲਿਆ ਸਨਮਾਨ



ਭਾਰਤ ਸਰਕਾਰ ਨੇ ਰਾਸ਼ਟਰੀ ਖੇਡ ਪੁਰਸਕਾਰ ਦਾ ਐਲਾਨ ਕੀਤਾ ਹੈ। 54 ਸਾਲਾਂ ਤੋਂ ਅਰਜੁਨ ਐਵਾਰਡ ਹਾਸਲ ਕਰਨ ਲਈ ਯਤਨਸ਼ੀਲ ਸਾਬਕਾ ਐਥਲੀਟ ਸੁੱਚਾ ਸਿੰਘ ਦੀ ਮਿਹਨਤ ਇਸ ਵਾਰ ਰੰਗ ਲਿਆਈ ਹੈ ਤੇ ਸਰਕਾਰ ਨੇ ਉਨ੍ਹਾਂ ਨੂੰ ਸਨਮਾਨਤ ਕਰਨ ਦਾ ਫ਼ੈਸਲਾ ਕੀਤਾ ਹੈ। ਭਾਰਤ ਸਰਕਾਰ ਦੇ ਖੇਡ ਮੰਤਰਾਲੇ ਨੇ ਰਾਸ਼ਟਰੀ ਖੇਡ ਪੁਰਸਕਾਰ 2024 ਦਾ ਐਲਾਨ ਕੀਤਾ ਹੈ ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ 17 ਜਨਵਰੀ 2025 ਨੂੰ ਸਵੇਰੇ 11 ਵਜੇ ਰਾਸ਼ਟਰਪਤੀ ਭਵਨ ਵਿੱਚ ਸਾਰੇ ਜੇਤੂਆਂ ਨੂੰ ਇਹ ਪੁਰਸਕਾਰ ਦੇਣਗੇ। ਜਿਸ ’ਚ 4 ਖਿਡਾਰੀਆਂ ਨੂੰ ਖੇਡ ਰਤਨ ਐਵਾਰਡ ਦਿਤਾ ਜਾਵੇਗਾ, ਜਦਕਿ 34 ਖਿਡਾਰੀਆਂ ਨੂੰ ਅਰਜੁਨ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ। ਜਿਸ ’ਚ ਭਾਰਤੀ ਹਾਕੀ ਟੀਮ ਦੇ 5 ਖਿਡਾਰੀਆਂ ਨੂੰ ਅਰਜੁਨ ਐਵਾਰਡ ਲਈ ਚੁਣਿਆ ਗਿਆ ਹੈ।

ਸਾਬਕਾ ਅਥਲੈਟਿਕਸ ਸੁੱਚਾ ਸਿੰਘ ਨੂੰ ਵੀ ਲਾਈਫ ਟਾਈਮ ਅਰਜੁਨ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ। ਸੁੱਚਾ ਸਿੰਘ ਨੇ ਕਿਹਾ ਕਿ ਉਹ ਇਸ ਐਵਾਰਡ ਲਈ 1980 ਤੋਂ ਕੋਸ਼ਿਸ਼ ਕਰ ਰਹੇ ਸਨ ਅਤੇ 54 ਸਾਲਾਂ ਬਾਅਦ ਉਨ੍ਹਾਂ ਦੀ ਮਿਹਨਤ ਰੰਗ ਲਿਆਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁੱਚਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ 54 ਸਾਲਾਂ ਬਾਅਦ ਅਰਜੁਨ ਐਵਾਰਡ ਨਾਲ ਸਨਮਾਨਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਹ ਖ਼ੁਸ਼ ਹਨ, ਪਰ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਉਹ 1980 ਤੋਂ ਇਸ ਪੁਰਸਕਾਰ ਲਈ ਕੋਸ਼ਿਸ਼ ਕਰ ਰਹੇ ਸਨ। ਜਿਸ ਤੋਂ ਬਾਅਦ 2018 ਵਿੱਚ ਅਰਜੁਨ ਐਵਾਰਡ ਲਈ ਫ਼ਾਰਮ ਦੁਬਾਰਾ ਭਰੇ ਗਏ। ਇਸ ਦੌਰਾਨ ਕਾਫ਼ੀ ਸਮੇਂ ਬਾਅਦ 2025 ’ਚ ਅਰਜੁਨ ਐਵਾਰਡ ਲਈ ਉਨ੍ਹਾਂ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ। 1965 ਵਿੱਚ ਫ਼ੌਜ ਵਿੱਚ ਭਰਤੀ ਹੋਇਆ ਸੁੱਚਾ ਸਿੰਘ ਭਾਰਤ ਲਈ ਪਹਿਲੀ ਜੰਗ ਵਿੱਚ ਵੀ ਸ਼ਾਮਲ ਸੀ। ਇਸ ਦੇ ਨਾਲ ਹੀ ਸਾਬਕਾ ਅਥਲੀਟ ਨੇ ਚਾਂਦੀ ਤੇ ਸੋਨੇ ਦੇ ਤ.ਗਮੇ ਵੀ ਜਿੱਤ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ।

ਸੁੱਚਾ ਸਿੰਘ ਨੇ ਕਿਹਾ ਕਿ ਉਸ ਸਮੇਂ ਖਿਡਾਰੀਆਂ ਨੂੰ ਸਮੇਂ-ਸਮੇਂ ’ਤੇ ਦਿਤੇ ਜਾਣ ਵਾਲੇ ਸਪਲੀਮੈਂਟਾਂ ਦੀ ਵੱਡੀ ਘਾਟ ਸੀ। ਰਾਸ਼ਟਰੀ ਪੱਧਰ ਦੇ ਕੈਂਪਾਂ ਵਿੱਚ ਭੋਜਨ ਦੀ ਕਮੀ ਸਭ ਤੋਂ ਵੱਧ ਦੇਖਣ ਨੂੰ ਮਿਲੀ। ਇਸ ਦੇ ਨਾਲ ਹੀ ਉਸ ਸਮੇਂ ਦੌਰਾਨ ਖਿਡਾਰੀਆਂ ਨੂੰ ਬਹੁਤੀਆਂ ਸਹੂਲਤਾਂ ਨਹੀਂ ਸਨ। ਇਹ ਟਰੈਕ 1982 ਵਿੱਚ ਸ੍ਰੀ ਨੀਭ ਦੇ ਸਮੇਂ ਵਿੱਚ ਬਣਾਇਆ ਗਿਆ ਸੀ, ਜਿਸ ਕਾਰਨ ਖਿਡਾਰੀਆਂ ਦੇ ਪ੍ਰਦਰਸ਼ਨ ਵਿੱਚ ਕਾਫੀ ਅੰਤਰ ਸੀ।

ਸੁੱਚਾ ਸਿੰਘ ਨੇ ਕੋਚ ਭਾਗਵਤ, ਸੰਧੂ ਸਮੇਤ ਆਪਣੇ ਦੋਸਤਾਂ ਦਾ ਧਨਵਾਦ ਕੀਤਾ, ਜਿਨ੍ਹਾਂ ਨੇ ਉਸ ਨੂੰ ਹਰ ਵਾਰ ਹੌਸਲਾ ਦਿੱਤਾ, ਜਿਸ ਕਾਰਨ ਖੇਡ ਮੰਤਰਾਲੇ ਨੇ ਉਸ ਨੂੰ ਅਰਜੁਨ ਐਵਾਰਡ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ। ਸੁੱਚਾ ਸਿੰਘ ਦੀ ਪਤਨੀ ਸੁਰਿੰਦਰ ਕੌਰ ਨੇ ਕਿਹਾ ਕਿ ਉਹ ਅਰਜੁਨ ਐਵਾਰਡ ਪ੍ਰਾਪਤ ਕਰ ਕੇ ਬਹੁਤ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਉਹਨਾਂ ਨੇ ਅਰਜੁਨ ਐਵਾਰਡ ਲਈ 10 ਵਾਰ ਫ਼ਾਰਮ ਭਰੇ, ਪਰ ਰੱਦ ਹੁੰਦੇ ਰਹੇ।

10 ਸਾਲਾਂ ਬਾਅਦ ਉਨ੍ਹਾਂ ਦੇ ਪਤੀ ਸੁੱਚਾ ਸਿੰਘ ਦੇ ਨਾਂ ਦਾ ਅਰਜੁਨ ਐਵਾਰਡ ਲਈ ਐਲਾਨ ਕੀਤਾ ਗਿਆ। ਜਦੋਂ ਕਿ ਸੁੱਚਾ ਸਿੰਘ ਦੀ ਖੇਡ ਬਾਰੇ ਪਤਨੀ ਨੇ ਕਿਹਾ ਕਿ ਉਹ ਆਪਣੇ ਪਤੀ ਦੀ ਖੇਡ ਨਹੀਂ ਦੇਖਦੀ ਸੀ ਕਿਉਂਕਿ ਉਨ੍ਹਾਂ ਦਾ ਵਿਆਹ ਬਹੁਤ ਦੇਰ ਨਾਲ ਹੋਇਆ ਸੀ। ਪਤਨੀ ਨੇ ਕਿਹਾ ਕਿ ਪਤੀ ਨੇ ਭਾਰਤ ਲਈ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਸਰਕਾਰਾਂ ਵੱਲੋਂ ਇਸ ਨੂੰ ਅਣਗੌਲਿਆ ਕੀਤਾ ਗਿਆ ਹੈ।

ਸੁਰਿੰਦਰ ਕੌਰ ਦਾ ਕਹਿਣਾ ਹੈ ਕਿ ਜੇਕਰ ਇਸ ਵਾਰ ਸੁੱਚਾ ਸਿੰਘ ਦੇ ਨਾਂ ਦਾ ਐਲਾਨ ਨਾ ਕੀਤਾ ਗਿਆ ਹੁੰਦਾ ਤਾਂ ਉਨ੍ਹਾਂ ਕਿਹਾ ਸੀ ਕਿ ਉਹ ਅਗਲੀ ਵਾਰ ਐਵਾਰਡ ਲਈ ਅਪਲਾਈ ਨਹੀਂ ਕਰਨਗੇ। ਜ਼ਿਕਰਯੋਗ ਹੈ ਕਿ ਸਾਬਕਾ ਦੌੜਾਕ ਸਿੰਘ ਨੇ 2017 ਵਿੱਚ ਬੈਂਕਾਕ ਵਿੱਚ ਹੋਈਆਂ ਛੇਵੀਆਂ ਏਸ਼ੀਆਈ ਖੇਡਾਂ ਵਿੱਚ ਵੀ 400 ਮੀਟਰ ਦੌੜ ਵਿੱਚ ਕਾਂਸੀ ਦਾ ਤ.ਗਮਾ ਜਿੱਤਿਆ ਸੀ।

1975 ਵਿੱਚ, ਉਸ ਨੇ ਦੱਖਣੀ ਕੋਰੀਆ ਵਿੱਚ ਹੋਈ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ 4 ਗੁਣਾ 400 ਮੀਟਰ ਰਿਲੇਅ ਦੌੜ ਵਿੱਚ ਸੋਨ ਤਮ.ਗਾ ਜਿੱਤਿਆ। ਸੁੱਚਾ ਸਿੰਘ ਨੇ ਦਸਿਆ ਕਿ ਉਸ ਨੇ ਇਸ ਐਵਾਰਡ ਲਈ ਸਭ ਤੋਂ ਪਹਿਲਾਂ 1980 ਵਿੱਚ ਅਪਲਾਈ ਕੀਤਾ ਤੇ 1990 ਤੱਕ ਇਸ ਲਈ ਅਪਲਾਈ ਕਰਦਾ ਰਿਹਾ, ਫਿਰ ਸਾਰੀ ਉਮੀਦ ਗੁਆ ਕੇ ਇਸ ਨੂੰ ਬੰਦ ਕਰ ਦਿੱਤਾ।

ਫਿਰ ਮੈਨੂੰ ਲੱਗਾ ਕਿ ਇਹ ਮੇਰੀ ਕਿਸਮਤ ਨਹੀਂ ਸੀ, ‘ਸੁੱਚਾ ਸਿੰਘ, ਜਿਸ ਨੇ ਰਿਲੇਅ ਦੌੜ ਤੇ 100 ਮੀਟਰ, 200 ਮੀਟਰ, 400 ਮੀਟਰ ਈਵੈਂਟਸ ਵਿੱਚ ਹਿੱਸਾ ਲਿਆ, ਉਨ੍ਹਾਂ ਕਿਹਾ ਕਿ ਮੈਨੂੰ ਹੁਣ ਕੋਈ ਸ਼ਿਕਾਇਤ ਨਹੀਂ ਹੈ। ਹਾਲਾਂਕਿ, ਮੈਨੂੰ ਅਜੇ ਵੀ ਲੱਗਦਾ ਹੈ ਕਿ ਮੈਨੂੰ ਇਹ ਪੁਰਸਕਾਰ ਥੋੜ੍ਹਾ ਪਹਿਲਾਂ ਮਿਲ ਜਾਣਾ ਚਾਹੀਦਾ ਸੀ।

# ਪਿਆਰ ਦਾ ਮਤਲਬ ਹੈ ਕਿ ਕਿਸੇ ਨੂੰ ਅੰਦਰੋਂ ਮਹਿਸੂਸ ਕਰਨਾ : ਦੇਬੀ ਮਖਸੂਸਪੁਰੀ



'ਤੇਰੀਆਂ ਗੱਲਾਂ', 'ਮਿੱਤਰਾਂ ਦੀ ਆਵਾਜ਼' ਅਤੇ 'ਮਹਿਬੂਬ ਵਰਗੇ' ਗੀਤਾਂ ਨਾਲ ਪੰਜਾਬੀ ਸੰਗੀਤ ਜਗਤ 'ਚ ਵੱਖਰਾ ਸਥਾਨ ਰੱਖਦੇ ਹਨ ਗਾਇਕ ਦੇਬੀ ਮਖਸੂਸਪੁਰੀ, ਜੋ ਇਸ ਸਮੇਂ ਆਪਣੇ ਇੱਕ ਪੋਡਕਾਸਟ ਕਾਰਨ ਕਾਫੀ ਸੁਰਖ਼ੀਆਂ ਬਟੋਰ ਰਹੇ ਹਨ। ਜੀ ਹਾਂ, ਹਾਲ ਹੀ 'ਚ ਗਾਇਕ ਦੇਬੀ ਮਖਸੂਸਪੁਰੀ ਨੇ ਇੱਕ ਪੋਡਕਾਸਟ 'ਚ ਸ਼ਿਰਕਤ ਕੀਤੀ, ਜਿਸ ਦੌਰਾਨ ਗਾਇਕ ਨੇ ਕਾਫ਼ੀ ਗੱਲ੍ਹਾਂ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀਆਂ ਕੀਤੀਆਂ।

ਇਸੇ ਦੌਰਾਨ ਜਦੋਂ ਗਾਇਕ ਦੇਬੀ ਮਖਸੂਸਪੁਰੀ ਨੂੰ ਪਿਆਰ ਦੀ ਪਰਿਭਾਸ਼ਾ ਦੇਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਇਸ ਗੱਲ ਦਾ ਜਵਾਬ ਕਾਫੀ ਸ਼ਾਨਦਾਰ ਅੰਦਾਜ਼ ਨਾਲ ਦਿੱਤਾ। ਗਾਇਕ ਨੇ ਕਿਹਾ ਕਿ ਪਿਆਰ ਦਾ ਮਤਲਬ ਹੈ ਕਿ ਕਿਸੇ ਨੂੰ ਅੰਦਰੋਂ ਮਹਿਸੂਸ ਕਰਨਾ, ਉਹ ਦੇ ਤੋਂ ਕੁਰਬਾਨ ਹੋ ਜਾਣ ਨੂੰ ਜੀਅ ਕਰੇ, ਉਹ ਦੀ ਹਰ ਗੱਲ ਚੰਗੀ ਲੱਗੇ, ਪਿਆਰੇ ਦੇ ਮੂੰਹੋਂ ਨਿਕਲੀ ਹਰ ਚੀਜ਼ ਪੂਰੀ ਕਰਨ ਨੂੰ ਦਿਲ ਕਰੇ ਅਤੇ ਮਨ ਕਰੇ ਕਿ ਮੈਂ ਕਿਸੇ ਤਰ੍ਹਾਂ ਇਸ ਨੂੰ ਪੂਰਾ ਕਰ ਦੇਵਾਂ। ਗਾਇਕ ਨੇ ਅੱਗੇ ਕਿਹਾ, 'ਉਸ ਦਾ ਦੁੱਖ ਨਹੀਂ ਦੇਖ ਸਕਦੇ ਤੁਸੀਂ, ਉਸ ਨੂੰ ਕੁੱਝ ਵੀ ਹੁੰਦਾ ਹੈ ਤਾਂ ਤੁਹਾਡਾ ਤਰਾਹ ਨਿਕਲ ਜਾਂਦਾ ਹੈ ਅਤੇ ਤੁਸੀਂ ਸੋਚਦੇ ਹੋ ਕਿ ਮੈਨੂੰ ਕੁੱਝ ਹੋ ਜਾਵੇ ਪਰ ਉਸ ਨੂੰ ਕੁੱਝ ਵੀ ਨਾ ਹੋਵੇ।'

ਦੱਸਣਯੋਗ ਹੈ ਕਿ ਦੇਬੀ ਮਖਸੂਸਪੁਰੀ ਇੱਕ ਪੰਜਾਬੀ ਗਾਇਕ ਹੋਣ ਦੇ ਨਾਲ-ਨਾਲ ਗੀਤਕਾਰ ਅਤੇ ਕਵੀ ਵੀ ਹਨ। ਉਹ ਪੰਜਾਬ ਦੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਪਿੰਡ ਮਖਸੂਸਪੁਰ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਨੂੰ ਸੰਗੀਤ ਜਗਤ 'ਚ ਸੈਡ ਗੀਤਾਂ ਲਈ ਵੀ ਜਾਣਿਆ ਜਾਂਦਾ ਹੈ। ਦੇਬੀ ਮਖਸੂਸਪੁਰੀ ਨੇ ਹੁਣ ਤੱਕ ਪੰਜਾਬੀ ਮਨੋਰੰਜਨ ਜਗਤ ਨੂੰ ਪਿਆਰ, ਵਿਛੋੜੇ ਵਰਗੇ ਭਾਵਨਾਤਮਕ ਵਿਸ਼ਿਆਂ 'ਤੇ ਕਾਫੀ ਸਾਰੇ ਗੀਤ ਦਿੱਤੇ ਹਨ। ਗਾਇਕ ਦਾ ਸਾਦਾ ਪਹਿਰਾਵਾ ਅਤੇ ਰਹਿਣ-ਸਹਿਣ ਪ੍ਰਸ਼ੰਸਕਾਂ ਨੂੰ ਕਾਫੀ ਖਿੱਚਦਾ ਹੈ।

## ਪੰਜਾਬੀ ਫ਼ਿਲਮਾਂ ਦੀ 'ਪੰਚਣੀ'

# ਅਨੀਤਾ ਦੇਵਗਨ



**ਰਜਨੀ ਭਗਾਣੀਆ**

ਅਨੀਤਾ ਦੇਵਗਨ ਦਾ ਨਾਮ ਲੈਂਦਿਆਂ ਹੀ ਸਾਡੇ ਦਿਮਾਗ਼ ਵਿੱਚ ਉਸ ਦੀ ਬਾਕਮਾਲ ਅਦਾਕਾਰੀ ਉੱਭਰਨ ਲੱਗਦੀ ਹੈ। ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਇਸ ਅਦਾਕਾਰਾ ਨੇ ਜਿੱਥੇ ਰੰਗਮੰਚ ਦੇ ਖੇਤਰ ਵਿੱਚ ਆਪਣੀ ਅਦਾਕਾਰੀ ਦੇ ਝੰਡੇ ਗੱਡੇ, ਉੱਥੇ ਉਹ ਪੰਜਾਬੀ ਫ਼ਿਲਮ ਜਗਤ ਜ਼ਰੀਏ ਲੋਕਾਂ ਦੇ ਦਿਲਾਂ ਵਿੱਚ ਉਤਰ ਚੁੱਕੀ ਹੈ। ਉਸ ਨੇ ਹਰ ਤਰ੍ਹਾਂ ਦੇ ਕਿਰਦਾਰ ਨਿਭਾ ਕੇ ਦਰਸ਼ਕਾਂ 'ਤੇ ਅਮਿੱਟ ਛਾਪ ਛੱਡੀ ਹੈ। ਇਹ ਕਿਰਦਾਰ ਭਾਵੇਂ ਦਰਸ਼ਕਾਂ ਨੂੰ ਹਸਾਉਣ ਜਾਂ ਰੁਆਉਣ ਦੇ ਹੋਣ ਜਾਂ ਫ਼ਿਰ ਪੰਜਾਬ ਦੇ ਸਮਾਜਿਕ ਤਾਣੇ ਬਾਣੇ ਵਿੱਚ ਉਲਝੇ ਰਿਸ਼ਤਿਆਂ ਦੀ ਹਕੀਕਤ ਦਿਖਾਉਣ ਵਾਲੇ ਹੋਣ। ਉਸ ਅੰਦਰ ਹਰ ਕਿਰਦਾਰ ਵਿੱਚ ਢਲ ਕੇ ਉਸ ਦੀ ਗਹਿਰਾਈ ਤੱਕ ਜਾਣ ਦੀ ਸ਼ਿੱਦਤ ਹੈ ਜੋ ਉਸ ਨੂੰ ਬਾਕੀ ਅਦਾਕਾਰਾਂ ਨਾਲੋਂ ਵੱਖਰਾ ਕਰਦੀ ਹੈ।

ਜਲੰਧਰ ਦੂਰਦਰਸ਼ਨ ਦੇ ਲੜੀਵਾਰ 'ਪੰਚਣੀ' ਤੋਂ ਸੁਰਖੀਆਂ ਵਿੱਚ ਆਈ ਇਹ ਅਦਾਕਾਰਾ ਅੱਜ ਪੰਜਾਬੀ ਫ਼ਿਲਮਾਂ ਦੀ ਪੰਚਣੀ ਬਣੀ ਹੋਈ ਨਜ਼ਰ ਆਉਂਦੀ ਹੈ। ਉਸ ਦੀ ਅਦਾਕਾਰੀ ਨਾਲ ਸਜੀ ਹੋਈ ਹਰ ਪੰਜਾਬੀ ਫ਼ਿਲਮ ਦਰਸ਼ਕਾਂ 'ਤੇ ਅਮਿੱਟ ਪ੍ਰਭਾਵ ਛੱਡਦੀ ਹੈ। ਉਸ ਦਾ ਕਹਿਣਾ ਹੈ ਕਿ ਉਹ ਹਰ ਕਿਰਦਾਰ ਨੂੰ ਆਪਣੇ ਅੰਦਰ ਮਹਿਸੂਸ ਕਰਕੇ ਫ਼ਿਰ ਇਸ ਨੂੰ ਆਪਣੀ ਅਦਾਕਾਰੀ ਵਿੱਚ ਪੇਸ਼ ਕਰਦੀ ਹੈ। ਇਨ੍ਹਾਂ ਵਿੱਚ ਮਾਂ, ਚਾਚੀ, ਤਾਈਂ ਦੇ ਖੱਟੇ ਮਿੱਠੇ ਸੁਭਾਅ ਵਾਲੇ ਕਿਰਦਾਰਾਂ ਦੇ ਨਾਲ ਨਾਲ ਕਾਮੇਡੀ ਅਤੇ ਕੁਝ ਵੱਖਰੇ ਕਿਰਦਾਰ ਵੀ ਸ਼ਾਮਲ ਹਨ। ਇਹੀ ਕਾਰਨ ਹੈ ਕਿ ਉਸ ਨੂੰ ਪੰਜਾਬੀ ਸਿਨੇਮਾ ਦੀ ਬੇਬੇ ਵੀ ਕਿਹਾ ਜਾਣ ਲੱਗ ਪਿਆ ਹੈ।

ਅਨੀਤਾ ਦਾ ਜਨਮ ਅੰਮ੍ਰਿਤਸਰ ਵਿਖੇ ਹੋਇਆ ਸੀ, ਪਰ ਅੱਜ ਉਹ ਪੂਰੇ ਪੰਜਾਬੀਆਂ ਦੀ ਮਨਭਾਉਂਦੀ ਅਦਾਕਾਰਾ ਹੈ। ਉਸ ਨੂੰ ਸਕੂਲ ਦੀ ਪੜ੍ਹਾਈ ਦੌਰਾਨ ਹੀ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਚੰਗਾ ਲੱਗਦਾ ਸੀ, ਪਰ ਕਦੇ ਸੋਚਿਆ ਨਹੀਂ ਸੀ ਕਿ ਇਸ ਖੇਤਰ ਵਿੱਚ ਹੀ ਕਾਮਯਾਬੀ ਮਿਲੇਗੀ। ਜਦੋਂ ਉਹ ਆਪਣੀ ਐੱਲ.ਐੱਲ.ਬੀ. ਦੀ ਪੜ੍ਹਾਈ ਕਰ ਰਹੀ ਸੀ ਤਾਂ ਦੋਸਤਾਂ ਦੇ ਕਹਿਣ 'ਤੇ ਅਨੀਤਾ ਨੇ ਪਹਿਲੀ ਵਾਰ ਉਨ੍ਹਾਂ ਨਾਲ ਥੀਏਟਰ ਵਿੱਚ ਹਿੱਸਾ ਲਿਆ, ਜਿੱਥੇ ਉਸ ਦੀ ਅਦਾਕਾਰੀ ਨੂੰ ਪਸੰਦ ਕੀਤਾ ਗਿਆ। ਇਹ ਹੀ ਉਹ ਘੜੀ ਸੀ ਜਿਸ ਨੇ ਉਸ ਅੰਦਰ ਥੀਏਟਰ ਕਰਨ ਦੀ ਹੋਰ ਇੱਛਾ ਪੈਦਾ ਕਰ ਦਿੱਤੀ। ਥੀਏਟਰ ਵੱਲ ਹੋਏ ਝੁਕਾਅ ਨਾਲ ਉਸ ਨੇ ਐੱਲ.ਐੱਲ.ਬੀ. ਦੀ ਪੜ੍ਹਾਈ ਅੱਧ ਵਿਚਕਾਰ ਹੀ ਛੱਡ ਦਿੱਤੀ ਅਤੇ ਅਦਾਕਾਰੀ ਦਾ ਪੱਕਾ ਰਾਹ ਫ਼ੜ ਲਿਆ।

ਥੀਏਟਰ ਕਰਦਿਆਂ ਹੀ ਉਸ ਦੀ ਮੁਲਾਕਾਤ ਥੀਏਟਰ ਦੇ ਮਸ਼ਹੂਰ ਅਦਾਕਾਰ ਤੇ ਕਲਾਕਾਰ ਹਰਦੀਪ ਗਿੱਲ ਨਾਲ ਹੋਈ ਤੇ 1992 ਵਿੱਚ ਉਨ੍ਹਾਂ ਨੇ ਮਿਲ ਕੇ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ। ਹਰਦੀਪ ਗਿੱਲ ਹੁਣ ਉਸ ਦਾ ਹਮਸਫ਼ਰ ਹੈ। ਉਨ੍ਹਾਂ ਦੋਵਾਂ ਵੱਲੋਂ ਬਣਾਏ ਗਏ 'ਦਿ ਥੀਏਟਰ ਪਰਸਨਜ਼' ਗਰੁੱਪ ਵੱਲੋਂ ਅਨੇਕਾਂ ਨੁੱਕੜ ਨਾਟਕ ਤੇ ਸਟੇਜ ਪਲੇਅ ਕੀਤੇ ਗਏ। ਇਸ ਤੋਂ ਬਾਅਦ ਉਸ ਨੂੰ 'ਹਕੀਮ ਤਾਰਾ ਚੰਦ' (ਡੀ.ਡੀ. ਪੰਜਾਬੀ) ਨਾਂਅ ਦੇ ਲੜੀਵਾਰ ਨਾਲ ਟੀਵੀ 'ਤੇ ਆਉਣ ਦਾ ਮੌਕਾ ਮਿਲਿਆ। ਫ਼ਿਰ 'ਪੰਚਣੀ', 'ਲੋਰੀ' ਆਦਿ ਲੜੀਵਾਰਾਂ ਨਾਲ ਉਹ ਅੱਗੇ ਵਧਦੀ ਗਈ। ਅਨੀਤਾ ਦੇਵਗਨ ਦਾ ਕਹਿਣਾ ਹੈ ਕਿ ਜੇਕਰ ਆਪਾਂ ਕਿਸੇ ਚੰਗੇ ਰਾਹ ਤੁਰਦੇ ਹਾਂ ਤਾਂ ਸਾਨੂੰ ਕੁੱਝ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਸ ਨੇ ਸੋਚ ਲਿਆ ਸੀ ਕਿ ਹੁਣ ਜਦੋਂ ਇਸ ਰਾਹ 'ਤੇ ਤੁਰੀ ਹਾਂ ਤਾਂ ਇਸ ਵਿੱਚ ਹੀ ਕਾਮਯਾਬ ਹੋਣਾ ਹੈ।

ਟੀ.ਵੀ. 'ਤੇ ਉਸ ਦੀ ਅਦਾਕਾਰੀ ਨੇ ਉਸ ਲਈ ਫ਼ਿਲਮਾਂ ਦਾ ਰਾਹ ਵੀ ਖੋਲ੍ਹ ਦਿੱਤਾ। ਪੰਜਾਬੀ ਸਿਨੇਮਾ ਵਿੱਚ ਉਸ ਦੀ ਸ਼ੁਰੂਆਤ ਬੱਬੂ ਮਾਨ ਨਾਲ ਫ਼ਿਲਮ 'ਹਸ਼ਰ' ਤੋਂ ਹੋਈ ਜਿਸ ਵਿੱਚ ਉਸ ਵੱਲੋਂ ਨਿਭਾਏ ਚਾਚੀ ਦੇ ਕਿਰਦਾਰ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਲਵ ਪੰਜਾਬ', 'ਫ਼ੇਰ ਮਾਮਲਾ ਗੜਬੜ', 'ਪ੍ਰੋਪਰ ਪਟੋਲਾ', 'ਅੰਗਰੇਜ਼', 'ਬੰਬੂਕਾਟ', 'ਜੱਟ ਐਂਡ ਜੂਲੀਅਟ', 'ਜੱਟ ਐਂਡ ਜੂਲੀਅਟ 2', 'ਠੱਗ ਲਾਈਫ਼', 'ਕਪਤਾਨ', 'ਮੁੰਡਿਆਂ ਤੋਂ ਬਚ ਕੇ ਰਹਿਣਾ', 'ਨਿੱਕਾ ਜ਼ੈਲਦਾਰ', 'ਮੰਜੇ ਬਿਸਤਰੇ', 'ਰੱਬ ਦਾ ਰੇਡੀਓ', 'ਛੜਾ', 'ਮਿਸਟਰ ਐਂਡ ਮਿਸਿਜ਼ 420 ਰਿਟਰਨ', 'ਨੀਂ ਮੈਂ ਸੱਸ ਕੁੱਟਣੀ', 'ਕਲੀ ਜੋਟਾ' ਆਦਿ ਤੋਂ ਇਲਾਵਾ 'ਯਮਲਾ ਪਗਲਾ ਦੀਵਾਨਾ ਅਗੇਨ' (ਹਿੰਦੀ) ਫ਼ਿਲਮਾਂ ਵਿੱਚ ਮਾਂ ਅਤੇ ਸਹਾਇਕ ਭੂਮਿਕਾਵਾਂ ਨਿਭਾ ਕੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ।


ਉਸ ਦੀ ਬਕਾਮਲ ਅਦਾਕਾਰੀ ਨੇ ਉਸ ਨੂੰ ਕਈ ਮਾਣ-ਸਨਮਾਨ ਵੀ ਦਿਵਾਏ ਜਿਨ੍ਹਾਂ ਨਾਲ ਉਸ ਦੀ ਅਦਾਕਾਰੀ ਪ੍ਰਤੀ ਜ਼ਿੰਮੇਵਾਰੀ ਹੋਰ ਵੀ ਗਹਿਰੀ ਹੁੰਦੀ ਗਈ। ਅਨੀਤਾ ਦੇਵਗਨ ਦਾ ਪਿਛੋਕੜ ਗੈਰ ਫ਼ਿਲਮੀ ਹੈ, ਪਰ ਉਹ ਆਪਣਾ ਖ਼ੁਦ ਦਾ ਪ੍ਰੋਡਕਸ਼ਨ ਹਾਊਸ ਵੀ ਸਥਾਪਿਤ ਕਰਨ ਦੀ ਚਾਹਵਾਨ ਹੈ। ਅਦਾਕਾਰੀ ਨੂੰ ਇੱਕ ਵੱਖਰੇ ਮੁਕਾਮ 'ਤੇ ਪਹੁੰਚਾਉਣਾ ਹੀ ਉਸ ਦੀ ਸਫ਼ਲਤਾ ਦਾ ਰਾਜ਼ ਹੈ।

# ਹਿੰਸਾ ਲਈ ਉਕਸਾਉਂਦੇ ਪੰਜਾਬੀ ਗੀਤ




ਪੰਜਾਬੀਆਂ ਦੀ ਬਹਾਦਰੀ ਨੂੰ ਪੂਰੇ ਸੰਸਾਰ 'ਚ ਸਲਾਮਾਂ ਹੁੰਦੀਆਂ ਹਨ ਕਿਉਂਕਿ ਪੰਜਾਬੀ ਹਮੇਸ਼ਾ ਆਪਣੇ 'ਤੇ ਆਉਂਦੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਸਵੀਕਾਰਦੇ ਹਨ ਤੇ ਇਨ੍ਹਾਂ ਨਾਲ ਦੋ-ਚਾਰ ਹੁੰਦੇ ਹਨ। ਸੰਗੀਤ ਨੂੰ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ ਪਰ ਹੁਣ ਤਾਂ ਇਉਂ ਲੱਗ ਰਿਹੈ ਜਿਵੇਂ ਅਜੋਕੇ ਗਾਇਕਾਂ ਨੇ ਆਪਣੀ ਜ਼ਮੀਰ ਨੂੰ ਪੰਜਾਬੀਆਂ ਦੇ ਦੁਸ਼ਮਣਾਂ ਕੋਲ ਗਹਿਣੇ ਰੱਖ ਦਿੱਤਾ ਹੋਵੇ। ਅਜੋਕੇ ਗੀਤ ਤਾਂ ਨੌਜਵਾਨ ਪੀੜ੍ਹੀ ਨੂੰ ਕਿਤਾਬਾਂ ਚੁੱਕਣ ਦੀ ਬਜਾਇ ਹਥਿਆਰ ਚੁੱਕਣ ਨੂੰ ਤਰਜੀਹ ਦੇ ਰਹੇ ਹਨ। ਮਾਣਕ, ਯਮਲੇ ਦੀ ਤੂੰਬੀ ਦੀ ਜਗ੍ਹਾ ਗਾਇਕਾਂ ਨੇ ਹੱਥਾਂ ਵਿੱਚ ਹਥਿਆਰ ਚੁੱਕ ਲਏ ਹਨ। ਅਜੋਕੇ ਗਾਇਕਾਂ ਕੋਲ ਤਾਂ ਲੱਗਦੈ ਹਥਿਆਰਾਂ, ਨਸ਼ਿਆਂ ਤੋਂ ਬਗ਼ੈਰ ਕੁਝ ਰਹਿ ਹੀ ਨਹੀਂ ਗਿਆ ਤੇ ਗੀਤਾਂ ਵਿਚ ਸਿਰਫ਼ ਹਥਿਆਰਾਂ ਦਾ ਹੀ ਪ੍ਰਦਰਸ਼ਨ ਕੀਤਾ ਜਾਂਦੈ, ਜਿਸ ਦਾ ਸਿੱਧਾ ਅਸਰ ਨੌਜਵਾਨ ਪੀੜ੍ਹੀ 'ਤੇ ਪੈਂਦਾ।

ਦਿਲਜੀਤ ਦੁਸਾਂਝ ਨੇ ਗੀਤ ਗਾਇਆ 'ਜਿੱਥੇ ਹੁੰਦੀ ਏ ਪਾਬੰਦੀ ਹਥਿਆਰ ਦੀ, ਉੱਥੇ ਜੱਟ ਫਾਇਰ ਕਰਦਾ'। ਇਹ ਗੀਤ ਕੀ ਸੰਦੇਸ਼ ਦਿੰਦੈ ? ਮਨਕੀਰਤ ਔਲਖ ਨੇ ਗੀਤਾਂ 'ਚ ਪਿੰਡ ਨੂੰ ਗੈਂਗਲੈਂਡ ਬਣਾ ਦਿੱਤਾ। ਉਸ ਨੇ ਇਕ ਗੀਤ ਹੋਰ ਗਾਇਆ 'ਜੇਲ੍ਹਾਂ 'ਚੋਂ ਫੋਨ ਆਉਣਗੇ, ਪਰਖੀਂ ਨਾ ਪਹੁੰਚ ਜੱਟ ਦੀ'। ਇਨ੍ਹਾਂ ਗਾਇਕਾਂ ਨੇ ਗੀਤਾਂ 'ਚ ਜੱਟ ਦਾ ਅਕਸ ਹੀ ਵਿਗਾੜ ਕੇ ਰੱਖ ਦਿੱਤਾ ਹੈ। ਜੱਟ ਵਿਚਾਰਾਂ ਤਾਂ ਆਪਣੀ ਖੇਤੀ ਬਚਾਉਣ ਤੇ ਫਸਲਾਂ ਦਾ ਪੂਰਾ ਮੁੱਲ ਨਾ ਮਿਲਣ ਕਰਕੇ ਸੜਕਾਂ 'ਤੇ



ਹੈ ਪਰ ਅੰਮ੍ਰਿਤ ਮਾਨ ਆਪਣੇ ਗੀਤ 'ਚ ਜੱਟ



ਦਾ ਸ਼ੌਕ ਦੱਸ ਰਿਹਾ ਕਿ 'ਕਾਲਾ ਘੋੜਾ, ਚਿੱਟੇ ਚੀਨੇ ਤੇ ਰਫ਼ਲਾਂ ਕਾਲੀਆਂ-ਕਾਲੀਆਂ', ਨਿੰਜਾ ਕਹਿੰਦਾ 'ਚਿੱਟੇ ਕੁੜਤੇ-ਪਜਾਮੇ ਲੋਈਆਂ ਕਾਲੀਆਂ, ਮੋਢਿਆਂ ਨਾਲ ਲੱਗੀਆਂ ਦੋਨਾਲੀਆਂ।' ਦੱਸੋ ਭਲਾ ਹੁਣ ਜੱਟ ਆਪਣੀਆਂ ਫ਼ਸਲਾਂ ਸਾਂਭੇ ਜਾਂ ਫਿਰ ਰਫਲਾਂ ਰੱਖਣ ਦਾ ਸ਼ੌਕ ਪੂਰਾ ਕਰੇ। ਦਿਲਪ੍ਰੀਤ ਢਿੱਲੋਂ ਦਾ ਗੀਤ 'ਮੇਰੇ ਵਿਚ ਬੋਲੇ ਬਿੱਲੋ 32 ਬੋਰ ਦਾ', ਬੱਬੂ ਮਾਨ ਦਾ 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ' ਕਿਹੜੇ ਪੰਜਾਬੀ ਸੱਭਿਆਚਾਰ ਦੀਆਂ ਗੱਲ ਕਰ ਰਹੇ ਹਨ। ਸਿੱਧੂ ਮੂਸੇਵਾਲਾ ਦੇ ਹਰ ਗੀਤ 'ਚ ਹਥਿਆਰਾਂ ਨੂੰ ਦਿਖਾਇਆ ਗਿਆ, ਜਿਵੇਂ ਇਨ੍ਹਾਂ ਤੋਂ ਬਿਨਾਂ ਗੀਤ ਹਿੱਟ ਹੀ ਨਾ ਹੋਣਾ ਹੋਵੇ। ਮੇਰੇ ਵਰਗੇ ਬਹੁਤਿਆਂ ਨੂੰ ਤਾਂ ਹਥਿਆਰਾਂ ਦੇ ਨਾਂ ਵੀ ਨਹੀਂ ਪਤਾ, ਇਨ੍ਹਾਂ ਗੀਤਾਂ 'ਚ ਹਥਿਆਰਾਂ ਦੇ ਨਵੇਂ-ਨਵੇਂ ਨਾਂ ਸੁਣਨ ਨੂੰ ਮਿਲਦੇ ਨੇ। ਬੜੀ ਤ੍ਰਾਸਦੀ ਕਿ ਸਾਡੀ ਨੌਜਵਾਨ ਪੀੜ੍ਹੀ ਇਨ੍ਹਾਂ ਨੂੰ ਆਪਣਾ ਰੋਲ ਮਾਡਲ ਮੰਨ ਉਹੀ ਸਭ ਕੁਝ ਕਰ ਰਹੀ ਹੈ, ਜੋ ਕੁਝ ਇਨ੍ਹਾਂ ਗੀਤਾਂ 'ਚ ਦੇਖ ਰਹੀ ਹੈ। ਕੁੜੀਆਂ ਵੀ ਇਨ੍ਹਾਂ ਗਾਇਕਾਂ ਨੂੰ ਆਪਣਾ ਰੋਲ ਮਾਡਲ ਮੰਨ ਕੇ ਹੁਣ ਗੀਤਾਂ 'ਚ ਗੋਲ਼ੀਆਂ ਚਲਾਉਣ ਲੱਗੀਆਂ ਹਨ। ਹੋਰ ਵੀ ਬਹੁਤ ਸਾਰੇ ਅਜਿਹੇ ਗੀਤ ਹਨ, ਜਿਨ੍ਹਾਂ ਦਾ ਜਵਾਨੀ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੀ ਹੈ।

ਅਸਲ 'ਚ ਹਥਿਆਰਾਂ ਦੀ ਮਹਿਮਾ ਗਾਉਣ ਵਾਲੇ ਇਹ ਲੋਕ ਗਵੱਈਏ ਕਹਾਉਣ ਦੇ ਹੱਕਦਾਰ ਨਹੀਂ। ਇਹ ਸੰਗੀਤ ਮਾਫ਼ੀਆ ਹੈ। ਇਨ੍ਹਾਂ ਦਾ ਪੰਜਾਬ ਦੀ ਵਿਰਾਸਤ ਨਾਲ ਕੋਈ ਤਾਅਲੁਕ ਨਹੀਂ। ਜਦੋਂ ਇਹ ਗਾਣਿਆਂ 'ਚ ਹਥਿਆਰਾਂ ਦਾ ਜ਼ਿਕਰ ਕਰਦੇ ਨੇ, ਵੀਡੀਓ 'ਚ ਦਿਖਾਉਂਦੇ ਹਨ, ਸਟੇਜਾਂ 'ਤੇ ਹਥਿਆਰ ਨਾਲ ਲਿਜਾਂਦੇ ਹਨ ਤਾਂ ਉਦੋਂ ਕਿੰਨਾ ਗ਼ਲਤ ਲੱਗਦਾ ਉਦੋਂ। ਕਲਾਕਾਰ ਦਾ ਕੰਮ ਦੁਖੀ ਲੋਕਾਂ ਨੂੰ ਹਸਾਉਣਾ, ਸਮਝਾਉਣਾ ਤੇ ਪਰਚਾਉਣਾ ਹੁੰਦਾ। ਜੇ ਹੁਣ ਕਲਾਕਾਰ ਹੀ ਲੋਕਾਂ ਮੂਹਰੇ ਬੰਦੂਕਾਂ ਲੈ ਕੇ ਜਾਵੇਗਾ ਤਾਂ ਲੋਕ ਗਵੱਈਆ ਨਹੀਂ ਫੁਕਰਾ ਕਹਿਣਗੇ। ਪੰਡਿਤ ਰਾਓ ਧਰੇਨਵਰ ਨੇ ਕੁਝ ਸਮਾਂ ਪਹਿਲਾਂ ਹਥਿਆਰਾਂ ਨੂੰ ਉਤਸ਼ਾਹਿਤ ਕਰਦੀ ਗਾਇਕੀ ਖ਼ਿਲਾਫ਼ ਆਵਾਜ਼ ਉਠਾਉਂਦਿਆਂ ਮੁਹਿੰਮ ਵਿੱਢੀ ਸੀ। ਉਦੋਂ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੇ ਗਾਇਕਾਂ-ਗੀਤਕਾਰਾਂ, ਸੰਗੀਤਕ ਕੰਪਨੀਆਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਮੀਟਿੰਗਾਂ ਖ਼ਬਰਾਂ ਤਕ ਰਹੀਆਂ। ਜਦੋਂ ਬੰਦਾ ਇੱਕ ਵਾਰ ਗ਼ਲਤ ਰਾਹੇ ਪੈ ਜਾਵੇ, ਫਿਰ ਮੁੜਨਾ ਔਖਾ। ਹਥਿਆਰ ਚੁੱਕਣਾ ਤਾਂ ਸੌਖਾ ਪਰ ਰੱਖਣਾ ਬਹੁਤ ਔਖਾ। ਹਰ ਵੇਲੇ ਮੌਤ ਦਾ ਭੈਅ ਸਤਾਉਂਦਾਕਿ ਕੀ ਪਤਾ ਕਿਧਰੋਂ ਗੋਲ਼ੀ ਲੰਘ ਜਾਣੀ ਹੈ। ਨੌਜਵਾਨ ਪੀੜ੍ਹੀ ਨੂੰ ਚਾਹੀਦਾ ਕਿ ਇਹੋ ਜਿਹੇ ਰਾਹ 'ਤੇ ਬਿਲਕੁਲ ਤੁਰੇ ਹੀ ਨਾ, ਜਿੱਥੇ ਜੰਮਣ ਵਾਲਿਆਂ ਦੀ ਜਾਨ ਹਮੇਸ਼ਾ ਕੁੜਿੱਕੀ 'ਚ ਫਸੀ ਰਹੇ।




# ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਗਵਾਹਾਂ ਦੀ ਪੇਸ਼ੀ 7 ਫ਼ਰਵਰੀ ਨੂੰ



ਮਾਨਸਾ -ਮਰਹੂਮ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਪੇਸ਼ ਨਾ ਹੋਣ 'ਤੇ ਉਨ੍ਹਾਂ ਦੀ ਗਵਾਹੀ ਸ਼ੁੱਕਰਵਾਰ ਨੂੰ ਨਹੀਂ ਹੋ ਸਕੀ। ਜ਼ਿਲਾ ਅਤੇ ਸੈਸ਼ਨ ਜੱਜ ਮਾਨਸਾ ਦੀ ਅਦਾਲਤ ਨੇ ਉਨ੍ਹਾਂ ਦੀ ਅਗਲੀ ਪੇਸ਼ੀ ਗਵਾਹੀ ਵਾਸਤੇ 7 ਫਰਵਰੀ ਨੂੰ ਨਿਰਧਾਰਿਤ ਕੀਤੀ ਹੈ।ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਜ਼ਿਲਾ ਅਤੇ ਸੈਸ਼ਨ ਜੱਜ ਐੱਚ. ਐੱਸ. ਗਰੇਵਾਲ ਮਾਨਸਾ ਦੀ ਅਦਾਲਤ ਵਿਚ ਸਿੱਧੂ ਮੂਸੇਵਾਲਾ 'ਤੇ ਹਮਲੇ ਦੌਰਾਨ ਮੌਜੂਦ ਨੌਜਵਾਨਾਂ ਦੀ ਗਵਾਹੀ ਹੋਣ ਤੋਂ ਬਾਅਦ ਅਦਾਲਤ ਨੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਮਾਮਲੇ ਦੇ ਜਾਂਚ ਅਫਸਰ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ ਕਿ ਉਹ 7 ਫਰਵਰੀ ਨੂੰ ਅਦਾਲਤ ਵਿਚ ਪੇਸ਼ ਹੋਣ।ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਉਕਤ ਅਦਾਲਤ ਨੇ ਕੇਸ ਦੇ ਮੁਲਜ਼ਮਾਂ ਦੀ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ 17 ਜਨਵਰੀ ਨੂੰ ਰੱਖੀ ਹੈ।

## ਆਖ਼ਰੀ ਵਖ਼ਤ ਤੱਕ ਵੀ ਉਹ ਸੰਘਰਸ਼ੀ ਯੋਧਾ ਚੜ੍ਹਦੀਕਲਾ

ਉਹਨਾਂ ਦੀ ਸਿਹਤ ਦਿਨੋਂ ਦਿਨ ਡਿੱਗਦੀ ਗਈ ਅਤੇ ਇਸ ਦੇ ਬਾਵਜੂਦ ਉਹ ਖ਼ਾਲਿਸਤਾਨ ਦੀ ਜੱਦੋ-ਜਹਿਦ ਵਿੱਚ ਸ਼ਾਮਲ ਹੁੰਦੇ ਰਹੇ। ਅਖੀਰ ਉਹਨਾਂ ਦਾ ਸਰੀਰ ਪੂਰੀ ਤਰਾਂ ਜਵਾਬ ਦੇ ਗਿਆ। ਪਰ ਉਹਨਾਂ ਦੀਆਂ ਅੱਖਾਂ ਵਿੱਚ ਹਮੇਸ਼ਾ ਆਪਣੀ ਕੌਮ ਦੀ ਆਜ਼ਾਦੀ ਲੋਚਾ ਚਮਕਾਂ ਮਾਰਦੀ ਰਹੀ। ਉਨ੍ਹਾਂ ਦਾ ਸੁਪਨਾ ਸੀ ਕੇ ਮੈਂ ਮਰ ਕੇ ਫੇਰ ਜਨਮ ਲਵਾਂ ਅਤੇ ਕੌਮੀ ਸੰਘਰਸ਼ ਵਿੱਚ ਆਜ਼ਾਦੀ ਤੱਕ ਲੜਦਾ ਰਹਾਂ। ਇਸ ਸਾਰੇ ਸੰਘਰਸ਼ ਦੌਰਾਨ ਪੁਲਿਸ ਵੱਲੋਂ ਕੀਤੇ ਤਸ਼ੱਦਦ ਅਤੇ ਦਿਆਨੰਦ ਹਸਪਤਾਲ ਦੇ ਡਾਕਟਰਾਂ ਵਲੋਂ ਦਿੱਤੀਆਂ ਗਈਆਂ ਸਟੀਰਾਇਡ ਦਵਾਈਆਂ ਨਾਲ ਬਾਬਾ ਸੂਰਤ ਸਿੰਘ ਖ਼ਾਲਸਾ ਦਾ ਸਰੀਰ ਜ਼ਰਜ਼ਰ ਹੋ ਗਿਆ ਪਰ ਉਹ ਆਪਣੀ ਮਾਨਸਿਕ ਅਵਸਥਾ ਤੋਂ ਇੱਕ ਸਿੱਖ ਜੁਝਾਰੂ ਵਾਂਙ ਸਦਾ ਚੜ੍ਹਦੀਕਲਾ ਵਿੱਚ ਰਹੇ। ਅਖੀਰ ਇੱਕ ਯੋਧੇ ਨੇ ਲੜਦਿਆਂ ਲੜਦਿਆਂ ਇਸ ਸੰਸਾਰ ਤੋਂ ਰੁਖਸਤ ਹੋਣ ਦਾ ਨਿਸ਼ਚਾ ਕੀਤਾ ਹੋਇਆ ਸੀ।

ਅਮਰੀਕਾ ਆ ਕੇ ਉਹਨਾਂ ਨੂੰ ਇਹ ਅਹਿਸਾਸ ਹੋਇਆ ਕਿ ਨਜ਼ਰਬੰਦ ਸਿੱਖਾਂ ਦੀ ਰਿਹਾਈ ਖ਼ਾਲਿਸਤਾਨ ਦੇ ਆਜ਼ਾਦ ਹੋਣ ਤੱਕ ਨਹੀਂ ਹੋ ਸਕਦੀ ਇਸ ਲਈ ਉਹਨਾਂ ਨੇ ਬੁਲੰਦ ਆਵਾਜ਼ 'ਚ 'ਖ਼ਾਲਿਸਤਾਨ ਜ਼ਿੰਦਾਬਾਦ' ਦਾ ਐਲਾਨ ਕਰ ਦਿੱਤਾ। ਉਹਨਾਂ ਦਾ ਕਹਿਣਾ ਸੀ ਕਿ ਭਾਰਤ ਵਿੱਚ ਸਿੱਖ ਗੁਲਾਮ ਹਨ ਅਤੇ ਭਾਰਤੀ ਸਟੇਟ ਸਿੱਖ ਨਜ਼ਰਬੰਦਾਂ ਨੂੰ ਟੇਬਲ ਟਾਕ ਤੋਂ ਬਿਨਾ ਰਿਹਾ ਨਹੀਂ ਕਰੇਗੀ। ਹਾਲਾਂ ਕਿ ਉਹ ਆਪ ਇਹ ਗੱਲ ਮੰਨਦੇ ਸਨ ਕਿ 'ਭੁੱਖ ਹੜਤਾਲ' ਸਿੱਖ ਸਪਿਰਿਟ ਅਤੇ ਜਾਹੋ-ਜਹਾਲ ਦਾ ਹਿੱਸਾ ਨਹੀਂ ਹੋ ਸਕਦੀ ਪਰ ਉਹਨਾਂ ਨੇ ਇਹ ਗੱਲ ਵੀ ਕਹੀ ਕਿ ਉਮਰ ਅਤੇ ਸਾਧਨਾਂ ਦੇ ਹਿਸਾਬ ਜਿਹੜਾ ਕੁਝ ਉਹ ਕਰ ਸਕਦੇ ਸਨ ਉਹਨਾਂ ਨੇ ਉਸ ਨੂੰ ਬਾ-ਖ਼ੂਬ ਤਰੀਕੇ ਨਾਲ ਕੀਤਾ - "ਮੈਂ ਐਨਾ ਹੀ ਕਰ ਸਕਦਾ ਸੀ, ਕਬੂਲ ਕਰਿਓ!"

ਬਾਬਾ ਸੂਰਤ ਸਿੰਘ ਖ਼ਾਲਸਾ ਦੇ 10 ਸਾਲਾਂ ਤੱਕ ਚੱਲੇ ਲੰਮੇ ਸੰਘਰਸ਼ ਦਾ ਸਾਰ ਤੱਤ ਇਹੋ ਹੈ ਕਿ ਉਹਨਾਂ ਨੇ ਇਕੱਲਿਆਂ ਹੀ 'ਇਡੀਅਨ ਸਟੇਟ' ਅਤੇ ਪੰਜਾਬ ਦੀਆਂ 'ਬਾਦਲ', 'ਅਮਰਿੰਦਰ' ਅਤੇ 'ਭਗਵੰਤ ਮਾਨ' ਕਠਪੁਤਲੀ ਸਰਕਾਰਾਂ ਨੂੰ ਆਪਣੇ ਸੰਘਰਸ਼ ਨਾਲ ਹਰਾ ਕੇ ਇਹ ਦਰਸਾ ਦਿੱਤਾ ਕਿ ਹੁਣ ਅਮਨਮਈ ਸੰਘਰਸ਼ਾਂ ਦਾ ਵੇਲਾ ਖਤਮ ਹੋ ਚੁੱਕਾ ਹੈ। ਕੌਮ ਉਹਨਾਂ ਨੂੰ ਖ਼ਾਲਿਸਤਾਨ ਦੀ ਆਜ਼ਾਦੀ ਲਈ ਵੱਖ ਵੱਖ ਤਰੀਕੇ ਨਾਲ ਲੜੀਆਂ ਜੰਗਾਂ 'ਚ ਹਿੱਸਾ ਪਾਉਣ ਬਦਲੇ ਹਮੇਸ਼ਾਂ ਯਾਦ ਰੱਖੇਗੀ। ਸਿੱਖਾਂ ਦੀਆਂ ਅਗਲੀਆਂ ਪੀੜ੍ਹੀਆਂ ਉਹਨਾਂ ਦੀ ਵਿਚਾਰਧਾਰਕ ਪਹੁੰਚ ਤੋਂ ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਅਕਾਲ ਪੁਰਖ ਬਾਬਾ ਸੂਰਤ ਸਿੰਘ ਜੀ ਦਾ ਸੰਘਰਸ਼ ਲੇਖੇ ਲਾਉਣ।

****

## ਕਹਿਰ ਬਣੀ ਕੈਲੀਫ਼ੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ

ਇਹ ਚੰਗਿਆੜੀਆਂ ਰੇਲਵੇ ਪਟੜੀਆਂ ਦੇ ਪਹੀਆਂ ਅਤੇ ਜੰਗਲਾਂ ਵਿੱਚੋਂ ਲੰਘਣ ਵਾਲੀਆਂ ਰੇਲਗੱਡੀਆਂ ਵਿਚਕਾਰ ਰਗੜ ਕਾਰਨ ਪੈਦਾ ਹੋ ਸਕਦੀਆਂ ਹਨ। ਕਈ ਵਾਰ ਸੁੱਕੇ ਦਰਖ਼ਤਾਂ ਦੀਆਂ ਟਾਹਣੀਆਂ ਇੱਕ ਦੂਜੇ ਨਾਲ ਟਕਰਾ ਜਾਂਦੀਆਂ ਹਨ, ਜਿਸ ਨਾਲ ਚੰਗਿਆੜੀਆਂ ਪੈਦਾ ਹੁੰਦੀਆਂ ਹਨ ਅਤੇ ਜੰਗਲ ਦੀ ਭਿਆਨਕ ਅੱਗ ਲੱਗ ਜਾਂਦੀ ਹੈ। ਸੂਰਜ ਦੀਆਂ ਤੇਜ਼ ਕਿਰਨਾਂ ਵੀ ਅੱਗ ਫ਼ੈਲਾਉਣ ਵਿੱਚ ਯੋਗਦਾਨ ਪਾਉਂਦੀਆਂ ਹਨ।

ਜੰਗਲਾਂ ਦੀ ਅੱਗ ਲਈ ਆਮ ਤੌਰ 'ਤੇ ਮਨੁੱਖੀ ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ। ਕਈ ਵਾਰ ਜੋ ਲੋਕ ਜੰਗਲ ਵਿੱਚ ਸੈਰ ਕਰਨ, ਫ਼ੋਟੋਗ੍ਰਾਫ਼ੀ ਕਰਨ ਜਾਂ ਖੋਜ ਕਰਨ ਜਾਂਦੇ ਹਨ, ਉਹ ਕੈਂਪ ਫ਼ਾਇਰ, ਸੜਦੀਆਂ ਸਿਗਰਟਾਂ, ਜਾਨਵਰਾਂ ਨੂੰ ਭਜਾਉਣ ਵਾਲੇ ਪਟਾਕੇ ਜਾਂ ਮਾਚਿਸ ਦੀਆਂ ਤੀਲੀਆਂ ਨੂੰ ਇਸੇ ਤਰ੍ਹਾਂ ਸੁੱਟ ਦਿੰਦੇ ਹਨ। ਇਸ ਨਾਲ ਜੰਗਲ ਦੀ ਅੱਗ ਲੱਗਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਦੇ ਨਾਲ ਹੀ, ਇੱਕ ਵਾਰ ਜਦੋਂ ਜੰਗਲ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਉੱਥੇ ਵਗਦੀ ਖੁੱਲ੍ਹੀ ਹਵਾ ਇਸ ਨੂੰ ਹੋਰ ਵਧਾ ਦਿੰਦੀ ਹੈ। ਜੇਕਰ ਤੇਜ਼ ਹਵਾ ਚੱਲਦੀ ਹੈ ਤਾਂ ਅੱਗ ਜੰਗਲ ਨੂੰ ਬਹੁਤ ਜਲਦੀ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ।

ਕਈ ਵਾਰ ਜੰਗਲ ਦੀ ਅੱਗ ਲਈ ਜੰਗਲ ਵੀ ਜ਼ਿੰਮੇਵਾਰ ਹੁੰਦਾ ਹੈ। ਦਰਅਸਲ, ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ, ਤਾਂ ਰੁੱਖਾਂ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ। ਇਹ ਸੁੱਕੀਆਂ ਟਾਹਣੀਆਂ ਆਸਾਨੀ ਨਾਲ ਅੱਗ ਫ਼ੜ ਲੈਂਦੀਆਂ ਹਨ। ਢਲਾਣ ਵਾਲੇ ਜੰਗਲਾਂ ਵਿੱਚ ਅੱਗ ਤੇਜ਼ੀ ਨਾਲ ਫ਼ੈਲਦੀ ਹੈ। ਦਰਅਸਲ, ਅਜਿਹੇ ਜੰਗਲਾਂ ਵਿੱਚ, ਅੱਗ ਪਹਿਲਾਂ ਸੁੱਕੇ ਘਾਹ ਵਿੱਚ ਫ਼ੈਲਦੀ ਹੈ ਅਤੇ ਫ਼ਿਰ ਦਰਖ਼ਤਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ। ਜੇਕਰ ਜੰਗਲ ਵਿੱਚ ਬਹੁਤ ਸਾਰਾ ਸੁੱਕਾ ਬਾਲਣ ਹੋਵੇ, ਤਾਂ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੇਜ਼ੀ ਨਾਲ ਬਦਲਦਾ ਮੌਸਮ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਵਾਧੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਦਰਅਸਲ, ਘੱਟ ਬਾਰਿਸ਼, ਸੋਕੇ ਵਰਗੀਆਂ ਸਥਿਤੀਆਂ, ਬਹੁਤ ਜ਼ਿਆਦਾ ਗਰਮ ਹਵਾਵਾਂ ਅਤੇ ਬਹੁਤ ਜ਼ਿਆਦਾ ਗਰਮੀ ਜੰਗਲ ਦੀ ਅੱਗ ਲਈ ਜ਼ਿੰਮੇਵਾਰ ਹਨ। ਜਲਵਾਯੂ ਪਰਿਵਰਤਨ ਨਾਲ ਵੀ ਇਸੇ ਤਰ੍ਹਾਂ ਦੀਆਂ ਸਥਿਤੀਆਂ ਵਿਕਸਤ ਹੋ ਰਹੀਆਂ ਹਨ। ਕੁਦਰਤ ਦੇ ਵਧਦੇ ਸ਼ੋਸ਼ਣ ਕਾਰਨ ਵਾਤਾਵਰਣ ਦਾ ਸੰਤੁਲਨ ਵਿਗੜ ਗਿਆ ਹੈ। ਕੁਝ ਥਾਂਵਾਂ 'ਤੇ ਲੋੜ ਤੋਂ ਵੱਧ ਮੀਂਹ ਪੈ ਰਿਹਾ ਹੈ ਅਤੇ ਕੁਝ ਥਾਂਵਾਂ 'ਤੇ ਘੱਟ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਤਾਪਮਾਨ ਵੀ ਵਧ ਰਿਹਾ ਹੈ। ਇਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦਾ ਖ਼ਤਰਾ ਵੱਧ ਰਿਹਾ ਹੈ।

## ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ

ਨਹੀਂ ਹੁੰਦੀ, ਉਦੋਂ ਤੱਕ ਅਹਿਮ ਫ਼ੈਸਲੇ ਸ੍ਰੀ ਭੂੰਦੜ ਦੀ ਅਗਵਾਈ ਹੇਠਲੇ ਪਾਰਲੀਮਾਨੀ ਬੋਰਡ ਵੱਲੋਂ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ 20 ਜਨਵਰੀ ਤੋਂ 20 ਫਰਵਰੀ ਤੱਕ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ 25 ਲੱਖ ਮੈਂਬਰ ਬਣਾਏ ਜਾਣ ਦਾ ਟੀਚਾ ਮਿੱਥਿਆ ਗਿਆ ਹੈ। ਸਮੁੱਚੀ ਪ੍ਰਕਿਰਿਆ ਵਿੱਚ ਤਾਲਮੇਲ ਦੀ ਜ਼ਿੰਮੇਵਾਰੀ ਖ਼ੁਦ ਡਾ. ਚੀਮਾ ਨਿਭਾਉਣਗੇ। ਚੋਣ ਪ੍ਰਕਿਰਿਆ ਲਈ 13 ਸੀਨੀਅਰ ਆਗੂਆਂ ਨੂੰ ਵੱਖ-ਵੱਖ ਸੂਬਿਆਂ ਦੇ ਚੋਣ ਆਬਜ਼ਰਵਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਹਰੇਕ ਜ਼ਿਲ੍ਹੇ ਦੇ ਨਿਗਰਾਨ ਵੀ ਨਿਯੁਕਤ ਕੀਤੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਜੰਮੂ ਕਸ਼ਮੀਰ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਆਬਜ਼ਰਵਰ ਹੋਣਗੇ ਅਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਮੁੱਚੇ ਮਾਲਵਾ ਖ਼ਿੱਤੇ ਦੀ ਨਿਗਰਾਨੀ ਕਰਨਗੇ। ਰਾਜਸਥਾਨ ਵਿੱਚ ਭਰਤੀ ਮੁਹਿੰਮ ਦੇ ਆਬਜ਼ਰਵਰ ਮਨਪ੍ਰੀਤ ਸਿੰਘ ਇਯਾਲੀ, ਹਿਮਾਚਲ ਪ੍ਰਦੇਸ਼ ਦੇ ਸੰਤਾ ਸਿੰਘ ਉਮੈਦਪੁਰੀ, ਹਰਿਆਣਾ ਦੇ ਰਘੂਜੀਤ ਸਿੰਘ ਵਿਰਕ ਤੇ ਬਲਦੇਵ ਸਿੰਘ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੇ ਮਨਜੀਤ ਸਿੰਘ ਜੀਕੇ, ਮਾਲੇਰਕੋਟਲਾ ਦੇ ਇਕਬਾਲ ਸਿੰਘ ਝੂੰਦਾਂ ਅਤੇ ਦਿੱਲੀ ਦੇ ਪਰਮਜੀਤ ਸਿੰਘ ਸਰਨਾ ਆਬਜ਼ਰਵਰ ਹੋਣਗੇ। ਇਸੇ ਤਰ੍ਹਾਂ ਸਮੁੱਚੇ ਜ਼ਿਲ੍ਹਿਆਂ ਦੇ ਆਬਜ਼ਰਵਰ ਲਾਏ ਗਏ ਹਨ। ਡਾ. ਚੀਮਾ ਨੇ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਹੋਵੇਗੀ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਤੋਂ ਮਿਲੇ ਆਦੇਸ਼ਾਂ ਮੁਤਾਬਕ ਪਾਰਟੀ ਵੱਲੋਂ ਪਹਿਲੀ ਮਾਰਚ ਤੋਂ 30 ਅਪਰੈਲ ਤੱਕ ਸਵਾ ਲੱਖ ਬੂਟੇ ਲਗਾਏ ਜਾਣਗੇ। ਮੀਟਿੰਗ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਤੇ ਸਾਬਕਾ ਵਿਧਾਇਕ ਅਜੈਬ ਸਿੰਘ ਮੁਖਮੈਲਪੁਰ ਦੇ ਦੇਹਾਂਤ 'ਤੇ ਸ਼ੋਕ ਮਤੇ ਪਾਸ ਕੀਤੇ ਗਏ।

ਵਰਕਿੰਗ ਕਮੇਟੀ ਨੇ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਅਤੇ ਚੰਡੀਗੜ੍ਹ ਯੂਟੀ ਦੇ ਸਲਾਹਕਾਰ ਦਾ ਅਹੁਦਾ ਖ਼ਤਮ ਕੀਤੇ ਜਾਣ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ ਵਿੱਚ ਹੋਈ ਧਾਂਦਲੀ ਨੂੰ ਲੈ ਕੇ ਸਰਕਾਰ ਦੀ ਨਿੰਦਾ ਕੀਤੀ। ਇਸ ਤੋਂ ਇਲਾਵਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖ਼ਤਮ ਕਰਾਉਣ ਲਈ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਵੱਟੀ ਘੇਸਲ ਦੀ ਆਲੋਚਨਾ ਕੀਤੀ ਗਈ। ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਰੱਦ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ ਵੀ ਉੱਠੀ। ਪਿਛਲੇ ਅਰਸੇ ਦੌਰਾਨ ਵਾਪਰੇ ਘਟਨਾਕ੍ਰਮ 'ਤੇ ਨਜ਼ਰ ਮਾਰੀਏ ਤਾਂ ਸਾਲ 2015 ਵਿੱਚ ਹੋਈਆਂ ਬੇਅਦਬੀਆਂ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਨਾਲ ਅਕਾਲੀ ਦਲ ਦਾ ਮਿਆਰ ਡਿੱਗਣਾ ਸ਼ੁਰੂ ਹੋ ਗਿਆ ਸੀ। ਪਹਿਲਾਂ ਲਗਾਤਾਰ ਚੋਣਾਂ ਹਾਰਨ ਅਤੇ ਮਗਰੋਂ ਅਕਾਲੀ ਦਲ ਵਿੱਚ ਹੋਈ ਬਗਾਵਤ ਨੇ ਸੁਖਬੀਰ ਸਿੰਘ ਬਾਦਲ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤੇ ਜਾਣ ਮਗਰੋਂ ਸੁਖਬੀਰ ਸਿੰਘ ਬਾਦਲ ਨੂੰ ਅਸਤੀਫ਼ਾ ਦੇਣਾ ਪਿਆ ਸੀ।

ਬਾਗੀ ਅਕਾਲੀ ਆਗੂਆਂ ਦੇ ਸੰਦਰਭ ਵਿੱਚ ਡਾ. ਚੀਮਾ ਨੇ ਕਿਹਾ ਕਿ ਜਿਹੜੇ ਆਗੂ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ 'ਚੋਂ ਬਾਹਰ ਹਨ, ਉਹ ਅਨੁਸ਼ਾਸਨੀ ਕਮੇਟੀ ਕੋਲ ਪੇਸ਼ ਹੋ ਕੇ ਆਪਣਾ ਪੱਖ ਰੱਖਣ ਤਾਂ ਜੋ ਉਨ੍ਹਾਂ ਦੀ ਪਾਰਟੀ 'ਚ ਵਾਪਸੀ ਲਈ ਕੇਸਾਂ ਦੀ ਸੁਣਵਾਈ ਦਾ ਕੰਮ ਮੁਕੰਮਲ ਹੋ ਸਕੇ। ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਜਿਨ੍ਹਾਂ ਆਗੂਆਂ ਨੇ ਭਾਵੁਕ ਹੋ ਕੇ ਅਸਤੀਫ਼ੇ ਦਿੱਤੇ ਸਨ, ਪਾਰਟੀ ਨੇ ਉਨ੍ਹਾਂ ਦੇ ਅਸਤੀਫ਼ੇ ਰੱਦ ਕਰ ਦਿੱਤੇ ਸਨ।

****

## ਅਕਾਲੀ ਦਲ ਨੂੰ ਮਿਲੇ ਚੰਦੇ 'ਚ ਭਾਰੀ ਗਿਰਾਵਟ:

ਚੰਦੇ 'ਚ 89.1 ਫ਼ੀਸਦ ਦੀ ਗਿਰਾਵਟ ਆਈ ਹੈ। ਇਸੇ ਤਰ੍ਹਾਂ ਸਮਾਜਵਾਦੀ ਪਾਰਟੀ ਨੂੰ ਮਿਲੇ ਚੰਦੇ 'ਚ 99.1 ਫ਼ੀਸਦੀ ਗਿਰਾਵਟ ਦਰਜ ਹੋਈ ਹੈ। ਏ.ਡੀ.ਆਰ. ਨੇ ਕਿਹਾ ਕਿ ਅਧਿਐਨ ਕੀਤੀਆਂ ਗਈਆਂ 57 ਪਾਰਟੀਆਂ 'ਚੋਂ ਸਿਰਫ਼ 18 ਨੇ ਚੋਣ ਕਮਿਸ਼ਨ ਕੋਲ ਤੈਅ ਸਮੇਂ ਦੇ ਅੰਦਰ ਚੰਦੇ ਬਾਰੇ ਆਪਣੀਆਂ ਰਿਪੋਰਟਾਂ ਜਮਾਂ ਕਰਵਾਈਆਂ ਹਨ। 28 ਖੇਤਰੀ ਪਾਰਟੀਆਂ ਵੱਲੋਂ ਐਲਾਨੇ ਗਏ ਕੁੱਲ 2,119 ਚੰਦਿਆਂ ਦਾ ਅਧਿਐਨ ਕੀਤਾ ਗਿਆ ਜਿਸ ਦੀ ਕੁੱਲ ਰਕਮ 216.765 ਕਰੋੜ ਰੁਪਏ ਬਣਦੀ ਹੈ। ਜ਼ਿਕਰਯੋਗ ਹੈ ਕਿ 20 ਹਜ਼ਾਰ ਰੁਪਏ ਤੋਂ ਜ਼ਿਆਦਾ ਦਾ ਚੰਦਾ ਦੇਣ ਵਾਲੇ ਵਿਅਕਤੀਆਂ ਦੀ ਪਛਾਣ ਦੱਸਣੀ ਪੈਂਦੀ ਹੈ। ਏਡੀਆਰ ਮੁਤਾਬਕ ਝਾਰਖੰਡ ਮੁਕਤੀ ਮੋਰਚਾ, ਜਨਨਾਇਕ ਜਨਤਾ ਪਾਰਟੀ, ਤੇਲਗੂ ਦੇਸਮ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਨੂੰ ਚੰਦੇ ਰਾਹੀਂ ਵਧ ਪੈਸਾ ਮਿਲਿਆ ਹੈ। ਬੀਜੂ ਜਨਤਾ ਦਲ ਅਤੇ ਨੈਸ਼ਨਲ ਕਾਨਫਰੰਸ ਸਮੇਤ ਸੱਤ ਪਾਰਟੀਆਂ ਨੇ ਕਿਸੇ ਚੰਦੇ ਦਾ ਐਲਾਨ ਨਹੀਂ ਕੀਤਾ ਹੈ।

****

## ਕੀ ਕਹਿੰਦੇ ਨੇ ਕਾਨੂੰਨੀ ਮਾਹਿਰ

ਨਾਲ ਹੀ ਇੱਕ ਰਾਸ਼ਟਰਪਤੀ ਨੂੰ ਸਜ਼ਾ ਦੇਣਾ ਕਾਫ਼ੀ ਅਵਿਵਹਾਰਕ ਹੁੰਦਾ ਯਾਨੀ ਇਸ ਨਾਲ ਸੰਵਿਧਾਨਕ ਸੰਕਟ ਪੈਦਾ ਹੋ ਜਾਣਾ ਸੀ। ਡੇਵਿਡ ਨੇ ਕਿਹਾ ਕਿ ਜੇ ਟਰੰਪ ਚੋਣ ਹਾਰ ਗਏ ਹੁੰਦੇ ਤਾਂ ਸ਼ਾਇਦ ਜੱਜ ਜੁਆਨ ਉਨ੍ਹਾਂ ਖ਼ਿਲਾਫ਼ ਵਧੇਰੇ ਸਖ਼ਤ ਹੁੰਦੇ।

ਟਰੰਪ ਅਦਾਲਤ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨ ਲਈ ਸੁਤੰਤਰ ਹਨ। ਪਰ ਉਹ ਖ਼ੁਦ ਨੂੰ ਮੁਆਫ਼ੀ ਨਹੀਂ ਦੇ ਸਕਦੇ ਕਿਉਂਕਿ ਰਾਸ਼ਟਰਪਤੀ ਦੀਆਂ ਮੁਆਫ਼ ਕਰਨ ਦੀ ਸ਼ਕਤੀਆਂ ਫ਼ੈਡਰਲ ਅਪਰਾਧਾਂ 'ਤੇ ਲਾਗੂ ਹੁੰਦੀਆਂ ਹਨ, ਸੂਬਾਈ ਪੱਧਰ 'ਤੇ ਨਹੀਂ।

ਨਿਊਯਾਰਕ ਦਾ ਇਹ ਮੁਕੱਦਮਾ ਪੌਰਨ ਸਟਾਰ ਸਟੌਰਮੀ ਡੇਨੀਅਲਜ਼ ਨਾਲ ਜੁੜਿਆ ਹੈ, ਜਿਸ ਨੇ 2006 ਵਿੱਚ ਟਰੰਪ ਦੀ ਪਹਿਲੀ ਰਾਸ਼ਟਰਪਤੀ ਮੁਹਿੰਮ ਦੇ ਮੱਧ ਵਿੱਚ ਆਪਣੇ ਅਤੇ ਟਰੰਪ ਵਿਚਕਾਰ ਸਬੰਧਾਂ ਨੂੰ ਜਨਤਕ ਕਰਨ ਦੀ ਧਮਕੀ ਦਿੱਤੀ ਸੀ।

ਟਰੰਪ ਦੇ ਸਾਬਕਾ ਅਟਾਰਨੀ, ਮਾਈਕਲ ਕੋਹੇਨ ਨੇ ਡੇਨੀਅਲਜ਼ ਦਾ ਮੂੰਹ ਬੰਦ ਕਰਾਉਣ ਲਈ 130,000 ਡਾਲਰ ਦਿੱਤੇ ਸਨ।

ਟਰੰਪ ਨੇ ਕੋਹੇਨ ਨੂੰ ਪੈਸੇ ਮੋੜ ਦਿੱਤੇ ਸਨ, ਪਰ ਕੋਹੇਨ ਨੇ ਪਿਛਲੀ ਸਪਰਿੰਗ ਦੌਰਾਨ ਜੱਜਾਂ ਨੂੰ ਦੱਸਿਆ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਇਸ ਡੀਲ ਨੂੰ ਲੁਕਾਉਣ ਲਈ ਦਸਤਾਵੇਜ਼ਾਂ ਵਿੱਚ ਹੇਰਾਫੇਰੀ ਕੀਤੀ ਸੀ।

***

## ਕੋਲਾ, ਤੇਲ ਅਤੇ ਗੈਸ ਨੂੰ ਜਲਾਉਣ ਨਾਲ

ਇਸ ਰਿਕਾਰਡ ਤਾਪਮਾਨ ਵਿੱਚ ਸਭ ਤੋਂ ਵੱਡਾ ਯੋਗਦਾਨ ਫ਼ੌਸਿਲ ਫ਼ਿਊਲਾਂ ਦੀ ਸੜਨ ਹੈ, ਕਈ ਵਿਗਿਆਨੀ ਕਹਿੰਦੇ ਹਨ। ਇਸ ਦੇ ਨਾਲ ਹੀ ਇੱਕ ਅਸਥਾਈ ਐਲ ਨੀਨੋ ਤਾਪਮਾਨ ਵਾਧਾ ਅਤੇ 2022 ਵਿੱਚ ਇਕ ਜਹਾਜ਼ੀ ਜੁਲਿਆ ਉਲਟਣ ਵਾਲੀ ਜੁਲਾਨੀ ਉਪਭੋਗਤਾ ਕਾਰਨ ਵੀ ਸਥਿਤੀ ਵੱਧੀ ਹੈ।

ਚੇਤਾਵਨੀ ਵੱਲ ਧਿਆਨ ਦੇਣ ਦੀ ਲੋੜ

ਯੂਨੀਵਰਸਿਟੀ ਆਫ਼ ਜਾਰਜੀਆ ਦੇ ਮੌਸਮ ਵਿਗਿਆਨੀ ਪ੍ਰੋਫ਼ੈਸਰ ਮਾਰਸ਼ਲ ਸ਼ੀਪਰਡ ਨੇ ਕਿਹਾ ਕਿ ਇਹ ਇੱਕ ਚੇਤਾਵਨੀ ਵਜੋਂ ਹੈ ਜਿਸ ਨੂੰ ਤੁਰੰਤ ਧਿਆਨ ਦੀ ਲੋੜ ਹੈ। ਹਰਿਕੇਨ ਹੇਲੀਨ, ਸਪੇਨ ਵਿੱਚ ਮੀਂਹ ਅਤੇ ਕੈਲੀਫ਼ੋਰਨੀਆ ਵਿੱਚ ਜੰਗਲਾਂ ਦੀਆਂ ਅੱਗਾਂ ਇਹ ਦਰਸਾਉਂਦੀਆਂ ਹਨ ਕਿ ਅਸੀਂ ਇਸ ਗੰਭੀਰ ਮੌਸਮੀ ਬਦਲਾਵ ਵੱਲ ਜਾ ਰਹੇ ਹਾਂ।

ਵੁਡਵੈਲ ਕਲਾਈਮਟ ਰਿਸਰਚ ਸੈਂਟਰ ਦੀ ਵਿਗਿਆਨੀ ਜੈਨਿਫ਼ਰ ਫ਼੍ਰਾਂਸਿਸ ਨੇ ਕਿਹਾ ਕਿ ਮੌਸਮੀ ਬਦਲਾਅ ਨਾਲ ਜੁੜੀਆਂ ਚੇਤਾਵਨੀਆਂ ਲਗਾਤਾਰ ਆ ਰਹੀਆਂ ਹਨ ਅਤੇ ਲੋਕ ਇਸ ਦੇ ਵਾਧੇ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਪਰ ਇਸ ਵਾਰੀ ਇਹ ਅਲਾਰਮ ਹੋਰ ਵੀ ਜ਼ਿਆਦਾ ਤੇਜ਼ ਹੋ ਗਏ ਹਨ ਅਤੇ ਮੌਸਮੀ ਬਦਲਾਵ ਹੁਣ ਸਿਰਫ਼ ਤਾਪਮਾਨ ਤੱਕ ਸੀਮਿਤ ਨਹੀਂ ਰਹੇ।

ਦੁਨੀਆਂ ਭਰ ਵਿੱਚ 2024 ਵਿੱਚ ਮੌਸਮੀ ਸੰਕਟਾਂ ਕਾਰਨ /140 ਬਿਲੀਅਨ ਦਾ ਨੁਕਸਾਨ ਹੋਇਆ, ਜੋ ਰਿਕਾਰਡ ਵਿੱਚ ਤੀਜਾ ਸਭ ਤੋਂ ਵੱਡਾ ਨੁਕਸਾਨ ਸੀ। ਨਾਰਥ ਅਮਰਿਕਾ ਵਿੱਚ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਮਿਉਨਿਖ ਰੀ ਦੀ ਰਿਪੋਰਟ ਅਨੁਸਾਰ ਵਧੇਰੇ ਤਾਪਮਾਨ ਦੇ ਨਾਲ ਜ਼ਮੀਨੀ ਅਤੇ ਮਨੁੱਖੀ ਸਿਹਤ 'ਤੇ ਪ੍ਰਭਾਵ ਪੈਦਾ ਹੋ ਰਹੇ ਹਨ।

***

## 9/11 ਦੇ ਮਾਸਟਰਮਾਈਂਡ ਨਾਲ

ਮੰਨਿਆ ਜਾਣਾ ਚਾਹੀਦਾ। ਇਹ ਫ਼ੈਸਲਾ ਅਮਰੀਕੀ ਇਤਿਹਾਸ ਦੇ ਸਭ ਤੋਂ ਖ਼ਤਰਨਾਕ ਹਮਲਿਆਂ 'ਚੋਂ ਇੱਕ ਦੇ ਫ਼ੌਜੀ ਮਾਮਲੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਨੂੰ ਰੋਕਦਾ ਹੈ। ਅਲ-ਕਾਇਦਾ ਦੇ 11 ਸਤੰਬਰ 2001 ਦੇ ਹਮਲਿਆਂ 'ਚ ਮਾਰੇ ਗਏ ਲਗਪਗ 3000 ਲੋਕਾਂ 'ਚੋਂ ਕੁਝ ਦੇ ਪਰਿਵਾਰ ਦੇ ਮੈਂਬਰ ਇਸ ਸੁਣਵਾਈ ਨੂੰ ਲੈ ਕੇ ਕਿਊਬਾ ਦੇ ਗਵਾਂਤਾਨਾਮੋ ਬੇ 'ਚ ਅਮਰੀਕੀ ਜਲ ਸੈਨਿਕ ਅੱਡੇ 'ਤੇ ਇਕੱਠੇ ਹੋਏ ਸਨ।

***

## ਭਾਈ ਅੰਮ੍ਰਿਤਪਾਲ ਸਿੰਘ ਦਾ ਗੁਰਪ੍ਰੀਤ ਸਿੰਘ ਹਰੀਨੌਂ ਨਾਲ

ਪਹਿਲਾਂ ਹੀ ਮਾਮਲੇ 'ਚ ਯੂ.ਏ.ਪੀ.ਏ. ਦੀ ਧਾਰਾ ਵੀ ਲਗਾ ਦਿਤੀ ਹੈ।

ਇਸ ਮਾਮਲੇ ਸਬੰਧੀ ਐਸ.ਪੀ ਫ਼ਰੀਦਕੋਟ ਜਸਮੀਤ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਗੁਰਪ੍ਰੀਤ ਸਿੰਘ ਕਤਲ ਕਾਂਡ ਦੀ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਦੇ ਆਧਾਰ 'ਤੇ ਦੋਸ਼ੀ ਅੰਮ੍ਰਿਤਪਾਲ ਸਿੰਘ ਅਤੇ ਗੈਂਗਸਟਰ ਅਰਸ਼ ਡੱਲਾ ਸਮੇਤ ਹੋਰ ਦੋਸ਼ੀਆਂ 'ਤੇ ਯੂ.ਏ.ਪੀ.ਏ ਦੀ ਧਾਰਾ ਲਗਾਈ ਗਈ ਹੈ, ਜਿਸ ਬਾਰੇ ਨਿਯਮਾਂ ਅਨੁਸਾਰ ਅਦਾਲਤ ਨੂੰ ਵੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜੇ ਮਾਮਲੇ ਦੀ ਜਾਂਚ ਚੱਲ ਰਹੀ ਹੈ, ਇਸ ਲਈ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਐਸ.ਪੀ. ਫਰੀਦਕੋਟ ਨੇ ਦੱਸਿਆ ਹੈ ਕਿ ਕੇਸ ਨੰਬਰ 159 ਵਿੱਚ ਤੱਥਾਂ ਦੇ ਆਧਾਰ 'ਤੇ ਯੂ.ਏ.ਪੀ.ਏ. ਦਾ ਵਾਧਾ ਕੀਤਾ ਗਿਆ ਹੈ।

***

## ਕੈਨੇਡਾ ਦੇ ਪ੍ਰਧਾਨ ਮੰਤਰੀ ਸਮੇਤ ਵੱਖ-ਵੱਖ ਆਗੂ

ਉਨ੍ਹਾਂ ਕਿਹਾ ਕਿ ਕੈਨੇਡਾ ਨੂੰ 'ਵੇਖੋ ਤੇ ਉਡੀਕੋ' ਦੀ ਨੀਤੀ ਤਹਿਤ ਕਾਰਵਾਈ ਕਰਨੀ ਚਾਹੀਦੀ ਹੈ, ਪਰ ਅਮਰੀਕੀ ਰਾਸ਼ਟਰਪਤੀ ਦੀਆਂ ਧਮਕੀਆਂ ਤੋਂ ਡਰਨ ਦੀ ਲੋੜ ਨਹੀਂ। ਕੈਨੇਡਾ ਦੇ ਖੇਤੀ ਪ੍ਰਧਾਨ ਸੂਬੇ ਸਸਕੈਚਵਨ ਦੇ ਮੁੱਖ ਮੰਤਰੀ ਸਕਾਟ ਮੋ ਨੇ ਵੀ ਅਮਰੀਕਾ ਨੂੰ ਕੈਨੇਡਿਆਈ ਊਰਜਾ ਅਤੇ ਖੇਤੀਬਾੜੀ ਬਰਾਮਦ ਨੂੰ ਘਟਾਉਣ ਦੇ ਵਿਚਾਰ ਨੂੰ ਹਾਲ ਦੀ ਘੜੀ ਪਿੱਛੇ ਧੱਕਦਿਆਂ ਕਿਹਾ ਕਿ ਦੋਹਾਂ ਦੇਸ਼ਾਂ ਦੀ ਆਰਥਿਕਤਾ 'ਚ ਵੰਡੀਆਂ ਪਾਉਣ ਵਾਲਾ ਕੋਈ ਵੀ ਕਦਮ ਸੋਚ-ਸਮਝ ਕੇ ਪੁੱਟਣ ਦੀ ਲੋੜ ਹੈ। ਨੋਵਾ ਸਕੋਸ਼ੀਆ ਦੇ ਆਗੂ ਵੀ ਪੈਰ ਪਿੱਛੇ ਪੁੱਟ ਰਹੇ ਹਨ।

****

## ਯੂ.ਕੇ. ਦੇ 'ਗਰੂਮਿੰਗ ਗੈਂਗ' ਮੁੱਦੇ ਨੇ ਬ੍ਰਿਟਿਸ਼

ਅਪਰਾਧ ਨੂੰ ਅਪਰਾਧੀਆਂ ਦੀ ਜਾਤੀ ਨਾਲ ਜੋੜਨ ਦੇ ਦਾਅਵੇ ਤੱਥਹੀਣ ਹਨ। 50 ਖੋਜਕਰਤਾਵਾਂ ਦੁਆਰਾ ਦਸਤਖਤ ਕੀਤੇ ਇੱਕ ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਅਜਿਹੇ ਨਸਲੀ ਦਾਅਵੇ 'ਗਲਤ ਜਾਣਕਾਰੀ, ਨਸਲਵਾਦ ਅਤੇ ਵੰਡ ਨੂੰ ਹਵਾ ਦਿੰਦੇ ਹਨ'।

ਕੰਜ਼ਰਵੇਟਿਸ ਨੇ ਕੀ ਮੰਗ ਚੁੱਕੀ?

ਬ੍ਰਿਟੇਨ ਦੀ ਕੰਜ਼ਰਵੇਟਿਵ ਪਾਰਟੀ ਨੇ ਸਰਕਾਰ ਅੱਗੇ ਗਰੂਮਿੰਗ ਗੈਂਗਸ ਦੇ ਮਾਮਲੇ ਦੀ ਰਾਸ਼ਟਰੀ ਪੱਧਰ 'ਤੇ ਜਾਂਚ ਸ਼ੁਰੂ ਕਰਨ ਦੀ ਮੰਗ ਰੱਖੀ ਸੀ। ਬ੍ਰਿਟੇਨ ਦੀ ਕੰਜ਼ਰਵੇਟਿਵ ਪਾਰਟੀ ਨੇ ਬ੍ਰਿਟੇਨ 'ਚ ਸਰਕਾਰ ਅੱਗੇ ਗਰੂਮਿੰਗ ਗੈਂਗਸ ਦੇ ਮਾਮਲੇ ਦੀ ਰਾਸ਼ਟਰੀ ਪੱਧਰ 'ਤੇ ਜਾਂਚ ਸ਼ੁਰੂ ਕਰਨ ਦੀ ਮੰਗ ਰੱਖੀ ਸੀ। ਇਸ ਲਈ ਸੰਸਦ ਵਿੱਚ ਵੋਟਿੰਗ ਵੀ ਹੋਈ। ਇਸ ਦੌਰਾਨ ਜਾਂਚ ਮੁੜ ਸ਼ੁਰੂ ਕਰਨ ਦੇ ਹੱਕ ਵਿੱਚ 111 ਵੋਟਾਂ ਪਈਆਂ, ਜਦੋਂ ਕਿ ਇਸ ਦੇ ਵਿਰੋਧ ਵਿੱਚ 364 ਵੋਟਾਂ ਪਈਆਂ।

ਇਸ ਤੋਂ ਪਹਿਲਾਂ, ਕੰਜ਼ਰਵੇਟਿਵ ਆਗੂ ਕੇਮੀ ਬਡੇਨੋਚ ਨੇ ਦਲੀਲ ਦਿੱਤੀ ਸੀ ਕਿ ਸਰਕਾਰ ਜਾਂਚ ਤੋਂ ਇਨਕਾਰ ਕਰਕੇ ਮਾਮਲੇ ਨੂੰ 'ਦਬਾਉਣ' ਦੇ ਦੋਸ਼ਾਂ ਨੂੰ ਹਵਾ ਦੇ ਰਹੀ ਹੈ ਪਰ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਤਰਕ ਦਿੱਤਾ ਸੀ ਕਿ ਗਰੂਮਿੰਗ ਗੈਂਗ ਵੱਲੋਂ ਕੀਤੇ ਗਏ ਦੁਰ ਵਿਵਹਾਰ ਦੀ ਪਹਿਲਾਂ ਹੀ ਕਈ ਵਾਰ ਜਾਂਚ ਹੋ ਚੁੱਕੀ ਹੈ। ਜੇ ਇੱਕ ਵਾਰ ਫਿਰ ਜਾਂਚ ਸ਼ੁਰੂ ਕੀਤੀ ਜਾਂਦੀ ਹੈ ਤਾਂ ਇਸ ਨਾਲ ਕਾਰਵਾਈ ਵਿੱਚ ਦੇਰੀ ਹੋਵੇਗੀ।



## ਤੇਜ਼ੀ ਨਾਲ ਵਧ ਰਿਹੈ

ਇਹ ਮਹਾਂਮਾਰੀ ਹੁਣ ਹੇਠਲੇ ਪੱਧਰ 'ਤੇ ਵੀ ਬੜੀ ਤੇਜ਼ੀ ਨਾਲ ਫੈਲ ਰਹੀ ਹੈ। ਚਾਹੇ ਨੌਕਰੀ ਹੋਵੇ, ਰੁਜ਼ਗਾਰ ਜਾਂ ਕਾਰੋਬਾਰ ਹੋਵੇ ਜਾਂ ਫਿਰ ਕੋਈ ਸਧਾਰਨ ਕੰਮ ਹੋਵੇ, ਅਧਿਕਾਰੀ ਦੀ ਮੁੱਠੀ ਗਰਮ ਕਰਨ ਦਾ ਪ੍ਰਬੰਧ ਅਤੇ ਇੰਤਜ਼ਾਮ ਕਰਨਾ ਪੈਂਦਾ ਹੈ, ਜਿਸ ਦੇ ਬਿਨਾਂ ਜਾਂ ਤਾਂ ਤੁਹਾਡੀ ਫਾਈਲ ਲੰਬੇ ਸਮੇਂ ਤੱਕ ਇੱਧਰ ਤੋਂ ਉੱਧਰ ਚੱਕਰ ਕੱਟਦੀ ਰਹੇਗੀ ਜਾਂ ਕਿਤੇ ਗੁਆਚ ਜਾਵੇਗੀ, ਜਿਸ ਨੂੰ ਲੱਭਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੈ। ਇਸੇ ਨਾਲ ਜੁੜੀ ਸਮੱਸਿਆ ਪ੍ਰਦੂਸ਼ਣ ਦੀ ਹੈ ਜਿਸ ਦਾ ਜਨਮ ਭ੍ਰਿਸ਼ਟਾਚਾਰ 'ਚੋਂ ਹੀ ਹੋਇਆ ਹੈ। ਜਦੋਂ ਕਾਨੂੰਨ ਹੈ ਕਿ ਹਵਾ ਅਤੇ ਜਲ ਪ੍ਰਦੂਸ਼ਣ ਕਰਨ ਵਾਲੀਆਂ ਇਕਾਈਆਂ (ਯੂਨਿਟਾਂ) 'ਤੇ ਸਖ਼ਤ ਕਾਰਵਾਈ ਹੋਵੇਗੀ ਤਾਂ ਫਿਰ ਦਰਿਆਵਾਂ 'ਚ ਬਿਨਾਂ ਟਰੀਟਮੈਂਟ ਦੇ ਜ਼ਹਿਰੀਲੇ ਰਸਾਇਣ ਕਿਉਂ ਸੁੱਟੇ ਜਾਂਦੇ ਹਨ ? ਖੱਲ੍ਹੇ 'ਚ ਕੱਚਰਾ ਕਿਉਂ ਸਾੜਿਆ ਜਾਂਦਾ ਹੈ, ਜਿਸ ਨਾਲ ਸਾਹ ਲੈਣ 'ਚ ਦਿੱਕਤ ਆਉਂਦੀ ਹੈ। ਵਿਕਾਸ ਦੇ ਨਾਂਅ 'ਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਅਤੇ ਹਰਿਆਲੀ ਖ਼ਤਮ ਕਰਨ ਦੀ ਕੀ ਤੁਕ ਹੈ, ਇਹ ਸਮਝ ਤੋਂ ਦੂਰ ਹੈ। ਸਰਕਾਰ ਕੋਈ ਵੀ ਹੋਵੇ, ਜੰਗਲ ਰਾਜ ਸਥਾਪਿਤ ਕਰਨ 'ਚ ਪਿੱਛੇ ਨਹੀਂ ਹੈ। ਇਸ ਨਾਲ ਹੀ ਜੁੜਿਆ ਦੂਜਾ ਮਹੱਤਵਪੂਰਨ ਵਿਸ਼ਾ ਹੈ ਸੈਰ-ਸਪਾਟਾ ਸਹੂਲਤਾਂ ਦੇ ਵਿਕਾਸ ਦਾ। ਅਸੀਂ ਚਾਹੁੰਦੇ ਤਾਂ ਹਾਂ ਕਿ ਦੇਸ਼ 'ਚ ਵਿਦੇਸ਼ੀ ਸੈਲਾਨੀ ਆਉਣ, ਪਰ ਉਹ ਕਿਉਂ ਨਹੀਂ ਆਉਂਦੇ,ਇਸ ਦਾ ਸਭ ਤੋਂ ਵੱਡਾ ਕਾਰਨ ਦੇਸ਼ 'ਚ ਰਿਸ਼ਵਤਖੋਰੀ ਦਾ ਬੋਲਬਾਲਾ ਅਤੇ ਸ਼ੁੱਧ ਤੇ ਤਾਜ਼ਾ ਹਵਾ 'ਚ ਸਾਹ ਨਾ ਲੈ ਸਕਣਾ ਹੈ। ਸੰਨ 2036 'ਚ ਅਸੀਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨੀ ਹੈ ਅਤੇ ਉਦੋਂ ਦੀ ਤਿਆਰੀ ਹੁਣ ਤੋਂ ਹੀ ਕਰਨੀ ਪਵੇਗੀ, ਨਹੀਂ ਤਾਂ ਦੁਨੀਆ ਸਾਡੇ 'ਤੇ ਹੱਸੇਗੀ। ਇਸ ਲਈ ਇਸ ਵਾਰ ਦੇ ਬਜਟ 'ਚ ਨਵੀਆਂ ਨੀਤੀਆਂ ਬਣਾਉਣ ਤੋਂ ਪਹਿਲਾਂ ਜੋ ਵੀ ਪਿਛਲੇ ਸਮਿਆਂ 'ਚ ਗ਼ਲਤੀਆਂ ਹੋਈਆਂ ਹਨ, ਉਸ ਸੰਬੰਧੀ ਆਤਮ-ਮੰਥਨ ਕਰਨ ਦੀ ਜ਼ਰੂਰਤ ਹੈ ਅਤੇ ਭਵਿੱਖ 'ਚ ਅਜਿਹਾ ਕੁਝ ਨਾ ਹੋਵੇ, ਜਿਸ ਨੂੰ ਦੁਰਸਤ ਕਰਨ ਲਈ ਸਖ਼ਤ ਪ੍ਰਬੰਧ ਕਰਨੇ ਪੈਣ।

****

## ਬਿਖੜੇ ਰਾਹਾਂ 'ਤੇ ਕਦੋਂ ਤਕ

ਕਿਸਾਨ ਅੰਦੋਲਨ ਦੀਆਂ ਮੰਗਾਂ ਦੀ ਵੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੈ।

ਇਸ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸਮੇਂ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਪੰਜਾਬ ਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਅਤੇ ਪਹੁੰਚ ਬਹੁਤ ਕਮਜ਼ੋਰ ਹੋ ਚੁੱਕੀ ਹੈ। ਆਉਣ ਵਾਲੇ ਸਮੇਂ ਵਿੱਚ ਜੋ ਦੇਸ਼ ਦੀ ਰਾਜਨੀਤੀ ਦਾ ਰੁਝਾਨ ਚੱਲ ਰਿਹਾ ਹੈ, ਉਸ ਵਿੱਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਲਈ ਵੀ ਵੱਡੇ ਖ਼ਤਰੇ ਖੜ੍ਹੇ ਹੋਣ ਵਾਲੇ ਹਨ। ਦੇਸ਼ ਦੀ ਵੰਡ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਨੇ ਆਪਣਾ ਨੁਕਸਾਨ ਉਠਾ ਕੇ ਵੀ ਧਰਮ ਆਧਾਰਿਤ ਪਾਕਿਸਤਾਨ ਦਾ ਹਿੱਸਾ ਬਣਨ ਦੀ ਥਾਂ 'ਤੇ ਇਕ ਧਰਮ ਨਿਰਪੱਖ ਰਾਸ਼ਟਰ ਭਾਰਤ ਦਾ ਹਿੱਸਾ ਬਣਨ ਦਾ ਸਹੀ ਫ਼ੈਸਲਾ ਕੀਤਾ ਸੀ। ਪਰ ਅੱਜ ਜਦੋਂ ਕਿ ਇਸ ਦੇਸ਼ ਵਿੱਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਢਾਂਚੇ ਲਈ ਵੱਡੇ ਖ਼ਤਰੇ ਉੱਭਰ ਰਹੇ ਹਨ ਅਤੇ ਇਨ੍ਹਾਂ ਖ਼ਤਰਿਆਂ ਨੂੰ ਲੈ ਕੇ ਪੰਜਾਬ ਅਤੇ ਸਮੁੱਚੇ ਦੇਸ਼ ਵਿੱਚ ਹਮਖਿਆਲ ਰਾਜਨੀਤਕ ਤਾਕਤਾਂ ਨਾਲ ਮਿਲ ਕੇ ਵੱਡੀ ਲਾਮਬੰਦੀ ਕਰਨ ਦੀ ਜ਼ਰੂਰਤ ਹੈ, ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਕਮਜ਼ੋਰ ਹੋਣਾ ਨੁਕਸਾਨ ਵਾਲੀ ਗੱਲ ਹੈ।

ਦੁੱਖ ਵਾਲੀ ਗੱਲ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਪਿਛਲੇ ਲੰਮੇ ਸਮੇਂ ਤੋਂ ਇਨ੍ਹਾਂ ਕੌਮੀ ਮਸਲਿਆਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਚਿੰਤਾ ਪ੍ਰਗਟ ਕਰਦੀ ਹੋਈ ਵੀ ਘੱਟ ਹੀ ਨਜ਼ਰ ਆਈ ਹੈ।

ਇਸ ਸਾਰੇ ਘਟਨਾਕ੍ਰਮ ਦੇ ਸੰਦਰਭ ਵਿੱਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਪੰਥ ਤੇ ਪੰਜਾਬ ਦੇ ਹੱਕਾਂ, ਹਿਤਾਂ ਦੀ ਰਾਖੀ ਲਈ ਅਤੇ ਦੇਸ਼ ਵਿੱਚ ਜਮਹੂਰੀਅਤ, ਧਰਮ ਨਿਰਪੱਖਤਾ (ਸਰਬੱਤ ਦਾ ਭਲਾ) ਅਤੇ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਆਪਸੀ ਮਤਭੇਦ ਭੁਲਾ ਕੇ ਏਕਤਾ ਕਰਨੀ ਚਾਹੀਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਤੋਂ ਇਕ ਮਜ਼ਬੂਤ ਸੰਗਠਨ ਬਣਾ ਕੇ ਦੇਸ਼ ਦੀਆਂ ਅਜੋਕੀਆਂ ਧਾਰਮਿਕ ਅਤੇ ਰਾਜਨੀਤਕ ਚੁਣੌਤੀਆਂ ਦਾ ਦ੍ਰਿੜਤਾ ਤੇ ਦੂਰਅੰਦੇਸ਼ੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ।

***

## ਪੰਜਾਬ ਵਿੱਚ ਕਿਵੇਂ ਹੋਵੇ ਖੇਤੀ ਆਧਾਰਿਤ

ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਗਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫ਼ਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿੱਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ। ਅਸਲ ਵਿੱਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿੱਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ।

ਪੰਜਾਬ ਵਿੱਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੰਜਾਬ ਦੇ ਉਦਯੋਗੀਕਰਨ ਵਿੱਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿੱਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਨ੍ਹਾਂ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫ਼ਸਲਾਂ ਖ਼ਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ।

ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿੱਚ ਵਿਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿੱਚ ਵਾਧਾ ਹੋਵੇਗਾ ਉੱਥੇ ਖੇਤੀ ਵਿੱਚ ਵਿਭਿੰਨਤਾ ਆਵੇਗੀ ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

***

## ਕਦੇ ਵੀ ਟੁੱਟ ਸਕਦੈ ਭਾਰਤ-ਚੀਨ

ਖ਼ਾਸ ਕਰਕੇ ਸਰਹੱਦ 'ਤੇ ਅਮਨ ਤੇ ਸ਼ਾਂਤੀ ਦੇ ਮੁੱਦੇ 'ਤੇ ਜਿਸ ਤਰ੍ਹਾਂ ਦੀ ਸਹਿਮਤੀ ਬਣੀ ਸੀ, ਉਦੋਂ ਸ਼ਾਇਦ ਇਹ ਉਮੀਦ ਬੱਝੀ ਸੀ ਕਿ ਜਟਿਲ ਮਸਲਿਆਂ ਦੇ ਭਵਿੱਖੀ ਹੱਲ ਦਾ ਕੋਈ ਰਾਹ ਨਿਕਲ ਸਕਦਾ ਹੋਵੇ। ਪਰ ਰਸਮੀ ਵਾਰਤਾਵਾਂ ਦੇ ਚੱਲਦਿਆਂ ਜ਼ਮੀਨੀ ਪੱਧਰ 'ਤੇ ਚੀਨ ਵੱਲੋਂ ਅਜਿਹੀ ਕੋਈ ਨਾ ਕੋਈ ਗਤੀਵਿਧੀ ਸ਼ੁਰੂ ਹੋ ਜਾਂਦੀ ਹੈ ਜਿਸ ਤੋਂ ਉਸ ਦੇ ਇਰਾਦਿਆਂ ਦਾ ਪਤਾ ਚੱਲਦਾ ਹੈ।

ਖ਼ਾਸ ਤੌਰ 'ਤੇ ਸਰਹੱਦ 'ਤੇ ਪੈਰ ਪਸਾਰਨ ਨੂੰ ਚੀਨ ਇਸ ਹੱਦ ਤੱਕ ਸਰਗਰਮ ਦਿਸਦਾ ਹੈ ਕਿ ਉਹ ਵਿਸਥਾਰਵਾਦੀ ਨੀਤੀ ਤਹਿਤ ਕਿਸੇ ਵੀ ਦੇਸ਼ ਦੀ ਪ੍ਰਭੂਸੱਤਾ ਨਾਲ ਖਿਲਵਾੜ ਕਰ ਸਕਦਾ ਹੈ। ਸਵਾਲ ਹੈ ਕਿ ਜੇ ਚੀਨ ਭਾਰਤ ਨਾਲ ਆਪਣੇ ਸਬੰਧਾਂ ਨੂੰ ਸਹਿਜ ਬਣਾਉਣ ਤੇ ਜਟਿਲ ਮਸਲਿਆਂ ਦੇ ਹੱਲ ਲਈ ਸੰਵਾਦ ਸਥਾਪਤ ਕਰਨ ਦੀ ਪ੍ਰਕਿਰਿਆ ਵੱਲ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਦੀਆਂ ਗਤੀਵਿਧੀਆਂ ਇਸ ਦੇ ਉਲਟ ਕਿਉਂ ਦਿਸਦੀਆਂ ਹਨ ?

ਮੀਡੀਆ ਰਿਪੋਰਟਾਂ ਮੁਤਾਬਕ ਫ਼ੌਜ ਦੇ ਉੱਚ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਬਫ਼ਰ ਜ਼ੋਨ ਦੇ ਇਲਾਕਿਆਂ ਵਿੱਚ ਹੁਣ ਵੀ ਸਥਿਤੀ ਪਹਿਲਾਂ ਵਰਗੀ ਯਾਨੀ 2020 ਤੋਂ ਪਹਿਲਾਂ ਵਰਗੀ ਨਹੀਂ ਬਣ ਸਕੀ। ਇਸ ਦਾ ਇਸ਼ਾਰਾ ਵਿਦੇਸ਼ ਮੰਤਰੀ ਜੈਸ਼ੰਕਰ ਨੇ ਰਾਜ ਸਭਾ 'ਚ ਦਿੱਤੇ ਬਿਆਨ 'ਚ ਵੀ ਕੀਤਾ ਸੀ। ਖ਼ੈਰ ! ਭਾਰਤ-ਚੀਨ ਦੇ ਸਬੰਧਾਂ 'ਚ ਮੁੜ ਤਣਾਅ ਦੇ ਆਸਾਰ ਹਨ। ਚੀਨ ਦੀ ਬ੍ਰਹਮ ਪੁੱਤਰ ਦਰਿਆ 'ਤੇ ਡੈਮ ਬਣਾਉਣ ਦੀ ਯੋਜਨਾ ਤੇ ਪ੍ਰਸ਼ਾਸਕੀ ਕਾਉਂਟੀਆਂ ਸਥਾਪਤ ਕਰਨ ਦੇ ਫ਼ੈਸਲਿਆਂ ਨਾਲ ਦੋਵਾਂ ਦੇਸ਼ਾਂ ਵਿਚਾਲੇ ਮੁੜ ਤਣਾਅਪੂਰਨ ਸਬੰਧ ਬਣਨ ਦਾ ਖ਼ਦਸ਼ਾ ਵਧਿਆ ਹੈ।

****

## 'ਉੱਡਣਾ ਸਿੱਖ'

ਸਾਲ 1962 ਦੀਆਂ ਏਸ਼ੀਆਈ ਖੇਡਾਂ 'ਚ ਚਾਰ ਸੌ ਮੀਟਰ ਤੇ ਚਾਰ ਸੌ ਮੀਟਰ ਰਿਲੇਅ ਰੇਸ 'ਚ ਉਸ ਨੇ ਸੋਨ ਤਗ਼ਮੇ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ। ਸੰਨ 1964 ਦੀਆਂ ਕੌਮੀ ਖੇਡਾਂ 'ਚ ਵੀ ਉਹ ਚਾਂਦੀ ਦਾ ਤਗ਼ਮਾ ਹਾਸਿਲ ਕਰਨ 'ਚ ਸਫ਼ਲ ਰਿਹਾ ਸੀ।

ਲਗਪਗ 40 ਸਾਲ ਤੱਕ ਉਹ ਆਜ਼ਾਦ ਭਾਰਤ 'ਚੋਂ ਕਾਮਨਵੈਲਥ ਖੇਡਾਂ 'ਚ ਸੋਨ ਤਗ਼ਮਾ ਹਾਸਿਲ ਕਰਨ ਵਾਲਾ ਇਕਲੌਤਾ ਸ਼ਖ਼ਸ ਰਿਹਾ ਸੀ। 2014 'ਚ ਵਿਕਾਸ ਗੌੜਾ ਨੇ ਸੋਨ ਤਗ਼ਮਾ ਹਾਸਿਲ ਕਰਕੇ ਉਸ ਦੀ ਬਰਾਬਰੀ ਕੀਤੀ। ਸੰਨ 1960 ਦੀਆਂ ਉਲੰਪਿਕ ਖੇਡਾਂ 'ਚ ਮਿਲਖਾ ਸਿੰਘ ਬਹੁਤ ਹੀ ਫ਼ਸਵੇਂ ਮੁਕਾਬਲੇ 'ਚ ਚੌਥੇ ਨੰਬਰ ਦਾ ਜੇਤੂ ਰਿਹਾ ਸੀ ਜਦੋਂਕਿ ਪਹਿਲਾ ਸਥਾਨ ਹਾਸਿਲ ਕਰਨ ਵਾਲਾ ਓਟਿਸ ਡੇਵਿਸ ਜਰਮਨੀ ਦੇ ਕਾਰਲ ਕੌਫ਼ਮੈਨ ਤੋਂ ਇਕ ਸਕਿੰਟ ਦੇ ਸੌਵੇਂ ਹਿੱਸੇ 'ਚ ਜੇਤੂ ਹੋ ਨਿਬੜਿਆ ਸੀ। ਮਿਲਖਾ ਸਿੰਘ ਦੀ ਸ਼ਾਦੀ ਸੰਨ 1962 'ਚ ਵਾਲੀਬਾਲ ਚੈਂਪੀਅਨ ਨਿਰਮਲ ਕੌਰ ਨਾਲ ਹੋਈ ਤੇ ਉਨ੍ਹਾਂ ਦੇ ਘਰ ਤਿੰਨ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ ਸੀ। ਮਿਲਖਾ ਦਾ ਪੁੱਤਰ ਜੀਵ ਮਿਲਖਾ ਸਿੰਘ ਗੌਲਫ਼ ਦਾ ਸੰਸਾਰ ਪ੍ਰਸਿੱਧ ਖਿਡਾਰੀ ਹੈ। ਉਸਦੀ ਧਰਮ ਪਤਨੀ ਨਿਰਮਲ ਕੌਰ ਕਰੋਨਾ ਦਾ ਸ਼ਿਕਾਰ ਹੋ ਗਈ ਤੇ 13 ਜੂਨ 2021 ਨੂੰ ਇਸ ਜਹਾਨ ਤੋਂ ਚੱਲ ਵੱਸੀ। ਠੀਕ ਪੰਜ ਦਿਨ ਬਾਅਦ 18 ਜੂਨ, 2021 ਦੀ ਰਾਤ ਨੂੰ ਮਿਲਖਾ ਸਿੰਘ ਵੀ ਜਹਾਨ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ।

ਮਿਹਨਤ ਨਾਲ ਮਾਰੀਆਂ ਕਈ ਵੱਡੀਆਂ ਮੱਲਾਂ : ਸੰਨ 1958 'ਚ ਭਾਰਤੀ ਫ਼ੌਜ ਵੱਲੋਂ ਉਸਨੂੰ ਜੇਸੀਓ. ਬਣਾ ਦਿੱਤਾ ਗਿਆ ਤੇ ਨੌਕਰੀ ਉਪਰੰਤ ਉਸ ਨੂੰ ਪੰਜਾਬ ਸਰਕਾਰ ਨੇ ਖੇਡ ਨਿਰਦੇਸ਼ਕ ਦਾ ਅਹੁਦਾ ਦੇ ਕੇ ਨਿਵਾਜਿਆ ਜਿਥੋਂ ਉਹ 1998 'ਚ ਸੇਵਾਮੁਕਤ ਹੋਏ। 2013 'ਚ ਉਸ ਨੇ ਆਪਣੀ ਧੀ ਨਾਲ ਰਲ ਕੇ ਸਵੈ-ਜੀਵਨੀ 'ਦਿ ਰੇਸ ਆਫ਼ ਮਾਈ ਲਾਈਫ਼' ਲਿਖੀ ਜਿਸ ਨੂੰ ਆਧਾਰ ਬਣਾ ਕੇ ਬਾਲੀਵੁੱਡ ਦੇ ਫ਼ਿਲਮਕਾਰ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੇ ਫ਼ਰਹਾਨ ਅਖ਼ਤਰ ਨੂੰ ਲੈ ਕੇ ਫ਼ਿਲਮ 'ਭਾਗ ਮਿਲਖਾ ਭਾਗ' ਬਣਾਈ ਜੋ ਸਫ਼ਲਤਾ ਦੇ ਰਿਕਾਰਡ ਕਾਇਮ ਕਰਦੀ ਸੌ ਕਰੋੜ ਰੁਪਏ ਤੋਂ ਵੀ ਵੱਧ ਦੀ ਕਮਾਈ ਕਰਨ 'ਚ ਕਾਮਯਾਬ ਰਹੀ ਸੀ। ਇਸ ਫ਼ਿਲਮ ਨੂੰ 'ਸਭ ਤੋਂ ਲੋਕਪ੍ਰਿਅ ਫ਼ਿਲਮ' ਹੋਣ ਦਾ ਕੌਮੀ ਐਵਾਰਡ ਹਾਸਲ ਹੋਣ ਦੇ ਨਾਲ-ਨਾਲ ਆਈਆਈਐਫ਼ਏ. ਸੰਸਥਾ ਵੱਲੋਂ 2014 'ਚ ਪੰਜ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। ਮਸ਼ਹੂਰ 'ਮੈਡਮ ਤੁਸ਼ਾਦ ਮਿਊਜ਼ੀਅਮ' 'ਚ ਇੱਕ ਮੋਮ ਦਾ ਪੁਤਲਾ ਵੀ ਸਥਾਪਿਤ ਕੀਤਾ ਗਿਆ। 1958 'ਚ ਸਰਕਾਰ ਨੇ ਪਦਮ ਸ੍ਰੀ ਸਨਮਾਨ ਨਾਲ ਸਨਮਾਨਿਤ ਕੀਤਾ ਪਰ ਕੁਝ ਨਿੱਜੀ ਕਾਰਨਾਂ ਕਰਕੇ 2001 'ਚ ਦਿੱਤੇ 'ਅਰਜੁਨ ਐਵਾਰਡ' ਨੂੰ ਲੈਣ ਤੋਂ ਉਸ ਨੇ ਮਨ੍ਹਾ ਕਰ ਦਿੱਤਾ।

****

## ਸਿਆਸਤਦਾਨਾਂ ਦੇ ਰਿਟਾਇਰ ਹੋਣ ਦੀ

ਰਾਜਨੀਤੀ ਵਿੱਚ ਨੌਜਵਾਨ ਵਰਗ ਨੂੰ ਹੱਲਾਸ਼ੇਰੀ ਦਿੱਤੀ ਜਾਵੇ ਜੋ ਖ਼ੁਦ ਤੋਂ ਜ਼ਿਆਦਾ ਰਾਸ਼ਟਰ-ਸਮਾਜ ਦਾ ਹਿੱਤ ਸੋਚੇ।

ਸਾਡੇ ਸੁਤੰਤਰਤਾ ਸੈਨਾਨੀ ਅਤੇ ਆਜ਼ਾਦੀ ਤੋਂ ਬਾਅਦ ਦੇ ਸਿਆਸੀ ਮਾਹੌਲ 'ਤੇ ਨੇਤਾਵਾਂ ਦੀ ਜੋ ਅਗਲੀ ਪੀੜ੍ਹੀ ਚਮਕੀ, ਉਹ ਅਜਿਹੇ ਹੀ ਆਦਰਸ਼ਵਾਦ ਨਾਲ ਭਰਪੂਰ ਵਿਅਕਤੀਆਂ ਦੀ ਹੀ ਰਹੀ। ਉਹ ਰਾਸ਼ਟਰ-ਸਮਾਜ ਦੀ ਸੇਵਾ ਕਰਨੀ ਚਾਹੁੰਦੇ ਸਨ ਅਤੇ ਸਿਰਫ਼ ਇਸੇ ਪਹਿਲੂ ਕਾਰਨ ਉਨ੍ਹਾਂ ਨੂੰ ਆਪਣਾ ਅਹੁਦਾ ਤੇ ਕੁਰਸੀ ਪਿਆਰੀ ਸੀ।

ਅਫ਼ਸੋਸ ਦੀ ਗੱਲ ਹੈ ਕਿ ਉਹ ਪੀੜ੍ਹੀ ਤੇਜ਼ੀ ਨਾਲ ਲੋਪ ਹੋ ਰਹੀ ਹੈ ਅਤੇ ਇੱਧਰ ਕਰੋੜਾਂ ਲਤਾੜੇ ਹੋਏ ਲੋਕ ਭਾਰਤੀ ਸਿਆਸਤ ਦੀ ਦਿਸ਼ਾ ਵਿੱਚ ਬੁਨਿਆਦੀ ਬਦਲਾਅ ਵੱਲ ਟਿਕਟਿਕੀ ਲਗਾਈ ਬੈਠੇ ਹਨ ਤਾਂ ਜੋ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਆ ਸਕੇ। ਬਦਲਦੇ ਸਮੇਂ ਦੇ ਨਾਲ ਇਹ ਬਦਲਾਅ ਬੇਹੱਦ ਜ਼ਰੂਰੀ ਹੋ ਚੁੱਕਾ ਹੈ।

ਪਰ ਇਹ ਉਦੋਂ ਹੀ ਸੰਭਵ ਹੈ ਜਦ ਸਭ ਸਿਆਸੀ ਪਾਰਟੀਆਂ ਬੜੀ ਇਮਾਨਦਾਰੀ ਨਾਲ ਆਪਣੇ ਵਿੱਚ ਸੁਧਾਰ ਲਿਆਉਣ। ਜੇ ਉਹ ਪੁਰਾਣੇ ਢੱਰੇ 'ਤੇ ਹੀ ਚੱਲਦੀਆਂ ਰਹੀਆਂ ਤਾਂ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਬਹੁਤ ਜ਼ਿਆਦਾ ਨੁਕਸਾਨਦੇਹ ਰੁਝਾਨ ਹੋਵੇਗਾ। ਜਨਤਾ ਵੀ ਉਨ੍ਹਾਂ ਦੇ ਸਵਾਰਥਾਂ ਕਾਰਨ ਚੱਕੀ ਦੇ ਪੁੜਾਂ ਵਿੱਚ ਪਿਸਦੀ ਰਹੇਗੀ।

***

## ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਦੁਵੱਲੇ

ਤਾਲਿਬਾਨ 'ਚ ਪਸ਼ਤੂਨ ਵੀ ਹਨ, ਜੋ ਡੂਰੰਡ ਰੇਖਾ ਨੂੰ ਸਮਾਪਤ ਕਰ ਕੇ ਪਾਕਿਸਤਾਨ ਦੇ ਪਸ਼ਤੂਨ ਬਹੁਗਿਣਤੀ ਪ੍ਰਦੇਸ਼ ਖ਼ੈਬਰ ਪਖਤੂਨਖਵਾ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਬਣਦਾ ਦੇਖਣਾ ਚਾਹੁੰਦੇ ਹਨ। ਇਹ ਉਹੀ ਖੇਤਰ ਹਨ ਜੋ ਭਾਰਤ ਵੰਡ ਤੋਂ ਬਾਅਦ ਪਾਕਿਸਤਾਨ ਨੂੰ ਮਿਲਿਆ ਸੀ, ਪਰ ਅਫ਼ਗਾਨਿਸਤਾਨ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਨਵਾਂ ਰਾਸ਼ਟਰ ਬਣਨ 'ਤੇ ਪਿਛਲੀ ਸਰਕਾਰ ਵੱਲੋਂ ਕੀਤੀ ਗਈ ਸੰਧੀ ਸਮਾਪਤ ਹੋ ਜਾਂਦੀ ਹੈ। ਇਸ ਲਈ ਡੂਰੰਡ ਰੇਖਾ ਨੂੰ ਲੈ ਕੇ ਬ੍ਰਿਟਿਸ਼ ਭਾਰਤ ਤੇ ਅਫ਼ਗਾਨਿਸਤਾਨ ਦੇ ਵਿਚਾਲੇ ਹੋਈ ਸੰਧੀ ਪਾਕਿਸਤਾਨ ਬਣਨ 'ਤੇ ਸਮਾਪਤ ਹੋ ਚੁੱਕੀ ਹੈ। ਪਾਕਿਸਤਾਨ ਇਸ ਨੂੰ ਕਿਸੇ ਹਾਲਤ 'ਚ ਸਵੀਕਾਰ ਨਹੀਂ ਕਰ ਸਕਦਾ, ਕਿਉਂਕਿ ਅਜਿਹਾ ਕਰਨ 'ਤੇ ਉਸ ਨੂੰ ਖ਼ੈਬਰ ਪਖਤੂਨਖਵਾ ਤੋਂ ਹੱਥ ਧੋਣਾ ਪਵੇਗਾ। ਸਾਫ਼ ਹੈ ਕਿ ਤਾਲਿਬਾਨ ਰਾਹੀਂ ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨ ਦੀ ਚਾਲ ਪਾਕਿਸਤਾਨ 'ਤੇ ਉਲਟੀ ਪੈਂਦੀ ਜਾ ਰਹੀ ਹੈ।

ਪਸ਼ਤੂਨ ਰਾਸ਼ਟਰਵਾਦ ਦੇ ਉਭਾਰ ਵਾਲੇ ਦੌਰ 'ਚ ਪਾਕਿਸਤਾਨੀ ਫ਼ੌਜ ਤੋਂ ਇਕ ਹੋਰ ਵੱਡੀ ਭੁੱਲ ਹੋਈ ਤੇ ਉਹ ਇਹ ਕਿ ਪਸ਼ਤੂਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੱਤਾ ਤੋਂ ਲਾਂਭੇ ਕਰਨਾ ਤੇ ਉਨ੍ਹਾਂ ਦਾ ਲਗਾਤਾਰ ਸ਼ੋਸ਼ਣ ਕਰਨਾ। ਇਸ ਨਾਲ ਪਾਕਿਸਤਾਨ ਦੇ ਪਸ਼ਤੂਨ ਭਾਈਚਾਰੇ 'ਚ ਇਹ ਭਾਵਨਾ ਵਧੀ ਹੈ ਕਿ ਉਨ੍ਹਾਂ ਦੇ ਨਾਲ ਬੇਇਨਸਾਫ਼ੀ ਹੋ ਰਹੀ ਹੈ ਤੇ ਉਹ ਹੁਣ ਅਫ਼ਗਾਨਿਸਤਾਨ ਵੱਲ ਦੇਖਣ ਲੱਗੇ ਹਨ। ਇਹੀ ਕਾਰਨ ਹੈ ਕਿ ਟੀ.ਟੀ.ਪੀ. ਪਾਕਿਸਤਾਨੀ ਫ਼ੌਜ ਦੀਆਂ ਸਾਰੀਆਂ ਫ਼ੌਜੀ ਮੁਹਿੰਮਾਂ ਤੋਂ ਬਾਅਦ ਵੀ ਤਾਕਤਵਰ ਬਣਿਆ ਹੋਇਆ ਹੈ।

ਪਾਕਿਸਤਾਨ ਤੇ ਪਸ਼ਤੂਨਾਂ ਦੇ ਰਿਸ਼ਤੇ ਵੈਸੇ ਵੀ ਵਿਗੜਦੇ ਜਾ ਰਹੇ ਹਨ ਜਿਵੇਂ ਕਦੀ ਪਾਕਿਸਤਾਨ ਤੇ ਬੰਗਾਲੀ ਮੁਸਲਮਾਨਾਂ ਵਿਚਾਲੇ ਵਿਗੜੇ ਸਨ। ਪਸ਼ਤੂਨ ਬਹੁ ਗਿਣਤੀ ਖੇਤਰ 'ਚ ਪਸ਼ਤੂਨ ਤਹਿਫ਼ੁੱਜ ਵਰਗੇ ਅੰਦੋਲਨ ਵੀ ਜ਼ੋਰ ਫ਼ੜ ਰਹੇ ਹਨ, ਜੋ ਪਾਕਿਸਤਾਨ ਦੀਆਂ ਫ਼ੌਜੀ ਤੇ ਖ਼ੁਫ਼ੀਆ ਮੁਹਿੰਮਾਂ 'ਚ ਪਸ਼ਤੂਨਾਂ ਦੀਆਂ ਹੱਤਿਆਵਾਂ ਨੂੰ ਲੈ ਕੇ ਆਵਾਜ਼ ਉਠਾ ਰਹੇ ਹਨ।

****

## ਕੀ ਭਾਰਤ ਨੇ ਪਾਕਿਸਤਾਨ 'ਚ 'ਰਾਅ'

ਰਾਅ ਦੇ ਪਿਛਲੇ ਅਪਰੇਸ਼ਨ ਦ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿੱਚ ਆਏ ਤਾਜ਼ਾ ਦੋਸ਼ਾਂ ਤੋਂ ਅੱਠ ਮਹੀਨੇ ਪਹਿਲਾ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) 'ਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਅਤੇ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਸੀ। ਪੰਨੂ ਅਤੇ ਨਿੱਝਰ ਖ਼ਾਲਿਸਤਾਨੀ ਆਗੂ ਹਨ।

ਵਾਸ਼ਿੰਗਟਨ ਪੋਸਟ ਨੇ 29 ਅਪ੍ਰੈਲ 2024 ਨੂੰ ਦਾਅਵਾ ਕੀਤਾ ਸੀ ਕਿ ਵਿਕਰਮ ਯਾਦਵ ਨਾਮ ਦਾ ਇੱਕ ਰਾਅ ਅਧਿਕਾਰੀ ਦੋਵਾਂ ਸਾਜ਼ਿਸ਼ਾਂ ਵਿੱਚ ਸ਼ਾਮਲ ਸੀ। ਅਕਤੂਬਰ ਵਿੱਚ, ਵਿਕਰਮ ਯਾਦਵ ਉੱਤੇ ਅਮਰੀਕੀ ਨਿਆਂ ਵਿਭਾਗ ਨੇ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੇ ਸਬੰਧ ਵਿੱਚ ਕਿਰਾਏ ਦੇ ਲਈ ਕਤਲ ਅਤੇ ਮਨੀ ਲਾਂਡਰਿੰਗ ਦੇ ਦੋਸ਼ ਲਾਏ ਸਨ। ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਪੰਨੂ ਦੇ ਕਤਲ ਤੋਂ ਪਹਿਲਾਂ ਹੀ ਅਮਰੀਕੀ ਖ਼ੁਫ਼ੀਆ ਏਜੰਟਾਂ ਨੇ ਇਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ, ਜਿਸ ਤੋਂ ਬਾਅਦ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧ ਤਣਾਅਪੂਰਨ ਹੋ ਗਏ ਸਨ। ਸਤੰਬਰ 2023 ਵਿੱਚ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਨਿੱਝਰ ਦਾ ਵੈਨਕੂਵਰ ਨੇੜੇ ਸਰੀ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦੁਆਰਾ ਕਤਲ ਕੀਤਾ ਗਿਆ ਸੀ। ਜਾਂਚ ਕੈਨੇਡੀਅਨ ਖ਼ੁਫ਼ੀਆ ਏਜੰਸੀ ਨੂੰ ਸੌਂਪੀ ਗਈ ਸੀ। ਜਿਨ੍ਹਾਂ ਨੇ ਦੋਸ਼ਾਂ ਨੂੰ ਸਹੀ ਪਾਇਆ, ਉਹ ਖ਼ਾਲਿਸਤਾਨ ਪੱਖੀ ਨੇਤਾ ਸੀ। ਖ਼ਾਲਿਸਤਾਨ ਭਾਰਤ ਵਿੱਚ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਕਰ ਰਿਹਾ ਹੈ। ਭਾਰਤ ਨੇ ਨਿੱਝਰ ਨੂੰ ਖ਼ਾਲਿਸਤਾਨ ਟਾਈਗਰ ਫ਼ੋਰਸ ਦਾ ਮੁਖੀ ਦੱਸਿਆ ਸੀ। ਇਸ ਨੂੰ ਭਾਰਤ ਵਿੱਚ ਇੱਕ ਖਾੜਕੂ ਸੰਗਠਨ ਘੋਸ਼ਿਤ ਕੀਤਾ ਗਿਆ ਹੈ। ਹਾਲਾਂਕਿ, ਭਾਰਤ ਨੇ ਕੈਨੇਡਾ ਦੇ ਦੋਸ਼ਾਂ ਨੂੰ ਬੇਹੂਦਾ ਅਤੇ ਪ੍ਰੇਰਿਤ ਦੱਸਦਿਆਂ ਰੱਦ ਕਰ ਦਿੱਤਾ ਸੀ ਅਤੇ ਕਿਹਾ ਕਿ ਇਹ ਕੈਨੇਡਾ ਵੱਲੋਂ ਤੱਥਾਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਸੀ। ਕਿਉਂਕਿ ਕੈਨੇਡਾ ਖ਼ੁਦ ਉਨ੍ਹਾਂ ਲੋਕਾਂ ਨੂੰ ਪਨਾਹ ਦੇ ਰਿਹਾ ਹੈ ਜੋ ਭਾਰਤ ਦੀ ਪ੍ਰਭੂਸੱਤਾ ਲਈ ਖਤਰਾ ਸਨ।

ਪਾਕਿਸਤਾਨ ਦੀ ਉਡੀ ਨੀਂਦ,ਭਾਰਤ ਕੋਲ ਰੋਸ ਪ੍ਰਗਟਾਇਆ

ਪਾਕਿਸਤਾਨ ਨੇ ਦੋਸ਼ ਲਗਾਇਆ ਹੈ ਕਿ ਉਸ ਦੇ ਦੇਸ਼ ਦੇ ਅੰਦਰ ਖਾੜਕੂਆਂ ਦੀਆਂ ਹੱਤਿਆਵਾਂ ਪਿੱਛੇ ਭਾਰਤੀ ਖ਼ੁਫ਼ੀਆ ਏਜੰਸੀਆਂ ਦਾ ਹੱਥ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਬੀਤੇ ਦਿਨੀਂ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ 'ਤੇ ਚਿੰਤਾ ਪ੍ਰਗਟ ਕੀਤੀ। ਇਸਲਾਮਾਬਾਦ ਵਿੱਚ, ਪਾਕਿਸਤਾਨ ਦੀ ਮੁਮਤਾਜ਼ ਜ਼ੇਹਰਾ ਬਲੋਚ ਨੇ ਦੋਸ਼ ਲਗਾਇਆ ਕਿ ਭਾਰਤ ਦੀ ਹੱਤਿਆਵਾਂ ਅਤੇ ਅਗਵਾ ਕਰਨ ਦੀ ਮੁਹਿੰਮ ਪਾਕਿਸਤਾਨ ਤੋਂ ਬਾਹਰ ਤਕ ਫ਼ੈਲ ਗਈ ਹੈ।

ਪਾਕਿਸਤਾਨ ਦਾ ਇਹ ਤਾਜ਼ਾ ਬਿਆਨ ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਤੋਂ ਬਾਅਦ ਆਇਆ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਦੀ ਖ਼ੁਫ਼ੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ ਨੇ ਇੱਕ ਗੁਪਤ ਆਪ੍ਰੇਸ਼ਨ ਕੀਤਾ ਸੀ, ਜਿਸ ਤੋਂ ਬਾਅਦ ਪਾਕਿਸਤਾਨ ਵਿੱਚ ਕਈ ਖਾੜਕੂ ਮਾਰੇ ਗਏ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਹੋਰ ਦੇਸ਼ ਵਿੱਚ ਦਾਖਲ ਹੋ ਕੇ ਕੀਤੀਆਂ ਗਈਆਂ ਇਨ੍ਹਾਂ ਕਾਰਵਾਈਆਂ ਨੂੰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਮਰਥਨ ਪ੍ਰਾਪਤ ਹੈ।

ਸਭ ਤੋਂ ਹੈਰਾਨ ਕਰਨ ਵਾਲਾ ਕਤਲ ਸਰਫ਼ਰਾਜ਼ ਤੰਬਾ ਦਾ ਸੀ, ਜਿਸ ਨੂੰ ਅਪ੍ਰੈਲ 2023 ਵਿੱਚ ਲਾਹੌਰ ਸ਼ਹਿਰ ਦੇ ਅੰਦਰ ਮੋਟਰਸਾਈਕਲ ਸਵਾਰ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸਰਫ਼ਰਾਜ਼ 2011 ਵਿੱਚ ਇੱਕ ਭਾਰਤੀ ਖ਼ੁਫ਼ੀਆ ਅਧਿਕਾਰੀ ਦੇ ਕਤਲ ਵਿੱਚ ਸ਼ਾਮਲ ਸੀ। ਪਾਕਿਸਤਾਨੀ ਅਧਿਕਾਰੀਆਂ ਨੇ ਭਾਰਤ 'ਤੇ ਇਸ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਪਾਕਿਸਤਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਤੰਬਾ ਦੀ ਹੱਤਿਆ 2021 ਵਿੱਚ ਵਧਣ ਵਾਲੀਆਂ ਵਿਆਪਕ ਹੱਤਿਆਵਾਂ ਦੀ ਇੱਕ ਲੜੀ ਦਾ ਹਿੱਸਾ ਸੀ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਾਅ ਨੇ ਇਸ ਮਕਸਦ ਲਈ ਦੁਬਈ ਵਿੱਚ ਇੱਕ ਨੈੱਟਵਰਕ ਸਥਾਪਤ ਕੀਤਾ ਸੀ। ਪਾਕਿਸਤਾਨੀ ਅਤੇ ਪੱਛਮੀ ਅਧਿਕਾਰੀਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਦੁਬਈ ਤੋਂ ਰਾਅ ਏਜੰਟ ਪਾਕਿਸਤਾਨ ਵਿੱਚ ਸਥਾਨਕ ਅਪਰਾਧੀਆਂ ਜਾਂ ਅਫ਼ਗਾਨ ਲੜਾਕੂਆਂ ਨਾਲ ਸੰਪਰਕ ਕਰਦੇ ਹਨ ਅਤੇ ਉਨ੍ਹਾਂ ਨੂੰ ਟੀਚਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਦੈਨਿਕ ਟ੍ਰਿਬਿਊਨ ਪਾਕਿਸਤਾਨ ਦੇ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2012 ਵਿੱਚ, ਭਾਰਤ ਨੇ ਪਾਕਿਸਤਾਨ ਵਿੱਚ ਰਹਿ ਰਹੇ ਇੱਕ ਕਸ਼ਮੀਰੀ ਖਾੜਕੂ ਸਈਦ ਸਲਾਹੁਦੀਨ ਨੂੰ ਮਾਰਨ ਦੀ ਇੱਕ ਅਸਫ਼ਲ ਕੋਸ਼ਿਸ਼ ਕੀਤੀ ਸੀ।

****

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੀ

ਐਸ.ਡੀ.ਐਮ. ਧਰਮਕੋਟ, 23-ਮੋਗਾ ਦੀ ਐਸ.ਡੀ.ਐਮ. ਦਫ਼ਤਰ ਮੋਗਾ, 24-ਬੱਧਨੀਂ ਕਲਾਂ ਤੇ 25-ਨਿਹਾਲ ਸਿੰਘ ਵਾਲਾ ਦੀ ਐਸ.ਡੀ.ਐਮ. ਨਿਹਾਲ ਸਿੰਘ ਵਾਲਾ, 26-ਬਾਘਾਪੁਰਾਣਾ ਦੀ ਐਸ.ਡੀ.ਐਮ. ਬਾਘਾਪੁਰਾਣਾ, 27-ਘੱਲ ਕਲਾਂ ਦੀ ਰਿਵਾਇਜਿੰਗ ਅਥਾਰਟੀ ਐਸ.ਡੀ.ਐਮ. ਮੋਗਾ ਹੈ। ਸਬੰਧਤਾਂ ਵੱਲੋਂ ਇਹਨਾਂ ਦਫ਼ਤਰਾਂ ਵਿੱਚ ਦਰਖਾਸਤਾਂ ਦਿੱਤੀਆਂ ਜਾ ਸਕਦੀਆਂ ਹਨ।

ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਸਿਰਫ਼ ਉਨ੍ਹਾਂ ਬਿਨੈਕਾਰਾਂ ਪਾਸੋਂ ਹੀ ਫ਼ਾਰਮ ਪ੍ਰਾਪਤ ਕੀਤੇ ਜਾਣੇ ਹਨ, ਜੋ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ 3 ਤਹਿਤ ਫ਼ਾਰਮ ਨੰ ਅਨੁਸਾਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਉਹਨਾਂ ਇਸ ਕੰਮ ਵਿੱਚ ਲੱਗੇ ਸਟਾਫ਼ ਨੂੰ ਆਦੇਸ਼ ਦਿੱਤੇ ਕਿ ਫ਼ਾਰਮ ਨੰ ਇੱਕ ਪ੍ਰਾਪਤ ਕਰਨ ਸਮੇਂ ਇਸ ਵੱਲ ਖਾਸ ਧਿਆਨ ਦਿੱਤਾ ਜਾਵੇ ਕਿ ਵੋਟਰ ਦੀ ਉਮਰ 21 ਸਾਲ ਤੋਂ ਘੱਟ ਨਾ ਹੋਵੇ। ਵੋਟਰ ਸੂਚੀ ਦੀ ਤਿਆਰੀ ਲਈ ਲਗਾਏ ਗਏ ਕਰਮਚਾਰੀਆਂ ਨੂੰ ਸਪੱਸ਼ਟ ਹਦਾਇਤ ਕੀਤੀ ਕਿ ਬਿਨੈਕਾਰ ਪਾਸੋਂ ਫ਼ਾਰਮ ਨਿੱਜੀ ਤੌਰ 'ਤੇ ਹੀ ਪ੍ਰਾਪਤ ਕੀਤੇ ਜਾਣ, ਬੰਡਲਾਂ ਦੇ ਰੂਪ ਵਿੱਚ ਬਿਲਕੁੱਲ ਵੀ ਫ਼ਾਰਮ ਪ੍ਰਾਪਤ ਨਾ ਕਰਨ। ਫ਼ਾਰਮ ਨੰ 1 ਜ਼ਿਲ੍ਹਾ ਪ੍ਰਸ਼ਾਸ਼ਨ ਦੀ ਵੈਬ-ਸਾਈਟ 'ਤੇ ਉਪਲੱਬਧ ਕਰਵਾ ਦਿੱਤਾ ਗਿਆ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com